ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

5-11 ਅਪ੍ਰੈਲ 2023

ਸਾਲ 14ਵਾਂ - ਅੰਕ 15
email : info@sadelok.com
Ph. : 510-706-1300
Fax : 925-373-1300

## 'ਖਾਲਸਾਈ ਜਾਹੋ-ਜਲਾਲ' ਦੇ ਪ੍ਰਤੀਕ ਹੋਲੇ ਮਹੱਲੇ ਨੂੰ ਸਮਰਪਿਤ 25ਵਾਂ ਨਗਰ ਕੀਰਤਨ ਲਵਿੰਗਸਟਨ ਵਿਖੇ ਸਜਾਇਆ ਗਿਆ




(ਦੇਖੋ ਸਫ਼ਾ 30-33 'ਤੇ)

## ਹਾਈਕੋਰਟ ਨੇ ਅੰਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਦੀਆਂ ਦਲੀਲਾਂ 'ਤੇ ਪ੍ਰਗਟਾਈ ਨਰਾਜ਼ਗੀ ਕਿਹਾ- ਦੋਸ਼ੀ ਆਸਾਮ ਜੇਲ 'ਚ, ਐਨਐਸਏ ਲੱਗਿਆ ਹੋਇਆ ਹੈ, ਕਿਸ ਆਧਾਰ 'ਤੇ ਹੈਬੀਅਸ ਕਾਰਪਸ ਦਾਇਰ ਕੀਤਾ ਸੀ?



24

## ਮੇਰੇ 'ਤੇ ਲੱਗੇ ਸਾਰੇ ਦੋਸ਼ ਝੂਠੇ, ਮੈਂ ਸੱਚਾ: ਟਰੰਪ



22

## ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਅੰਗ: ਅਮਰੀਕਾ



14

## ਪੰਥ ਤੇਰੇ ਦੀਆਂ ਗੂੰਜਾਂ ਦਿਨੋ-ਦਿਨ ਪੈਂਦੀਆਂ ਰਹਿਣਗੀਆਂ

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ 12ਵੇਂ ਨਗਰ ਕੀਰਤਨ 'ਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ, ਪਹੁੰਚੀਆਂ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ



(ਦੇਖੋ ਸਫ਼ਾ 34-36 'ਤੇ)

# ਪੰਜਾਬ ਸਰਕਾਰ ਨਸ਼ਾ ਤਸਕਰਾਂ ਖਿਲਾਫ਼ ਕਾਰਵਾਈ ਜਾਰੀ ਰੱਖੇ : ਸੁਪਰੀਮ ਕੋਰਟ

## ਨਸ਼ਿਆਂ ਨਾਲ ਜਵਾਨੀ ਤਬਾਹ ਕਰਨ ਵਾਲਿਆਂ ਨੂੰ ਬਖਸ਼ਾਂਗੇ ਨਹੀਂ: ਭਗਵੰਤ ਮਾਨ

### ਮੁੱਖ ਮੰਤਰੀ ਵੱਲੋਂ ਸਿਆਸਤਦਾਨਾਂ, ਅਫਸਰਸ਼ਾਹੀ ਤੇ ਨਸ਼ਾ ਤਸਕਰਾਂ ਦੇ ਗੱਠਜੋੜ ਖਿਲਾਫ਼ ਕਾਰਵਾਈ ਦਾ ਭਰੋਸਾ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ 'ਤੇ ਪੰਜਾਬ ਸਰਕਾਰ ਸੂਬੇ 'ਚ ਨਸ਼ਿਆਂ ਦੇ ਕਾਰੋਬਾਰ ਨਾਲ ਸਬੰਧਤ ਰਿਪੋਰਟ 'ਚ ਨਾਮਜ਼ਦ ਵਿਅਕਤੀਆਂ ਖਿਲਾਫ ਛੇਤੀ ਹੀ ਕਾਰਵਾਈ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਬਰਬਾਦ ਕਰਨ ਵਾਲੇ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।



ਮੁੱਖ ਮੰਤਰੀ ਨੇ ਇਕ ਬਿਆਨ ਵਿੱਚ ਕਿਹਾ ਕਿ ਸੂਬੇ ਦੀਆਂ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੌਰਾਨ ਫੈਲੇ ਨਸ਼ਿਆਂ ਦੇ ਕਾਰੋਬਾਰ ਨੇ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਰਸੂਖਦਾਰ ਆਗੂਆਂ ਨੇ ਅਫਸਰਸ਼ਾਹੀ ਅਤੇ ਨਸ਼ਾ ਤਸਕਰਾਂ ਦੀ ਮਿਲੀਭੁਗਤ ਨਾਲ ਇਸ ਗੈਰ-ਕਾਨੂੰਨੀ ਧੰਦੇ ਦੀ ਪੁਸ਼ਤਪਨਾਹੀ ਕੀਤੀ ਤਾਂ ਜੋ ਗੈਰ-ਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕੀਤਾ ਜਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਸ ਘਿਣਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਸਲਾਖਾਂ ਪਿੱਛੇ ਡੱਕਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ ਦੀ ਜਾਂਚ ਰਿਪੋਰਟ

(ਦੇਖੋ ਸਫ਼ਾ 18 'ਤੇ)

## ਅਮਰੀਕੀ ਸੰਸਦ 'ਚ 14 ਅਪ੍ਰੈਲ ਨੂੰ ਰਾਸ਼ਟਰੀ ਸਿੱਖ ਦਿਵਸ "National Sikh Day" ਵਜੋਂ ਮਨਾਉਣ ਦਾ ਪ੍ਰਸਤਾਵ



ਵਾਸ਼ਿਗਟਨ/ ਅਮਰੀਕਾ : ਅਮਰੀਕਾ ਦੇ ਸੰਸਦ ਮੈਂਬਰਾਂ ਨੇ 14 ਅਪ੍ਰੈਲ ਨੂੰ ਰਾਸ਼ਟਰੀ ਸਿੱਖ ਦਿਵਸ ਵਜੋਂ ਮਨਾਉਣ ਲਈ ਸੰਸਦ ਦੇ ਹੇਠਲੇ ਸਦਨ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ (ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼) ਵਿੱਚ ਇੱਕ ਪ੍ਰਸਤਾਵ ਪੇਸ਼ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਮਜ਼ਬੂਤ ਕਰਨ ਅਤੇ ਪ੍ਰੇਰਿਤ ਕਰਨ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਸੰਸਦ ਮੈਂਬਰਾਂ ਨੇ ਮਤਾ ਪੇਸ਼ ਕੀਤਾ ਹੈ।

**ਸਿੱਖ ਕਾਕਸ ਕਮੇਟੀ ਵਲੋਂ ਅਮਰੀਕੀ ਸੰਸਦ ਦਾ ਧੰਨਵਾਦ**

ਪ੍ਰਸਤਾਵ ਵਿੱਚ ਲਿਖਿਆ ਗਿਆ ਹੈ ਕਿ ਸਿੱਖ 14 ਅਪ੍ਰੈਲ ਨੂੰ ਖਾਲਸਾ ਦਿਵਸ ਵਿਸਾਖੀ ਵਜੋਂ ਪੂਰੀ ਦੁਨੀਆ 'ਚ ਮਨਾਉਂਦੇ ਹਨ। 1699 ਵਿਚ ਸਾਜੇ ਗਏ ਖ਼ਾਲਸਾ ਪੰਥ ਨੂੰ ਬਦੀ ਖਿਲਾਫ ਨੇਕੀ ਦੀ ਲੜਾਈ ਦੀ ਗਵਾਹੀ ਭਰਦਾ ਹੈ

ਵਿਸਾਖੀ ਦਾ ਸਾਜਨਾ ਦਿਵਸ ਪਵਿੱਤਰ ਤਿਉਹਾਰ ਇਤਿਹਾਸ ਅਤੇ ਸਿੱਖਾਂ ਦੀ ਪਛਾਣ ਨੂੰ ਕਾਇਮ ਰੱਖਣ ਵਿੱਚ ਅਹਿਮ ਰੋਲ ਅਦਾ ਕਰਦਾ ਹੈ।

U.S Congresswoman Mary Gay Scanlon Rep. David Valadao United States Representative for California's 22nd District Rep. Brian Fitzpatrick United States Representative for Pennsylvania's 1st District Rep. Zoe Lofgren Congresswoman Zoe Lofgren United States Representative for California's 18th District ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਸਿੱਖ ਭਾਈਚਾਰਾ ਅਮਰੀਕਾ ਦੇ ਸਿਧਾਂਤਾਂ ਵਾਂਗ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮਾਂ

(ਦੇਖੋ ਸਫ਼ਾ 24 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
USA Immigration
Citizenship
Green Card
Deportation Defense
PoliticalAsylum
Detentaion Cases
Artists
Singers P3 Visas
Priest R1 Visas
Investors EB 5 Visas
L1 Business Visas
Family Law
Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify,1-9 and Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਵਿਸਾਖੀ ਨੂੰ ਮੁੱਖ ਰੱਖਕੇ ਪੀਸੀਏ ਵੱਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਵਿਸ਼ੇਸ਼ ਦੀਵਾਨ ਸਜਾਏ

## ਭਾਈ ਸਰਬਜੀਤ ਸਿੰਘ ਧੂੰਦਾ ਨੇ ਉਚੇਚੀ ਹਾਜ਼ਰੀ ਭਰੀ



ਫਰਿਜ਼ਨੋਂ (ਕੈਲੇਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਮੂਹ ਮੈਂਬਰ ਜਿਹੜੇ ਕਿ ਸਮੇ ਸਮੇ ਸਿਰ ਉਸਾਰੂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਪ੍ਰੋਗਰਾਮ ਕਰਵਾਉਣ ਕਰਕੇ ਸਦਾ ਚਰਚਾ ਵਿੱਚ ਰਹਿੰਦੇ ਹਨ, ਵੱਲੋਂ ਵਿਸਾਖੀ ਦੇ ਮੌਕੇ ਨੂੰ ਮੁਖ ਰੱਖਕੇ ਖ਼ਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਦੀਵਾਨ ਸਥਾਨਿਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸਜਾਏ ਗਏ। ਇਹਨਾਂ ਚਾਰ ਰੋਜ਼ਾ ਦੀਵਾਨਾ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ ਅਤੇ ਇਹਨਾਂ ਦੀਵਾਨਾ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾ ਨੂੰ ਸਿੱਖੀ ਨਾਲ ਜੋੜਨਾ ਹੈ। ਇਹਨਾਂ ਦੀਵਾਨਾਂ ਵਿੱਚ ਸੰਗਤਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਭਾਈ ਸਰਬਜੀਤ ਸਿੰਘ ਧੂੰਦਾ ਕੋਲੋ ਸਰਵਣ ਕੀਤੀ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਸੰਗਤ ਨੂੰ ਵਹਿਮਾਂ ਭਰਮਾ ਦਾ ਪੱਲ੍ਹਾ ਛੱਡਕੇ ਗੁਰੂ ਗ੍ਰੰਥ ਸਹਿਬ ਦੇ ਲੜ ਲੱਗਣ ਦੀ ਬੇਨਤੀ ਕੀਤੀ। ਉਹਨਾਂ ਕਿਹਾ ਸਿੱਖ ਦਾ ਮਤਬਲ ਹੈ ਸਾਰਾ ਜੀਵਨ ਸਿੱਖਿਆ ਲੈਣੀ, ਪਰ ਅੱਜ ਅਸੀਂ ਸਿੱਖਣ ਦੀ ਬਜਾਏ ਆਪਣੇ ਵਿਚਾਰ ਦੂਸਰਿਆਂ ਉੱਪਰ ਥੋਪਣ ਨੂੰ ਸਿੱਖੀ ਸਮਝੀ ਬੈਠੇ ਹਾਂ। ਉਹਨਾਂ ਕਿਹਾ ਕਿ ਜੋ ਸ੍ਰੀ ਅਕਾਲ ਤਹਿਤ ਸਹਿਬ ਦੀ ਮਰਿਆਦਾ, ਉਸਨੂੰ ਮੰਨਦਾ ਕੌਣ ਹੈ..? ਉਹਨਾਂ ਨੇ ਕਿਹਾ ਕਿ ਜਦੋਂ ਸਿੱਖ ਬੱਚੇ ਬੱਚੀਆਂ ਗੁਰੂ ਗ੍ਰੰਥ ਸਹਿਬ ਦਾ ਸਹਿਜ ਪਾਠ ਆਪ ਕਰਨ ਲੱਗ ਪੈਣਗੇ 'ਤਾਂ ਵਹਿਮਾਂ ਭਰਮਾਂ ਦਾ ਆਪਣੇ ਆਪ ਨਾਸ ਹੋ ਜਾਵੇਗਾ। ਉਹਨਾਂ ਰਾਂਚੀ ਵਿੱਚ ਸਿੰਧੀ ਪਰਿਵਾਰਾਂ ਕੋਲੋ ਗੁਰੂ ਗ੍ਰੰਥ ਸਹਿਬ ਖੋਹਣ ਵਾਲ??ਆ ਨੂੰ ਬੇਨਤੀ ਕੀਤੀ ਕਿ ਇਹ ਸਭ ਕੁਝ ਕਰਕੇ ਤੁਸੀਂ ਸੰਗਤ ਨੂੰ ਸਿੱਖੀ ਤੋ ਦੂਰ ਕਰ ਰਹੇ ਹੋ। ਉਹਨਾਂ ਕਿਹਾ ਕਿ ਸਾਨੂੰ ਦੇਹਧਾਰੀ ਪਾਖੰਡੀਆਂ ਦੇ ਪੈਰੀਂ ਡਿੱਗਣ ਦੀ ਜ਼ਰੂਰਤ ਨਹੀਂ, ਆਓ ਗੁਰੂ ਗ੍ਰੰਥ ਦੇ ਲੜ ਲੱਗਕੇ ਆਪਣੇ ਘਰਾਂ ਵਿੱਚ ਗੁਰੂ ਵਿਚਾਰ ਨੂੰ ਲੈਕੇ ਆਈਏ। ਉਹਨਾਂ ਬੀਬੀਆਂ ਨੂੰ ਬੋਲਦਿਆਂ ਕਿਹਾ ਕਿ ਬੀਬੀਆਂ ਨੂੰ ਆਪਣੇ ਹੱਕ ਆਪ ਲੈਣੇ ਪੈਣੇ ਨੇ, ਉਹਨਾਂ ਕਿਹਾ ਕਿ ਸਿੱਖ ਪੰਥ ਵਿੱਚ ਅਖੌਤੀ ਲੀਡਰ ਤੇ ਕੱਚ ਘਰੜ ਵਿਦਵਾਨ ਬਹੁਤ ਭੰਬਲ ਭੂਸਾ ਫਿਲਾ ਰਹੇ ਹਨ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਵੈਸਾਖ ਮਹੀਨਾ, ਭਾਵ ਕਿ ਅਪ੍ਰੈਲ ਮਹੀਨੇ ਦਾ ਹੈ, ਜਦੋਂਕਿ ਇਹ ਨਵੰਬਰ ਵਿੱਚ ਮਨਾਇਆ ਜਾਂਦਾ ਹੈ, ਜਿਹੜਾ ਕਿ ਗਲਤ ਹੈ। ਉਹਨਾਂ ਕਿਹਾ ਕਿ ਕੌਮ ਨੂੰ ਕੁਰਾਹੇ ਪਾਉਣ ਵਾਲੇ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਇਸ ਮੌਕੇ ਪੀਸੀਏ ਮੈਂਬਰਾਂ ਨੇ ਭਾਈ ਸਰਬਜੀਤ ਸਿੰਘ ਧੂੰਦਾ ਨੂੰ ਉਹਨਾਂ ਦੀਆ ਸੇਵਾਵਾਂ ਬਦਲੇ ਸਿਰੋਪਾਓ ਦੇਕੇ ਨਿਵਾਜਿਆ। ਇਸ ਮੌਕੇ ਗੁਰੂ-ਘਰ ਦੇ ਹਜ਼ੂਰੀ ਰਾਗੀ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਸਟੇਜ ਸੰਚਾਲਨ ਬਾਖ਼ੂਬੀ ਕੀਤਾ। ਸ. ਸੁਖਬੀਰ ਸਿੰਘ ਭੰਡਾਲ ਨੇ ਪੀਸੀਏ ਸੰਸਥਾ ਸਬੰਧੀ ਜਾਣਕਾਰੀ ਸੰਗਤ ਨਾਲ ਸਾਝੀ ਕੀਤੀ। ਪੂਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਨ ਅਤੇ ਸਾਰੇ ਦੀਵਾਨਾ ਦੀ ਵੀਡੀਓ ਰਿਕਾਰਡਿੰਗ ਅਤੇ ਫੋਟੋਗ੍ਰਾਫੀ ਓਮਨੀ ਵੀਡੀਓ ਵਾਲੇ ਸਿਆਰਾ ਸਿੰਘ ਢੀਡਸਾ ਬੇਕਰਸਫੀਲਡ ਵਾਲਿਆ ਨੇ ਕੀਤੀ। ਪੀਸੀਏ ਵੱਲੋ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਲੰਗਰ ਦੀ ਸੇਵਾ ਭਾਈ ਅਮਨਦੀਪ ਸਿੰਘ ਅਤੇ ਸਾਥੀਆਂ ਨੇ ਤਨਦੇਹੀ ਨਾਲ ਕੀਤੀ।

## ਅਮਰੀਕਾ ਵਿਚ ਘਰੇਲੂ ਝਗੜਾ ਸੁਲਝਾਉਣ ਗਏ ਇਕ ਪੁਲਿਸ ਅਫਸਰ ਦੀ ਗੋਲੀ ਮਾਰ ਕੇ ਹੱਤਿਆ ਤੇ ਦੂਸਰਾ ਗੰਭੀਰ ਜ਼ਖਮੀ

ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਅਲਾਬਾਮਾ ਰਾਜ ਵਿਚ ਹੰਟਸਵਿਲੇ ਵਿਖੇ ਘਰੇਲੂ ਝਗੜੇ ਦੇ ਮਾਮਲੇ ਵਿਚ ਮੌਕੇ 'ਤੇ ਪੁੱਜੇ 2 ਪੁਲਿਸ ਅਫਸਰਾਂ ਉਪਰ ਘਰ ਵਿਚ ਲੁਕੇ ਸ਼ੱਕੀ ਵੱਲੋਂ ਗੋਲੀ ਚਲਾਉਣ ਦੀ ਖ਼ਬਰ ਹੈ। ਹੰਟਸਵਿਲੇ ਪੁਲਿਸ ਵਿਭਾਗ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਕ ਔਰਤ ਉਪਰ ਹਮਲਾ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਸਨ। ਅਚਾਨਕ ਸ਼ੱਕੀ ਵੱਲੋਂ ਚਲਾਈਆਂ ਗੋਲੀਆਂ ਕਾਰਨ ਜ਼ਖਮੀ ਹੋਏ ਦੋ ਪੁਲਿਸ ਅਫਸਰਾਂ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਇਕ ਪੁਲਿਸ ਅਫਸਰ ਦੀ ਮੌਤ ਹੋ ਗਈ ਜਦ ਕਿ ਦੂਸਰੇ ਦੀ ਹਾਲਤ ਗੰਭੀਰ ਹੈ। ਮ੍ਰਿਤਕ ਪੁਲਿਸ ਅਫਸਰ ਦੀ ਪਛਾਣ ਗਰੈਟ ਕਰਮਬੀ (36) ਵਜੋਂ ਹੋਈ ਹੈ ਜਦ ਕਿ 34 ਸਾਲਾ ਅਲਬਰਟ ਮੋਰਿਨ ਹਸਪਤਾਲ ਵਿਚ ਇਲਾਜ਼ ਅਧੀਨ ਹੈ। ਅਲਾਬਾਮਾ ਦੇ ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਕਿਹਾ ਹੈ ਕਿ ਕਰਮਬੀ ਹੰਟਸਵਿਲੇ ਪੁਲਿਸ ਵਿਭਾਗ ਵਿਚ ਪਿਛਲੇ 3 ਸਾਲ ਤੋਂ ਕੰਮ ਕਰ ਰਿਹਾ ਸੀ ਤੇ ਇਸ ਸਾਲ ਆਪਣੀ ਡਿਊਟੀ ਦੌਰਾਨ ਜਾਨ ਗਵਾਉਣ ਵਾਲਾ ਉਹ ਪਹਿਲਾ ਪੁਲਿਸ ਅਫਸਰ ਹੈ। ਪੁਲਿਸ ਨੇ ਸ਼ੱਕੀ ਜੁਆਨ ਰਾਬਰਟ (24) ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਵਿਰੁੱਧ ਲਾਅ ਇਨਫੋਰਸਮੈਂਟ ਪੁਲਿਸ ਅਫਸਰ ਦੀ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਉਸ ਨੂੰ ਮੈਡੀਸਨ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ।



## ਅਮਰੀਕਾ-ਮੈਕਸੀਕੋ ਸਰਹੱਦ ਨੇੜੇ ਨਿਗਰਾਨ ਕੇਂਦਰ 'ਚ ਅੱਗ ਲੱਗਣ ਕਾਰਨ 40 ਪ੍ਰਵਾਸੀਆਂ ਦੀ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੀ ਸਰਹੱਦ ਨੇੜੇ ਉੱਤਰੀ ਮੈਕਸੀਕੋ ਵਿਚ ਇਮੀਗ੍ਰੇਸ਼ਨ ਡੀਟੈਨਸ਼ਨ ਸੈਂਟਰ ਵਿਚ ਲੱਗੀ ਭਿਆਨਕ ਅੱਗ ਵਿਚ ਸੜਣ ਨਾਲ 40 ਪ੍ਰਵਾਸੀਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਇਹ ਪ੍ਰਗਟਾਵਾ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕੀਤਾ ਹੈ। ਐਲ ਪਾਸੋ (ਟੈਕਸਾਸ) ਦੇ ਦੱਖਣ ਵਿੱਚ ਸੀਡੈਡ ਜੁਆਰਜ਼ ਵਿਚ ਸਥਿੱਤ ਨੈਸ਼ਨਲ ਇਮੀਗ੍ਰੇਸ਼ਨ ਇੰਸਟੀਚਿਊਟ ਵਿਚ ਇਹ ਘਟਨਾ ਉਸ ਸਮੇ ਵਾਪਰੀ ਜਦੋਂ ਪ੍ਰਵਾਸੀਆਂ ਨੇ ਵਾਪਿਸ ਭੇਜੇ ਜਾਣ ਦੇ ਡਰ ਕਾਰਨ ਰੋਸ ਵਜੋਂ ਖੁਦ ਹੀ ਗੱਦਿਆਂ ਨੂੰ ਅੱਗ ਲਾ ਦਿੱਤੀ ਜੋ ਏਨੀ ਜਿਆਦਾ ਫੈਲ ਗਈ ਕਿ ਉਸ ਉਪਰ ਕਾਬੂ ਪਾਉਣਾ ਅਸੰਭਵ ਹੋ ਗਿਆ। ਇਮੀਗ੍ਰੇਸ਼ਨ ਇੰਸਟੀਚਿਊਟ ਨੇ ਟਵਿਟਰ ਉਪਰ ਪਾਏ ਇਕ ਬਿਆਨ ਵਿਚ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਘੱਟੋ ਘੱਟ 40 ਲੋਕ ਮਾਰੇ ਗਏ ਹਨ ਤੇ 29 ਹੋਰ ਜ਼ਖਮੀ ਹੋਏ ਹਨ। ਜ਼ਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਬਿਆਨ ਵਿਚ ਕਿਹਾ ਹੈ ਕਿ ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਸੀਡੈਡ ਜੁਆਰਜ਼ ਦੇ ਸੰਘੀ ਡਿਪਟੀ ਐਂਡਰੀ ਸ਼ਵੇਜ਼ ਨੇ ਕਿਹਾ ਹੈ ਕਿ ਮੈਕਸੀਕੋ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨ ਨੂੰ ਵੀ ਮਾਮਲੇ ਵਿੱਚ ਚੌਕਸ ਰਹਿਣ ਲਈ ਕਿਹਾ ਗਿਆ ਹੈ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ






Get more BENEFITS at No Cost $0 Premium


Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com


## ਭਾਰਤ ਨੂੰ 15 ਮੂਰਤੀਆਂ ਵਾਪਸ ਕਰੇਗਾ ਅਮਰੀਕਾ ਦਾ ਮੈਟਰੋਪੋਲੀਟਨ ਮਿਊਜ਼ੀਅਮ ਆਫ਼ ਆਰਟ



ਨਿਊਯਾਰਕ : ਅਮਰੀਕਾ ਦਾ ਮੈਟਰੋਪੋਲੀਟਨ ਮਿਊਜ਼ੀਅਮ ਆਫ਼ ਆਰਟ ਭਾਰਤ ਨੂੰ 15 ਮੂਰਤੀਆਂ ਵਾਪਸ ਕਰੇਗਾ। ਉਸਨੇ ਇਹ ਕਦਮ ਉਦੋਂ ਚੁੱਕਿਆ ਹੈ, ਜਦੋਂ ਉਸਨੂੰ ਪਤਾ ਲੱਗਾ ਹੈ ਕਿ ਇਹ ਮੂਰਤੀਆਂ ਭਾਰਤ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਲਿਆ ਕੇ ਵੇਚੀਆਂ ਗਈਆਂ ਸਨ। ਮਿਊਜ਼ੀਅਮ ਨੇ ਵੀਰਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਉਹ 15 ਮੂਰਤੀਆਂ ਭਾਰਤ ਸਰਕਾਰ ਨੂੰ ਵਾਪਸ ਕਰੇਗਾ। ਇਨ੍ਹਾਂ 'ਚ ਪਹਿਲੀ ਸ਼ਤਾਬਦੀ ਈਸਾ ਪੂਰਵ ਤੋਂ ਲੈ ਕੇ 11ਵੀਂ ਈਸਵੀ ਦੀਆਂ ਮੂਰਦੀਆਂ ਸ਼ਾਮਲ ਹਨ, ਜੋ ਟੇਰਾਕੋਟਾ, ਤਾਂਬਾ ਅਤੇ ਪੱਥਰ ਨਾਲ ਬਣੀਆਂ ਹਨ। ਇਹ ਸਾਰੀਆਂ ਮੂਰਤੀਆਂ ਬਦਨਾਮ ਡੀਲਰ ਸੁਭਾਸ਼ ਕਪੂਰ ਨੇ ਵੇਚੀਆਂ ਸਨ ਜੋ ਇਸ ਸਮੇਂ ਭਾਰਤ 'ਚ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਮਿਊਜ਼ੀਅਮ ਕਲਾ ਵਸਤੂਆਂ ਨੂੰ ਜ਼ਿੰਮੇਵਾਰ ਤਰੀਕੇ ਨਾਲ ਐਕਵਾਇਰ ਕਰਨ ਲਈ ਵਚਨਬੱਧ ਹੈ। ਮਿਊਜ਼ੀਅਮ ਸ਼ੱਕੀ ਡੀਲਰਾਂ ਤੋਂ ਮਿਲੀਆਂ ਪ੍ਰਾਚੀਨ ਵਸਤੂਆਂ ਦੇ ਇਤਿਹਾਸ ਦੀ ਡੂੰਘਾਈ ਨਾਲ ਸਮੀਖਿਆ ਕਰ ਰਿਹਾ ਹੈ। ਉਹ ਭਾਰਤ ਸਰਕਾਰ ਦੇ ਨਾਲ ਆਪਣੇ ਸੰਬੰਧਾਂ ਨੂੰ ਕਾਫੀ ਅਹਿਮੀਅਤ ਦਿੰਦਾ ਹੈ ਅਤੇ ਇਸ ਮਾਮਲੇ ਨੂੰ ਸੁਲਝਾਉਣਾ ਚਾਹੁੰਦਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਮਿਊਜ਼ੀਅਮ ਨੇ 2015 'ਚ ਕਪੂਰ ਤੋਂ ਖਰੀਦੀਆਂ ਗਈਆਂ ਵਸਤੂਆਂ ਬਾਰੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨਾਲ ਸੰਪਰਕ ਕੀਤਾ ਸੀ ਅਤੇ ਉਸਨੂੰ ਮੈਨਹਟਨ ਜ਼ਿਲ੍ਹਾ ਅਟਾਰਨੀ ਦੇ ਦਫਤਰ ਦੁਆਰਾ ਸੁਭਾਸ਼ ਕਪੂਰ ਦੇ ਖਿਲਾਫ ਕੀਤੀ ਗਈ ਅਪਰਾਧਿਕ ਜਾਂਚ ਦੇ ਨਤੀਜੇ ਵਜੋਂ ਅੱਜ ਇਸ ਮਾਮਲੇ 'ਚ ਕਾਰਵਾਈ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ।

# ਅਮਰੀਕੀ ਫੌਜ ਦੇ ਦੋ ਹੈਲੀਕਾਪਟਰ ਆਪਸ ਵਿਚ ਟਕਰਾਏ, 9 ਸੈਨਿਕਾਂ ਦੀ ਮੌਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੈਂਟੁਕੀ ਰਾਜ ਦੇ ਦੱਖਣ-ਪੱਛਮ ਵਿਚ ਸਿਖਲਾਈ ਦੌਰਾਨ ਅਮਰੀਕੀ ਫੌਜ ਦੇ ਦੋ ਬਲੈਕ ਹਾਵਕ ਹੈਲੀਕਾਪਟਰਾਂ ਦੇ ਟਕਰਾਉਣ ਕਾਰਨ 9 ਸੈਨਿਕਾਂ ਦੀ ਮੌਤ ਹੋ ਗਈ। ਇਹ ਹਾਦਸਾ ਪਿਛਲੀ ਰਾਤ ਵਾਪਰਿਆ। ਫੌਜ ਦੇ ਟਿਕਾਣੇ ਫੋਰਟ ਕੈਂਪਬੈਲ ਦੇ ਬੁਲਾਰੇ ਨਾਨਡਾਈਸ ਥਰਮੈਨ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਫੌਜ ਦੀ 101 ਵੀਂ ਏਅਰਬੋਰਨ ਡਵੀਜ਼ਨ ਦੇ ਡਿਪਟੀ ਕਮਾਂਡਰ ਬ੍ਰਿਗੇਡੀਅਰ ਜਨ ਜੌਹਨ ਲੂਬਾਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 'ਮਲਟੀ-ਸ਼ਿੱਪ' ਅਭਿਆਸ ਦੌਰਾਨ ਵਾਪਰੇ ਹਾਦਸੇ ਵਿਚ 2 ਹੈਲੀਕਾਪਟਰਾਂ ਵਿਚ ਸਵਾਰ ਸਾਰੇ 9 ਫੌਜੀ ਮਾਰੇ ਗਏ ਹਨ। ਹਾਦਸੇ ਦਾ ਸ਼ਿਕਾਰ ਹੋਏ ਇਕ ਹੈਲੀਕਾਪਟਰ ਵਿਚ 5 ਜਦ ਕਿ ਦੂਸਰੇ ਵਿਚ 4 ਸੈਨਿਕ ਸਵਾਰ ਸਨ।

# 75 ਦਿਨਾਂ ਤੋਂ ਲਾਪਤਾ ਭਾਰਤੀ ਅਮਰੀਕੀ ਨਬਾਲਗ ਕੁੜੀ ਫਲੋਰਿਡਾ ਵਿਚੋਂ ਮਿਲੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਪਿਛਲੇ 75 ਦਿਨਾਂ ਤੋਂ ਲਾਪਤਾ ਭਾਰਤੀ ਅਮਰੀਕੀ ਲੜਕੀ ਤਾਨਵੀ ਮਰੂਪਲੀ ਫਲੋਰਿਡਾ ਵਿਚੋਂ ਸੁਰੱਖਿਅਤ ਮਿਲ ਗਈ ਹੈ। ਕੋਨਵੇਅ ਦੇ ਪੁਲਿਸ ਮੁੱਖੀ ਵਿਲੀਅਮ ਟਪਲੇ ਨੇ ਕਿਹਾ ਹੈ ਕਿ ਲੜਕੀ ਨੂੰ ਸੁਰੱਖਿਅਤ ਮਾਪਿਆਂ ਕੋਲ ਪਹੁੰਚਾ ਦਿੱਤਾ ਗਿਆ ਹੈ। ਆਈ ਟੀ ਖੇਤਰ ਵਿਚ ਵੱਡੀ ਪੱਧਰ ਉਪਰ ਛਾਂਟੀ ਉਪਰੰਤ ਵਾਪਿਸ ਭਾਰਤ ਭੇਜੇ ਜਾਣ ਦੇ ਡਰ ਤੋਂ 15 ਸਾਲਾ ਤਾਨਵੀ ਅਰਕਨਸਾਸ ਸਥਿੱਤ ਆਪਣੇ ਘਰ ਤੋਂ ਫਰਾਰ ਹੋ ਗਈ ਸੀ। ਉਸ ਨੂੰ ਆਖਰੀ ਵਾਰ 17 ਜਨਵਰੀ ਨੂੰ ਕੋਨਵੇਅ ਜੂਨੀਅਰ ਹਾਈ ਸਕੂਲ ਨੇੜੇ ਵੇਖਿਆ ਗਿਆ ਸੀ। ਪੁਲਿਸ ਮੁੱਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਤਾਨਵੀ ਕਈ ਮੀਲ ਤੁਰ ਕੇ 22 ਜਨਵਰੀ ਨੂੰ ਕਨਸਾਸ ਸ਼ਹਿਰ ਵਿਚ ਪਹੁੰਚੀ ਜਿਥੇ ਉਹ



ਤਾਨਵੀ ਮਰੂਪਲੀ

ਆਪਣੀ ਗਲਤ ਪਛਾਣ ਦਸ ਕੇ ਬੇਘਰਿਆਂ ਲਈ ਬਣੀ ਸ਼ਰਨਗਾਹ ਵਿਚ ਦੋ ਮਹੀਨੇ ਰਹੀ। ਬਾਅਦ ਵਿਚ ਉਹ ਫਲੋਰਿਡਾ ਚਲੀ ਗਈ ਜਿਥੇ ਉਹ ਇਕ ਖੰਡਰ ਇਮਾਰਤ ਵਿਚ ਰਹੀ। ਲਾਇਬ੍ਰੇਰੀ ਵਿਚ ਉਸ ਦੇ ਪੜਨ ਦੇ ਸ਼ੌਕ ਕਾਰਨ ਪੁਲਿਸ ਉਸ ਨੂੰ ਲੱਭਣ ਵਿਚ ਕਾਮਯਾਬ ਰਹੀ। ਕੋਨਵੇਅ ਪੁਲਿਸ ਵਿਭਾਗ ਨੂੰ 29 ਮਾਰਚ ਨੂੰ ਕਿਸੇ ਨੇ ਇਤਲਾਹ ਦਿੱਤੀ ਕਿ ਤਾਨਵੀ ਨੂੰ ਉਸ ਨੇ ਲਾਇਬ੍ਰੇਰੀ ਵਿਚ ਵੇਖਿਆ ਹੈ ਜਿਥੇ ਪੁਲਿਸ ਨੇ ਉਸ ਨੂੰ ਆਪਣੀ ਸੁਰੱਖਿਅਤ ਹਿਰਾਸਤ ਵਿਚ ਲੈ ਲਿਆ। ਤਾਨਵੀ ਦੇ ਪਿਤਾ ਪਵਨ ਰਾਏ ਮਰੂਪਲੀ ਨੇ ਪੁਲਿਸ ਨੂੰ ਦਸਿਆ ਕਿ ਇਸ ਸਮੇ ਉਸ ਨੂੰ ਨੌਕਰੀ ਖੁਸਣ ਤੇ ਦੇਸ਼ ਨਿਕਾਲੇ ਦਾ ਕੋਈ ਖਤਰਾ ਨਹੀਂ ਹੈ। ਇਥੇ ਜਿਕਰਯੋਗ ਹੈ ਕਿ ਭਾਰਤੀ ਭਾਈਚਾਰੇ ਨੇ ਪਰਿਵਾਰ ਨਾਲ ਮਿਲ ਕੇ ਤਾਨਵੀ ਨੂੰ ਲੱਭਣ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਤੇ ਸੂਹ ਦੇਣ ਵਾਲੇ ਨੂੰ 5 ਹਜਾਰ ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਸੀ।

# ਏਸ਼ੀਅਨ ਮੂਲ ਦੇ ਵਿਅਕਤੀ ਦੀ ਨ਼ਫਰਤੀ ਅਪਰਾਧ ਤਹਿਤ ਹੱਤਿਆ ਕਰਨ ਦੇ ਮਾਮਲੇ ਵਿੱਚ ਗੋਰੇ ਨੂੰ 22 ਸਾਲ ਕੈਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਨਿਊਯਾਰਕ ਵਿਚ ਇਕ ਏਸ਼ੀਅਨ ਮੂਲ ਦੇ ਵਿਅਕਤੀ 'ਤੇ ਨਸਲੀ ਨਫ਼ਰਤ ਤਹਿਤ ਹੱਤਿਆ ਕਰਨ ਦੇ ਮਾਮਲੇ ਵਿਚ 51 ਸਾਲਾ ਜਰੋਡ ਪਾਵਲ ਨੂੰ 22 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਜਰੋਡ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਸਨ ਤੇ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਡਿਸਟ੍ਰਿਕਟ ਅਟਾਰਨੀ ਐਲਵਨ ਬਰਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ 61 ਸਾਲਾ ਯਾਓ ਪੈਨ ਮਾ ਦੀ ਹੱਤਿਆ ਉਸ ਦੀ ਨਸਲ ਕਾਰਨ ਹੋਈ ਸੀ। ਅਪ੍ਰੈਲ 2021



ਵਿਚ ਉਸ ਉਪਰ ਉਸ ਵੇਲੇ ਹਮਲਾ ਹੋਇਆ ਸੀ ਜਦੋਂ ਉਹ ਈਸਟ ਹਰਲੇਮ ਕੋਰਨਰ ਵਿਖੇ ਕੇਨੀਆਂ ਇਕੱਠੀਆਂ ਕਰ ਰਿਹਾ ਸੀ। ਇਸ ਹਮਲੇ ਵਿਚ ਚੀਨੀ ਮੂਲ ਦਾ ਅਮਰੀਕੀ ਯਾਓ ਪੈਨ ਮਾ ਗੰਭੀਰ ਜਖਮੀ ਹੋ ਗਿਆ ਸੀ ਤੇ ਤਕਰੀਬਨ 8 ਮਹੀਨੇ ਬਾਅਦ 31 ਦਸੰਬਰ 2021 ਨੂੰ ਦਮ ਤੋੜ ਗਿਆ ਸੀ।

# ਅਮਰੀਕਾ 'ਚ ਅਪੋਲੋ ਥੀਏਟਰ ਦੀ ਛੱਤ ਡਿੱਗਣ ਨਾਲ 1 ਮੌਤ, 28 ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਇਲੀਨੋਇਸ ਰਾਜ ਵਿਚ ਬੈਲਵੀਡਰ ਵਿਖੇ ਸੰਗੀਤ ਸੰਮੇਲਣ ਦੌਰਾਨ ਅਪੋਲੋ ਥੀਏਟਰ ਦੀ ਛੱਤ ਡਿੱਗ ਜਾਣ ਦੇ ਸਿੱਟੇ ਵਜੋਂ 1 ਵਿਅਕਤੀ ਦੀ ਮੌਤ ਹੋ ਗਈ ਤੇ 28 ਹੋਰ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਥੀਏਟਰ ਦੀ ਪੂਰੀ ਛੱਤ ਦਰਸ਼ਕਾਂ ਤੇ ਹੋਰ ਲੋਕਾਂ ਉਪਰ ਆ ਡਿੱਗੀ। ਦੱਖਣ ਤੇ ਮੱਧ ਪੱਛਮ ਵਿਚ ਆਏ ਭਿਆਨਕ ਤੂਫ਼ਾਨ ਤੋਂ ਬਾਅਦ ਬੀਤੀ ਸ਼ਾਮ ਵਾਪਰੀ ਇਹ ਇਕ ਵੱਡੀ ਦੁੱਖਦਾਈ ਘਟਨਾ ਹੈ। ਜਿਸ ਸਮੇ ਥੀਏਟਰ ਦੀ ਛੱਤ ਡਿੱਗੀ ਉਸ ਸਮੇ ਮਹਿਮਾਨਾਂ, ਕਲਾਕਾਰਾਂ ਤੇ ਸਟਾਫ਼ ਸਮੇਤ ਅੰਦਾਜਨ 260 ਲੋਕ ਅੰਦਰ ਸਨ। ਸਮਾਗਮ ਦੇ ਕੋਆਰਡੀਨੇਟਰ ਨੇ ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬੈਲਵੀਡਰ ਅੱਗ ਬੁਝਾਊ ਵਿਭਾਗ ਦੇ ਮੁੱਖੀ ਸ਼ਾਨ ਸ਼ੈਡਲ ਨੇ ਕਿਹਾ ਹੈ ਕਿ ਮੌਸਮ ਵਿਚ ਗੰਭੀਰ ਤਬਦੀਲੀ



ਬੈਲਵੀਡਰ, ਇਲੀਨੋਇਸ ਵਿਚ ਥੀਏਟਰ ਦੀ ਛੱਤ ਡਿੱਗਣ ਉਪਰੰਤ ਮੌਕੇ 'ਤੇ ਪੁੱਜੇ ਰਾਹਤ ਕਾਮੇ

ਵੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ 28 ਜ਼ਖਮੀਆਂ ਨੂੰ ਖੇਤਰ ਵਿਚਲੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਜ਼ਖਮੀਆਂ ਵਿਚੋਂ 5 ਦੇ ਗੰਭੀਰ ਸੱਟਾਂ ਲੱਗੀਆਂ ਹਨ, 18 ਹੋਰ ਦਰਮਿਆਨੇ ਜ਼ਖਮੀ ਹਨ ਜਦ ਕਿ 5 ਦੇ ਮਾਮੂਲੀ ਜ਼ਖਮ ਹਨ। ਉਨਾਂ ਕਿਹਾ ਕਿ ਕੁਝ ਹੋਰ ਜ਼ਖਮੀਆਂ ਨੂੰ ਨਿੱਜੀ ਵਾਹਣਾਂ ਰਾਹੀਂ ਹਸਪਤਾਲਾਂ ਵਿਚ ਪਹੁੰਚਾਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਲੀਨੋਇਸ ਐਮਰਜੈਂਸੀ ਮੈਨਜਮੈਂਟ ਏਜੰਸੀ ਦੇ ਬੁਲਾਰੇ ਕੈਵਿਨ ਸੁਰ ਨੇ ਕਿਹਾ ਹੈ ਕਿ ਬੀਤੀ ਸ਼ਾਮ ਹੀ ਉੱਤਰੀ ਇਲੀਨੋਇਸ ਵਿਚ ਕਰਾਅਫੋਰਡ ਕਾਊਂਟੀ ਵਿੱਚ ਇਕ ਰਿਹਾਇਸ਼ੀ ਇਮਾਰਤ ਡਿੱਗਣ ਕਾਰਨ 3 ਲੋਕ ਮਾਰੇ ਗਏ ਹਨ। ਇਸ ਤਰਾਂ 6 ਰਾਜਾਂ ਵਿਚ ਭਿਆਨਕ ਤੂਫ਼ਾਨ ਦੀ ਲਪੇਟ ਵਿਚ ਆ ਕੇ ਹੁਣ ਤੱਕ 21 ਲੋਕ ਮਾਰੇ ਜਾ ਚੁੱਕੇ ਹਨ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway,Lathrop,CA 95330

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377




ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

**21 ਅਪ੍ਰੈਲ ਨੂੰ Gurdwara Sahib Fremont**

ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 23 ਅਪ੍ਰੈਲ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



I Love Bara Pind


V.P.O. Bara Pind-144418

## ਗੁਰਦੁਆਰਾ ਸਾਹਿਬ ਫਰੀਮਾਂਟ

**300 Gurdwara Road Fremont CA 94536**

**ਅਰੰਭ ਸ਼੍ਰੀ ਅਖੰਡਪਾਠ ਸਾਹਿਬ :** 21, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

**ਭੋਗ ਸ਼੍ਰੀ ਅਖੰਡਪਾਠ ਸਾਹਿਬ :** 23, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਦਵਾਰਾ ਸਾਹਿਬ ਫਰੀਮਾਂਟ
(510) 790-0177

ਸ. ਜੁਗਿੰਦਰ ਸਿੰਘ
510 299-8557

ਸ. ਜੁਗਰਾਜ ਸਿੰਘ ਸਹੋਤਾ
(510) 6730825

ਸ. ਨਰਿੰਦਰ ਸਿੰਘ ਸਹੋਤਾ
510 673-0629



ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਦਲਿਤ ਵਿਦਿਆਰਥੀ ਕਿਉਂ ਕਰ ਰਹੇ ਹਨ ਖ਼ੁਦਕੁਸ਼ੀਆਂ ?

ਅਸੀਂ ਦਲਿਤਾਂ ਅਤੇ ਆਦਿਵਾਸੀਆਂ ਨੂੰ ਸਰਕਾਰੀ ਨੌਕਰੀਆਂ, ਸਿੱਖਿਆ ਸੰਸਥਾਵਾਂ, ਸੰਸਦ ਅਤੇ ਵਿਧਾਨ ਸਭਾਵਾਂ ਆਦਿ 'ਚ ਭਾਵੇਂ ਹੀ ਰਾਖਵਾਂਕਰਨ ਦੇ ਦਿੱਤਾ ਹੈ, ਪਰ ਸਮਾਜ ਵਿਚ ਅਜੇ ਵੀ ਉਨ੍ਹਾਂ ਦੇ ਨਾਲ ਵੱਡੇ ਪੱਧਰ 'ਤੇ ਭੇਦਭਾਵ ਜਾਰੀ ਹੈ। ਇੰਨਾ ਹੀ ਨਹੀਂ, ਸਿੱਖਿਆ ਸੰਸਥਾਵਾਂ ਸਮੇਤ ਕਈ ਖੇਤਰਾਂ 'ਚ ਵੀ ਵੱਡੇ ਪੱਧਰ 'ਤੇ ਇਹ ਭੇਦਭਾਵ ਜਾਰੀ ਹੈ। ਇਹ ਭੇਦਭਾਵ ਇੰਨਾ ਜ਼ਿਆਦਾ ਹੈ ਕਿ ਉਸ ਤੋਂ ਤੰਗ ਆ ਕੇ ਉੱਚ ਸਿੱਖਿਆ ਸੰਸਥਾਵਾਂ 'ਚ ਪੜ੍ਹਨ ਵਾਲੇ ਕਈ ਦਲਿਤ ਵਿਦਿਆਰਥੀ ਖ਼ੁਦਕੁਸ਼ੀਆਂ ਕਰ ਲੈਂਦੇ ਹਨ।

ਸਾਲ 2021 ਦੇ ਦਸੰਬਰ ਮਹੀਨੇ 'ਚ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਸੰਸਦ 'ਚ ਦੱਸਿਆ ਸੀ ਕਿ ਪਿਛਲੇ 7 ਸਾਲਾਂ 'ਚ 122 ਵਿਦਿਆਰਥੀਆਂ ਨੇ ਦੇਸ਼ ਦੀਆਂ ਵੱਖ-ਵੱਖ ਸਿੱਖਿਆ ਸੰਸਥਾਵਾਂ 'ਚ ਖ਼ੁਦਕੁਸ਼ੀਆਂ ਕੀਤੀਆਂ ਹਨ। ਇਨ੍ਹਾਂ ਖ਼ੁਦਕੁਸ਼ੀਆਂ ਕਰਨ ਵਾਲਿਆਂ 'ਚ ਦਲਿਤ, ਆਦਿਵਾਸੀ, ਪੱਛੜੇ ਵਰਗ ਅਤੇ ਮੁਸਲਿਮ ਵਿਦਿਆਰਥੀ ਸ਼ਾਮਿਲ ਸਨ। ਇਨ੍ਹਾਂ 'ਚੋਂ ਜ਼ਿਆਦਾ ਗਿਣਤੀ ਦਲਿਤਾਂ ਦੀ ਸੀ। ਖ਼ੁਦਕੁਸ਼ੀ ਕਰਕੇ ਆਪਣੇ ਜੀਵਨ ਦਾ ਅੰਤ ਕਰਨ ਵਾਲੇ ਵਿਦਿਆਰਥੀ ਆਈ.ਆਈ.ਟੀ., ਆਈ.ਆਈ.ਐਮ. ਅਤੇ ਮੈਡੀਕਲ ਕਾਲਜਾਂ ਦੇ ਸਨ। ਇਨ੍ਹਾਂ 122 ਵਿਦਿਆਰਥੀਆਂ 'ਚੋਂ 3 ਆਦਿਵਾਸੀ, 24 ਦਲਿਤ ਅਤੇ 3 ਘੱਟ-ਗਿਣਤੀ ਨਾਲ ਸੰਬੰਧਿਤ ਸਨ। ਖ਼ੁਦਕੁਸ਼ੀ ਕਰਨ ਵਾਲੇ 34 ਵਿਦਿਆਰਥੀ ਆਈ.ਆਈ.ਟੀ. ਜਾਂ ਆਈ.ਆਈ.ਐਮ. 'ਚ ਪੜ੍ਹਦੇ ਸਨ। ਤੀਹ ਵਿਦਿਆਰਥੀ ਵੱਖ-ਵੱਖ ਕੌਮੀ ਤਕਨੀਕੀ ਸੰਸਥਾਵਾਂ ਦੇ ਸਨ।

ਸਾਲ 2016 ਦੇ ਜਨਵਰੀ ਮਹੀਨੇ ਦੀ 17 ਤਰੀਕ ਨੂੰ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਦੇ ਪੀ.ਐੱਚ.ਡੀ. ਵਿਦਿਆਰਥੀ ਰੋਹਿਤ ਵੇਮਯੁਲਾ ਨੇ ਖ਼ੁਦਕੁਸ਼ੀ ਕੀਤੀ ਸੀ। ਉਸ ਨੇ ਪ੍ਰਸ਼ਾਸਨ ਖ਼ਿਲਾਫ਼ ਕਈ ਸ਼ਿਕਾਇਤਾਂ ਕੀਤੀਆਂ ਸਨ। ਸਾਲ 2019 'ਚ ਟੋਪੀਵਾਲਾ ਨੈਸ਼ਨਲ ਮੈਡੀਕਲ ਕਾਲਜ, ਮੁੰਬਈ ਦੀ ਵਿਦਿਆਰਥਣ ਪਾਇਲ ਤੜਵੀ ਨੇ ਖ਼ੁਦਕੁਸ਼ੀ ਕਰ ਲਈ ਸੀ। ਤੜਵੀ ਨੇ ਕਾਲਜ 'ਚ ਉੱਚ ਜਾਤੀ ਦੇ ਵਿਦਿਆਰਥੀਆਂ ਵਲੋਂ ਲਗਾਤਾਰ ਭੇਦਭਾਵ ਅਤੇ ਸਤਾਏ ਜਾਣ ਦੀ ਸ਼ਿਕਾਇਤ ਕੀਤੀ ਸੀ। ਵੇਮਯੁਲਾ ਅਤੇ ਤੜਵੀ ਦੋਵੇਂ ਦਲਿਤ ਸਨ। ਦੋਵਾਂ ਦੇ ਖ਼ੁਦਕੁਸ਼ੀ ਕਰਨ ਤੋਂ ਬਾਅਦ ਉੱਠੇ ਤੂਫ਼ਾਨ ਦੇ ਮੱਦੇਨਜ਼ਰ ਉਮੀਦ ਸੀ ਕਿ ਉੱਚ ਸਿੱਖਿਆ ਸੰਸਥਾਵਾਂ 'ਚ ਦਲਿਤ ਵਿਦਿਆਰਥੀਆਂ ਦੇ ਪ੍ਰਤੀ ਵਿਵਹਾਰ 'ਚ ਕੁਝ ਫ਼ਰਕ ਆਏਗਾ। ਪਰ ਉਸ ਤੋਂ ਬਾਅਦ ਤੋਂ ਲੈ ਕੇ ਅੱਜ ਤੱਕ ਜੋ ਅੰਕੜੇ ਸਾਹਮਣੇ ਆਏ ਹਨ, ਉਨ੍ਹਾਂ ਤੋਂ ਲਗਦਾ ਹੈ ਕਿ ਨਾ ਸਿਰਫ਼ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ, ਸਗੋਂ ਸਥਿਤੀ ਹੋਰ ਵੀ ਬਦਤਰ ਹੋ ਗਈ ਲਗਦੀ ਹੈ। ਸੰਸਦੀ ਕਮੇਟੀ ਦੀ ਰਿਪੋਰਟ ਅਨੁਸਾਰ ਏਮਜ਼ ਦਿੱਲੀ 'ਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਵਿਦਿਆਰਥੀ ਲਗਾਤਾਰ ਪ੍ਰੀਖਿਆਵਾਂ 'ਚ ਫੇਲ੍ਹ ਹੋ ਰਹੇ ਹਨ। ਇਸ ਦਾ ਕਾਰਨ ਉਨ੍ਹਾਂ ਦੇ ਨਾਲ ਹੋਣ ਵਾਲਾ ਭੇਦਭਾਵ ਹੈ।



ਇਹ ਗੱਲ ਐਸ.ਸੀ.-ਐਸ.ਟੀ. ਕਮੇਟੀ ਦੇ ਪ੍ਰਧਾਨ ਭਾਜਪਾ ਸੰਸਦ ਮੈਂਬਰ ਪ੍ਰੇਮ ਜੀ ਭਾਈ ਸੋਲੰਕੀ ਨੇ ਵੀ ਮੰਨੀ ਹੈ। ਉਨ੍ਹਾਂ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਜਿੱਥੋਂ ਤੱਕ ਕਿ ਵੱਖ-ਵੱਖ ਪੁਜ਼ੀਸ਼ਨਾਂ ਲਈ ਅਪਲਾਈ ਕਰਨ ਸਮੇਂ ਵੀ ਉਨ੍ਹਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ।

ਲੋਕ ਸਭਾ 'ਚ ਸਿੱਖਿਆ ਮੰਤਰਾਲੇ ਨੇ ਦੱਸਿਆ ਕਿ ਦੇਸ਼ ਦੇ 45 ਕੇਂਦਰੀ ਯੂਨੀਵਰਸਿਟੀਆਂ 'ਚੋਂ ਸਿਰਫ਼ ਇਕ 'ਚ ਅਨੁਸੂਚਿਤ ਜਾਤੀ ਦਾ ਕੁਲਪਤੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਕੁੱਲ 8668 ਉਮੀਦਵਾਰਾਂ ਨੇ ਸਹਾਇਕ ਪ੍ਰੋਫੈਸਰ ਦੀ ਅਸਾਮੀ ਲਈ ਅਪਲਾਈ ਕੀਤਾ, ਜਿਨ੍ਹਾਂ 'ਚੋਂ 5247 ਆਮ ਵਰਗ ਦੇ ਸਨ, ਉੱਥੇ ਹੀ 1045 ਅਨੁਸੂਚਿਤ ਜਾਤੀ, 490 ਅਨੁਸੂਚਿਤ ਜਨਜਾਤੀ ਅਤੇ 1567 ਹੋਰ ਪੱਛੜੇ ਵਰਗ (ਓ.ਬੀ.ਸੀ.) ਦੇ ਸਨ। ਭੇਦਭਾਵ ਦੀ ਇਹ ਸਥਿਤੀ ਸਿਰਫ਼ ਉੱਚ ਸਿੱਖਿਆ ਸੰਸਥਾਵਾਂ ਤੱਕ ਸੀਮਤ ਨਹੀਂ ਹੈ, ਸਗੋਂ ਲਗਭਗ ਸਾਰੀਆਂ ਸਿੱਖਿਆ ਸੰਸਥਾਵਾਂ 'ਚ ਪਾਈ ਜਾਂਦੀ ਹੈ।

ਸਾਲ 1942 'ਚ ਕੈਨੇਡਾ 'ਚ ਭਾਸ਼ਨ ਦਿੰਦਿਆਂ ਡਾ. ਬੀ.ਆਰ. ਅੰਬੇਡਕਰ ਨੇ ਭਾਰਤ 'ਚ ਦਲਿਤਾਂ ਦੀ ਸਮੱਸਿਆ ਦੀ ਚਰਚਾ ਕਰਦੇ ਹੋਏ ਦੋ ਮੁੱਖ ਗੱਲਾਂ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਨੇ ਪਹਿਲੀ ਗੱਲ ਇਹ ਕਹੀ ਸੀ ਕਿ ਜਾਤੀ ਵਿਵਸਥਾ ਸਾਮਰਾਜਵਾਦ ਤੋਂ ਜ਼ਿਆਦਾ ਖ਼ਤਰਨਾਕ ਹੈ ਅਤੇ ਭਾਰਤ 'ਚ ਜਾਤੀ ਪ੍ਰਥਾ ਖ਼ਤਮ ਹੋਣ ਤੋਂ ਬਾਅਦ ਹੀ ਸ਼ਾਂਤੀ ਅਤੇ ਵਿਵਸਥਾ ਕਾਇਮ ਹੋ ਸਕੇਗੀ। ਦੂਜੀ ਗੱਲ ਇਹ ਕਹੀ ਸੀ ਕਿ ਭਾਰਤ 'ਚ ਜੇਕਰ ਕਿਸੇ ਵਰਗ ਨੂੰ ਆਜ਼ਾਦੀ ਚਾਹੀਦੀ ਹੈ ਤਾਂ ਉਹ ਦਲਿਤ ਹੈ।

ਅੱਜ ਵੀ ਇਹੀ ਸਥਿਤੀ ਹੈ। ਦਲਿਤਾਂ ਦੀ ਹਾਲਤ ਇਕ ਵਾਰ ਫਿਰ ਉਸ ਸਮੇਂ ਉਜਾਗਰ ਹੋਈ, ਜਦੋਂ ਬੀਤੀ 12 ਫਰਵਰੀ ਨੂੰ 18 ਸਾਲਾ ਦਲਿਤ ਵਿਦਿਆਰਥੀ ਦਰਸ਼ਨ ਸੋਲੰਕੀ ਨੇ ਖ਼ੁਦਕੁਸ਼ੀ ਕਰ ਲਈ। ਉਹ ਆਈ.ਆਈ.ਟੀ. ਬੰਬਈ ਦਾ ਵਿਦਿਆਰਥੀ ਸੀ। ਉਸ ਨੇ ਹੋਸਟਲ ਦੀ ਸੱਤਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਸ ਘਟਨਾ ਨੇ ਪੂਰੇ ਦੇਸ਼ 'ਚ ਦਲਿਤਾਂ ਦੀ ਸਥਿਤੀ ਬਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਦਰਸ਼ਨ ਆਈ.ਆਈ.ਟੀ. ਬੰਬਈ 'ਚ ਬੀ.ਟੈੱਕ ਪਹਿਲੇ ਸਾਲ (ਕੈਮੀਕਲ ਇੰਜੀਨੀਅਰਿੰਗ) ਦਾ ਵਿਦਿਆਰਥੀ ਸੀ। ਉਸ ਨੇ ਤਿੰਨ ਮਹੀਨੇ ਪਹਿਲਾਂ ਹੀ ਇਸ ਸੰਸਥਾ 'ਚ ਦਾਖ਼ਲਾ ਲਿਆ ਸੀ। ਖ਼ੁਦਕੁਸ਼ੀ ਕਰਨ ਤੋਂ ਕੁਝ ਦਿਨ ਪਹਿਲਾਂ ਉਹ ਘਰ ਗਿਆ ਸੀ। ਖ਼ੁਦਕੁਸ਼ੀ ਕਰਨ ਤੋਂ ਇਕ ਮਹੀਨੇ ਪਹਿਲਾਂ ਉਸ ਨੇ ਆਪਣੇ ਪਰਿਵਾਰ ਨੂੰ ਦੱਸਿਆ ਸੀ ਕਿ ਉਸ ਨੂੰ ਕਾਲਜ 'ਚ ਵਿਰੋਧੀ ਵਾਤਾਵਰਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖ਼ਾਸਕਰ ਉਸ ਦੇ ਸਹਿਪਾਠੀਆਂ ਨੂੰ ਇਹ ਪਤਾ ਲੱਗਣ ਤੋਂ ਬਾਅਦ ਕਿ ਉਹ ਅਨੁਸੂਚਿਤ ਜਾਤੀ ਦਾ ਹੈ। ਉਸ ਨੂੰ ਇਹ ਕਹਿ ਕੇ ਖਿਝਾਇਆ ਜਾਂਦਾ ਸੀ ਕਿ ਉਹ ਮੁਫ਼ਤ ਸਿੱਖਿਆ ਪਾ ਰਿਹਾ ਹੈ। ਉਸ ਦੀ ਮਾਂ ਨੇ ਦੱਸਿਆ ਕਿ ਉਸ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਉਸ ਨੂੰ ਵੱਖ-ਵੱਖ ਢੰਗਾਂ ਨਾਲ ਸਤਾਇਆ ਜਾਂਦਾ ਰਿਹਾ ਸੀ। ਵਿਦਿਅਕ ਅਦਾਰਿਆਂ ਅਤੇ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਦਲਿਤਾਂ ਨਾਲ ਹੋ ਰਹੇ ਵਿਤਕਿਰਿਆਂ ਨੂੰ ਖ਼ਤਮ ਕਰਵਾਉਣ ਲਈ ਠੋਸ ਕਦਮ ਉਠਾਏ ਜਾਣ ਦੀ ਲੋੜ ਹੈ।

-ਹਰਿੰਦਰ ਹੈਪੀ

# ਮੁਲਕ 'ਚ ਇਕੱਠੀਆਂ ਚੋਣਾਂ ਕਰਵਾਉਣ ਦਾ ਉਮਦਾ ਵਿਚਾਰ

**-ਏ. ਸੂਰੀਆਪ੍ਰਕਾਸ਼**



ਕੇਂਦਰ ਸਰਕਾਰ ਨੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਕਰਵਾਏ ਜਾਣ ਦੀ ਗੱਲ ਫਿਰ ਤੋਂ ਛੇੜੀ ਹੈ। ਉਸ ਨੇ ਕਿਹਾ ਕਿ ਜੇਕਰ ਸਾਰੀਆਂ ਸਿਆਸੀ ਪਾਰਟੀਆਂ ਇਸ 'ਤੇ ਸਹਿਮਤ ਹੋਣ ਤਾਂ ਇਹ ਸੰਭਵ ਹੋ ਸਕਦਾ ਹੈ। ਕੁਝ ਦਿਨ ਪਹਿਲਾਂ ਲੋਕ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਕਿਰਨ ਰਿਜਿਜੂ ਨੇ ਇਸ ਪ੍ਰਸਤਾਵ 'ਤੇ ਵਿਸਥਾਰ ਨਾਲ ਦੱਸਿਆ ਕਿ ਇਕੱਠੀਆਂ ਚੋਣਾਂ ਕਰਵਾਉਣ ਨਾਲ ਨਾ ਸਿਰਫ਼ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਬੱਚਤ ਹੋਵੇਗੀ ਬਲਕਿ ਰਾਜਨੀਤਕ ਪਾਰਟੀਆਂ ਅਤੇ ਉਮੀਦਵਾਰਾਂ ਦਾ ਖ਼ਰਚਾ ਵੀ ਘਟੇਗਾ।

ਇਸ ਨਾਲ ਵਾਰ-ਵਾਰ ਹੋਣ ਵਾਲੀਆਂ ਚੋਣਾਂ ਕਾਰਨ ਲਾਗੂ ਆਦਰਸ਼ ਚੋਣ ਜ਼ਾਬਤੇ ਕਾਰਨ ਰੁਕਣ ਵਾਲੇ ਵਿਕਾਸ ਪ੍ਰਾਜੈਕਟ ਵੀ ਪ੍ਰਭਾਵਿਤ ਨਹੀਂ ਹੋਣਗੇ। ਹਾਲਾਂਕਿ ਇਸ ਟੀਚੇ ਦੀ ਪ੍ਰਾਪਤੀ ਲਈ ਸਾਰੀਆਂ ਪਾਰਟੀਆਂ ਅਤੇ ਸੂਬਾ ਸਰਕਾਰਾਂ ਨੂੰ ਇਕ ਸਾਂਝੇ ਮੰਚ 'ਤੇ ਆ ਕੇ ਕੋਈ ਜੁਗਤ ਕੱਢਣੀ ਹੋਵੇਗੀ। ਨਾਲ ਹੀ ਸੰਵਿਧਾਨ ਅਤੇ ਚੋਣਾਂ ਸਬੰਧੀ ਕਾਨੂੰਨਾਂ ਵਿਚ ਵੀ ਕੁਝ ਤਰਮੀਮਾਂ ਕਰਨੀਆਂ ਹੋਣਗੀਆਂ।

ਸਰਕਾਰ ਨੇ ਕਾਨੂੰਨ ਕਮਿਸ਼ਨ ਤੋਂ ਇਸ ਮੁੱਦੇ ਦੀ ਵਿਆਖਿਆ ਕਰਨ ਦੀ ਅਪੀਲ ਕੀਤੀ ਹੈ। ਕਮਿਸ਼ਨ 1999 ਵਿਚ ਪਹਿਲਾਂ ਹੀ ਇਸ ਦੇ ਪੱਖ ਵਿਚ ਸਹਿਮਤੀ ਪ੍ਰਗਟ ਕਰ ਚੁੱਕਾ ਹੈ। ਭਾਵੇਂ ਹੀ ਕਾਨੂੰਨ ਕਮਿਸ਼ਨ ਦੇ ਪ੍ਰਤੀਕਰਮ ਦੀ ਨਵੇਂ ਸਿਰੇ ਤੋਂ ਉਡੀਕ ਹੋਵੇ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੌਮੀ ਹਿੱਤ ਵਿਚ ਇਕੱਠੀਆਂ ਚੋਣਾਂ ਦਾ ਫ਼ੈਸਲਾ ਵਿਚਾਰਨਯੋਗ ਜ਼ਰੂਰ ਹੈ। ਘੱਟੋ-ਘੱਟ ਇਸ ਦੇ ਤਿੰਨ ਮੁੱਖ ਕਾਰਨ ਹਨ। ਸਭ ਤੋਂ ਪਹਿਲਾਂ ਤਾਂ ਹਰ ਸਾਲ ਦੇਸ਼ ਵਿਚ ਕਿਤੇ ਨਾ ਕਿਤੇ ਹੋਣ ਵਾਲੇ ਚੋਣਾਂ ਦੇ ਰੌਲੇ-ਗੌਲੇ ਤੋਂ ਮੁਕਤੀ ਮਿਲੇਗੀ। ਦੂਜਾ, ਚੋਣਾਂ ਕਾਰਨ ਵਿਕਾਸ ਕਾਰਜ ਵਾਰ-ਵਾਰ ਨਹੀਂ ਰੁਕਣਗੇ। ਤੀਜਾ, ਇਸ ਨਾਲ ਚੋਣ ਖ਼ਰਚਾ ਘਟਣ ਦੇ ਨਾਲ ਹੀ ਚੋਣਾਂ ਵਿਚ ਕਾਲੇ ਧਨ ਦਾ ਅਸਰ ਵੀ ਘੱਟ ਹੋਵੇਗਾ।

ਇਸ ਤੋਂ ਇਲਾਵਾ ਇਕੱਠੀਆਂ ਚੋਣਾਂ ਕਰਵਾਉਣ ਨਾਲ ਚੋਣ ਅਧਿਕਾਰੀਆਂ ਨੂੰ ਵੀ ਵੱਡੀ ਰਾਹਤ ਮਿਲੇਗੀ। ਇਕ ਇਕ ਸੱਚਾਈ ਹੈ ਕਿ ਚੋਣਾਂ ਕਰਵਾਉਣ ਲਈ ਵੱਡੇ ਪੱਧਰ 'ਤੇ ਸਰਕਾਰੀ ਮੁਲਾਜ਼ਮਾਂ, ਖ਼ਾਸ ਤੌਰ 'ਤੇ ਅਧਿਆਪਕਾਂ ਨੂੰ ਡਿਊਟੀ 'ਤੇ ਲਗਾਇਆ ਜਾਂਦਾ ਹੈ। ਕੁਦਰਤੀ ਹੈ ਕਿ ਇੰਜ ਕਰਨ ਨਾਲ ਸਰਕਾਰੀ ਵਿੱਦਿਅਕ ਅਦਾਰਿਆਂ 'ਚ ਪੜ੍ਹਾਈ ਦਾ ਚੋਖਾ ਨੁਕਸਾਨ ਹੁੰਦਾ ਹੈ। ਸਰਕਾਰੀ ਦਫ਼ਤਰਾਂ ਦਾ ਕੰਮ-ਕਾਜ ਵੀ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ।

ਮੁਲਕ ਦੀ ਆਜ਼ਾਦੀ ਤੋਂ ਬਾਅਦ ਦੇਸ਼ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ 5 ਸਾਲ ਦੇ ਅੰਤਰਾਲ 'ਤੇ ਇਕੱਠੀਆਂ ਹੀ ਹੁੰਦੀਆਂ ਰਹੀਆਂ। ਸੰਨ 1952 ਵਿਚ ਸ਼ੁਰੂ ਹੋਇਆ ਇਹ ਸਿਲਸਿਲਾ 1957, 1962, ਅਤੇ 1967 ਤਕ ਚੱਲਦਾ ਰਿਹਾ। ਮਗਰੋਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਸੂਬਿਆਂ ਵਿਚ ਰਾਸ਼ਟਰਪਤੀ ਸ਼ਾਸਨ ਲਗਾਉਣ ਲਈ ਮਨਮਰਜ਼ੀ ਵਾਲੇ ਤਰੀਕੇ ਨਾਲ ਧਾਰਾ 356 ਦਾ ਇਸਤੇਮਾਲ ਕੀਤਾ ਅਤੇ ਆਪਣੀ ਸਹੂਲਤ ਨਾਲ ਹੀ ਹਟਾਇਆ। ਇਸ ਨਾਲ ਕੁਝ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਦਾ ਚੱਕਰ ਵਿਗੜ ਗਿਆ।

ਹਾਲਾਂਕਿ ਇਕੱਠੀਆਂ ਚੋਣਾਂ ਦੇ ਮਾਮਲੇ ਵਿਚ ਪੂਰਨ ਅੜਿੱਕਾ 1971 ਵਿਚ ਪਿਆ ਜਦ ਇੰਦਰਾ ਗਾਂਧੀ ਨੇ ਕਾਂਗਰਸ ਵਿਚ ਪਾਟੋਧਾੜ ਤੋਂ ਬਾਅਦ ਨਵਾਂ ਲੋਕ ਫ਼ਤਵਾ ਲੈਣ ਲਈ ਆਮ ਚੋਣਾਂ ਕਰਵਾਉਣ ਦਾ ਫ਼ੈਸਲਾ ਕੀਤਾ। ਵਿਧਾਨ ਸਭਾ ਚੋਣਾਂ 1972 ਵਿਚ ਹੋਈਆਂ। ਇਸ ਤੋਂ ਬਾਅਦ ਤੋਂ ਕਦੇ ਵੀ ਦੋਵੇਂ ਚੋਣਾਂ ਇਕੱਠੀਆਂ ਨਹੀਂ ਹੋ ਸਕੀਆਂ।

ਇਕੱਠੀਆਂ ਚੋਣਾਂ ਦਾ ਵਿਚਾਰ ਫਿਰ ਤੋਂ ਚਰਚਾ ਦੇ ਕੇਂਦਰ ਵਿਚ ਹੈ। ਗਵਰਨੈਂਸ ਦਾ ਪੱਧਰ ਸੁਧਾਰਨ ਅਤੇ ਦੇਸ਼ ਨੂੰ ਵਾਰ-ਵਾਰ ਚੋਣ ਚੱਕਰ ਤੋਂ ਮੁਕਤੀ ਦਿਵਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੀ ਜ਼ਰੂਰਤ ਨੂੰ ਰੇਖਾਂਕਿਤ ਕੀਤਾ ਹੈ। ਇਸ ਵਿਚਾਰ ਨੇ ਸੰਨ 2017 ਵਿਚ ਫਿਰ ਤੋਂ ਰਫ਼ਤਾਰ ਫੜੀ ਜਦ ਚੋਣ ਕਮਿਸ਼ਨ ਨੇ ਕਿਹਾ ਕਿ ਉਸ ਕੋਲ ਇਕੱਠੀਆਂ ਚੋਣਾਂ ਕਰਵਾਉਣ ਲਈ ਲੋੜੀਂਦਾ ਬੁਨਿਆਦੀ ਢਾਂਚਾ ਤੇ ਸੋਮੇ ਉਪਲਬਧ ਹਨ। ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਕਿਸ ਤਰ੍ਹਾਂ ਗਵਰਨੈਂਸ ਨੂੰ ਪ੍ਰਭਾਵਿਤ ਕਰਦੀਆਂ ਹਨ, ਇਸ ਦੀ ਇਕ ਮਿਸਾਲ ਦੇਖੀ ਜਾ ਸਕਦੀ ਹੈ। ਕਰਨਾਟਕ ਵਿਚ 1983 ਦੀਆਂ ਵਿਧਾਨ ਸਭਾ ਚੋਣਾਂ ਵਿਚ ਰਾਮਕ੍ਰਿਸ਼ਨ ਹੇਗੜੇ ਦੀ ਅਗਵਾਈ ਹੇਠ ਜਨਤਾ ਪਾਰਟੀ-ਕਰਨਾਟਕ ਕ੍ਰਾਂਤੀ ਰੰਗਾ ਗੱਠਜੋੜ ਨੇ ਕਾਂਗਰਸ ਨੂੰ ਹਰਾ ਕੇ ਸੱਤਾ ਹਾਸਲ ਕੀਤੀ।

ਉਸ ਦੇ ਅਗਲੇ ਸਾਲ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਸੂਬੇ ਵਿਚ ਹੁਕਮਰਾਨ ਗੱਠਜੋੜ ਨੂੰ ਹਰਾ ਦਿੱਤਾ। ਹੇਗੜੇ ਨੇ ਉਸ ਨਤੀਜੇ ਨੂੰ ਆਪਣੀ ਪਾਰਟੀ ਵਿਰੁੱਧ ਲੋਕ ਫ਼ਤਵੇ ਦੇ ਰੂਪ ਵਿਚ ਲੈ ਕੇ ਰਾਜਪਾਲ ਨੂੰ ਨਵੀਆਂ ਚੋਣਾਂ ਕਰਵਾਉਣ ਲਈ ਕਿਹਾ।

ਵਿਧਾਨ ਸਭਾ ਲਈ ਚੋਣਾਂ ਸੱਤ ਮਹੀਨੇ ਬਾਅਦ ਹੋਈਆਂ ਪਰ ਇਸ ਦੌਰਾਨ ਰਾਜਨੀਤਕ ਅਸਥਿਰਤਾ ਰਹੀ ਜਿਸ ਕਾਰਨ ਸ਼ਾਸਨ-ਸੰਚਾਲਨ ਪ੍ਰਭਾਵਿਤ ਹੋਇਆ। ਦੇਸ਼ ਵਿਚ ਵਿਚ ਅਜਿਹੀਆਂ ਕਈ ਮਿਸਾਲਾਂ ਹਨ ਜਿੱਥੇ ਲੋਕ ਸਭਾ ਵਿਚ ਲੋਕ ਫ਼ਤਵੇ ਦੇ ਉਲਟ ਆਉਣ 'ਤੇ ਸੂਬੇ ਵਿਚ ਹੁਕਮਰਾਨ ਪਾਰਟੀ ਖ਼ੁਦ ਨੂੰ ਲੈ ਕੇ ਬੇਯਕੀਨੀ ਦੀ ਹਾਲਤ ਵਿਚ ਪੁੱਜੀ ਹੈ। ਇਸ ਨਾਲ ਸ਼ਾਸਨ ਵਿਚ ਅੜਿੱਕੇ ਦੀ ਹਾਲਤ ਪੈਦਾ ਹੁੰਦੀ ਹੈ। ਕਾਨੂੰਨ ਕਮਿਸ਼ਨ ਨੇ 1999 ਵਿਚ ਆਪਣੀ 170 ਪੰਨਿਆਂ ਦੀ ਰਿਪੋਰਟ ਵਿਚ ਇਸ ਮੁੱਦੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਅਤੇ ਪੁਰਜ਼ੋਰ ਤਰੀਕੇ ਨਾਲ ਇਕੱਠੀਆਂ ਚੋਣਾਂ ਕਰਵਾਏ ਜਾਣ ਦੀ ਪੈਰਵੀ ਕੀਤੀ। ਹਾਲਾਂਕਿ ਉਸ ਨੇ ਇਹ ਵੀ ਸਵੀਕਾਰ ਕੀਤਾ ਕਿ ਵੱਖ-ਵੱਖ ਵਿਧਾਨ ਸਭਾਵਾਂ ਦੇ ਕਾਰਜਕਾਲ ਚੱਕਰ ਨੂੰ ਦੇਖਦੇ ਹੋਏ ਇਕਦਮ ਅਮਲ ਵਿਚ ਨਹੀਂ ਲਿਆਂਦਾ ਜਾ ਸਕਦਾ। ਉਸ ਨੇ ਉਨ੍ਹਾਂ ਸਾਰੀਆਂ ਵਿਧਾਨ ਸਭਾ ਚੋਣਾਂ ਨੂੰ ਇਕੱਠੀਆਂ ਕਰਵਾਉਣ ਦਾ ਸੁਝਾਅ ਦਿੱਤਾ ਜੋ ਅਗਲੇ 12 ਮਹੀਨਿਆਂ ਵਿਚ ਪ੍ਰਸਤਾਵਿਤ ਹੋਣ। ਕਮਿਸ਼ਨ ਨੇ ਕਿਹਾ ਕਿ ਜੇਕਰ ਸਾਰੀਆਂ ਸਿਆਸੀ ਪਾਰਟੀਆਂ ਸਹਿਯੋਗ ਦੇਣ ਤਾਂ ਅਜਿਹੇ ਕਦਮ ਚੁੱਕੇ ਜਾ ਸਕਦੇ ਹਨ ਜਿਨ੍ਹਾਂ ਵਿਚ ਕਿਸੇ ਪਾਰਟੀ ਦੇ ਹਿੱਤਾਂ ਨੂੰ ਢਾਹ ਨਾ ਲੱਗੇ।

ਕਮਿਸ਼ਨ ਨੇ ਇੱਥੋਂ ਤਕ ਕਿਹਾ ਕਿ ਜੇਕਰ ਚੋਣਾਂ ਨੂੰ ਇਕ ਗੁੱਛੇ ਵਿਚ ਕਰਵਾਉਣ ਦੇ ਲਿਹਾਜ਼ ਨਾਲ ਜ਼ਰੂਰੀ ਹੋਵੇ ਤਾਂ ਕੁਝ ਵਿਧਾਨ ਸਭਾਵਾਂ ਦੇ ਕਾਰਜਕਾਲ ਵਿਚ ਲਗਪਗ ਛੇ ਮਹੀਨਿਆਂ ਦੇ ਸਮਾਯੋਜਨ ਦੀ ਸੰਵਿਧਾਨ ਵਿਚ ਤਰਮੀਮ ਵੀ ਕਰਵਾਈ ਜਾ ਸਕਦੀ ਹੈ। ਜਦ ਇਸ ਮਕਸਦ ਵਾਲਾ ਪ੍ਰਸਤਾਵ ਪਹਿਲੀ ਵਾਰ ਚਰਚਾ ਵਿਚ ਆਇਆ ਤਾਂ ਕੁਝ ਹਲਕਿਆਂ ਵਿਚ ਉਸ 'ਤੇ ਭਾਰੀ ਹੰਗਾਮਾ ਹੋਇਆ। ਇਸ ਮੁੱਦੇ 'ਤੇ ਅਮਲਾ, ਲੋਕ ਸੇਵਾ, ਕਾਨੂੰਨ ਅਤੇ ਨਿਆਂ ਵਰਗੇ ਵਿਭਾਗਾਂ ਨਾਲ ਜੁੜੀ ਸੰਸਦ ਦੀ ਸਥਾਈ ਕਮੇਟੀ ਨੇ ਡੂੰਘੀ ਪੜਤਾਲ ਕੀਤੀ। ਇਸ ਨਾਲ ਸਬੰਧਤ ਰਿਪੋਰਟ 2015 ਵਿਚ ਸੰਸਦ ਵਿਚ ਪੇਸ਼ ਕੀਤੀ ਗਈ। ਵਾਰ-ਵਾਰ ਚੋਣਾਂ ਨੂੰ ਲੈ ਕੇ ਕਮੇਟੀ ਨੇ ਆਪਣੀ ਰਿਪੋਰਟ ਵਿਚ ਸੱਚ ਹੀ ਕਿਹਾ ਹੈ ਕਿ ਇਸ ਨਾਲ 'ਅਕਸਰ ਨੀਤੀਗਤ ਰੁਕਾਵਟ ਅਤੇ ਸ਼ਾਸਨ ਦੇ ਖ਼ਰਚੇ' ਇਲਾਵਾ ਉੱਚੀ ਲਾਗਤ ਦਾ ਬੋਝ ਵੀ ਵਧਦਾ ਹੈ।

ਰਿਪੋਰਟ ਵਿਚ ਹੋਰ ਦੇਸ਼ਾਂ ਦੇ ਤਜਰਬਿਆਂ ਵੱਲ ਵੀ ਧਿਆਨ ਖਿੱਚਿਆ ਗਿਆ। ਜਿਵੇਂ ਕਿ ਦੱਖਣੀ ਅਫ਼ਰੀਕਾ ਵਿਚ ਰਾਸ਼ਟਰੀ ਤੇ ਸੂਬਾਈ ਚੋਣਾਂ ਪੰਜ ਸਾਲ ਵਿਚ ਇਕੱਠੀਆਂ ਹੀ ਕਰਵਾਈਆਂ ਜਾਂਦੀਆਂ ਹਨ ਜਦਕਿ ਸਥਾਨਕ ਸਰਕਾਰਾਂ ਬਾਰੇ ਚੋਣਾਂ ਉਨ੍ਹਾਂ ਤੋਂ ਦੋ ਸਾਲ ਬਾਅਦ ਹੁੰਦੀਆਂ ਹਨ।

ਸਵੀਡਨ ਵਿਚ ਕੌਮੀ, ਸੂਬਾਈ ਅਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਹਰੇਕ ਚਾਰ ਸਾਲ ਦੇ ਅੰਤਰਾਲ 'ਤੇ ਸਤੰਬਰ ਦੇ ਦੂਜੇ ਐਤਵਾਰ ਵਾਲੇ ਦਿਨ ਕਰਵਾਈਆਂ ਜਾਣ ਦੀ ਵਿਵਸਥਾ ਹੈ। ਬ੍ਰਿਟੇਨ ਵਿਚ ਸੰਸਦ ਦਾ ਕਾਰਜਕਾਲ 2011 ਦੇ ਇਕ ਕਾਨੂੰਨ ਦੁਆਰਾ ਨਿਯਤ ਕੀਤਾ ਗਿਆ ਹੈ। ਇਕੱਠੀਆਂ ਚੋਣਾਂ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਰਾਜਨੀਤਕ ਸਰਬ-ਸੰਮਤੀ ਦਾ ਹੋਵੇਗਾ। ਭਾਜਪਾ ਵੱਲੋਂ ਪੇਸ਼ ਕੀਤਾ ਗਿਆ ਕੋਈ ਵੀ ਵਿਚਾਰ ਉਸ ਦੀਆਂ ਵਿਰੋਧੀ ਪਾਰਟੀਆਂ ਦੁਆਰਾ ਸ਼ੱਕ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ। ਕਈ ਸੂਬਿਆਂ ਵਿਚ ਕਿਉਂਕਿ ਭਾਜਪਾ ਦੇ ਵਿਰੋਧੀ ਦਲਾਂ ਦੀਆਂ ਸਰਕਾਰਾਂ ਹਨ, ਤਾਂ ਅਜਿਹੇ ਹਾਲਾਤ ਵਿਚ ਇਕੱਠੀਆਂ ਚੋਣਾਂ ਕਰਵਾਉਣ ਲਈ ਮਾਹੌਲ ਬਣਾਉਣਾ ਖਾਲਾ ਜੀ ਦਾ ਵਾੜਾ ਨਹੀਂ ਹੈ।

ਇਸ ਦੇ ਬਾਵਜੂਦ ਇਸ ਪਾਸੇ ਯਤਨ ਹੋਣੇ ਚਾਹੀਦੇ ਹਨ ਕਿਉਂਕਿ ਇਹ ਇਕ ਅਜਿਹਾ ਵਿਚਾਰ ਹੈ ਜੋ ਜਨਤਾ ਨੂੰ ਵਾਰ-ਵਾਰ ਚੋਣਾਂ ਦੇ ਬੋਝ ਤੋਂ ਮੁਕਤੀ ਦਿਵਾਉਣ ਵਿਚ ਕਾਰਗਰ ਸਿੱਧ ਹੋਵੇਗਾ। ਬਿਹਤਰ ਸ਼ਾਸਨ ਅਤੇ ਉਮੀਦ ਮੁਤਾਬਕ ਘੱਟ ਸਿਆਸੀ ਕਾਟੋ-ਕਲੇਸ਼ ਦੀ ਦ੍ਰਿਸ਼ਟੀ ਨਾਲ ਵੀ ਇਹ ਵਿਚਾਰ ਬਹੁਤ ਵਧੀਆ ਹੈ। ਜੇ ਇਕੱਠੀਆਂ ਚੋਣਾਂ ਕਰਵਾਉਣ ਦੇ ਦੂਰਅੰਦੇਸ਼ੀ ਵਾਲੇ ਵਿਚਾਰ ਨੂੰ ਅਮਲੀਜਾਮਾ ਪੁਆ ਦਿੱਤਾ ਜਾਂਦਾ ਹੈ ਤਾਂ ਯਕੀਨਨ ਇਸ ਦੇ ਬਹੁਤ ਸਾਰੇ ਫ਼ਾਇਦੇ ਸਰਕਾਰਾਂ, ਸਿਆਸੀ ਪਾਰਟੀਆਂ, ਉਮੀਦਵਾਰਾਂ ਤੇ ਜਨਤਾ ਨੂੰ ਹੋਣਗੇ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



**Gurdip Singh Sandhu** Homeopathic Consultant

Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ


**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਪੇਸ਼ਪ ਕਰਨ ਦੀ ਹਾਜਤ ਦਾ ਵਾਰ ਵਾਰ ਹੋਣਾ**

ਯਾਦ ਕਰਵਾ ਦਿਆਂ ਲੜੀ ਵਾਰ ਚਲਦੀ ਜੀਵਨ ਤੋਂ ਜੀਵਨ ਦੀ ਉਤਪਤੀ ਦੀ ਲੇਖ ਮਾਲਾ ਵਿੱਚ ਅਸੀ ਵਿਚਾਰ ਰਹੇ ਹਾਂ ਜੀਵਨ ਦੇ ਜਵਾਨੀ ਵਿੱਚ ਪੈਰ ਰੱਖਣ ਸਮੇਂ ਪੱਕੀਆਂ ਹੋ ਗਈਆਂ ਲੜਕੇ ਤੇ ਲੜਕੀ ਹੋਣ ਦੀਆਂ ਨਿਸ਼ਾਨੀਆਂ ਦੇ ਅੰਗਾਂ ਨੂੰ ਅਤੇ ਉਹਨਾਂ ਦੀ ਕਾਰਕਰਦਗੀ ਵਿੱਚ ਸਧਾਰਨ ਜੀਵਨ ਵਿੱਚ ਆ ਸਕਣ ਵਾਲੀਆਂ ਕਮੀਆਂ ਪੇਸ਼ੀਆਂ ਨੂੰ। ਕਿਉਂਕਿ ਹੁਣ ਤੱਕ ਲੜਕਾ ਹੈ ਜਾਂ ਲੜਕੀ ਇਹ ਸਵਾਲ ਸ਼ਨਾਖਤੀ ਨਿਸ਼ਾਨੀਆਂ ਵਿੱਚ ਕਿਸੇ ਨਾ ਕਿਸੇ ਕਾਰਨ ਉਲਝਦਾ ਹੀ ਰਿਹਾ ਹੈ। ਮਤਲਬ ਲੜਕੇ ਦੇ ਰੂਪ ਵਿੱਚ ਜੰਮਿਆ ਜੀਵਨ ਕਈ ਵੇਰ ਉਲਟ ਬਾਜ਼ੀਆਂ ਖਾਕੇ ਲੜਕੀ ਹੋਣ ਦੇ ਸ਼ਨਾਖਤੀ ਅੰਗਾਂ ਵਿੱਚ ਵੀ ਤਬਦੀਲ ਹੁੰਦਾ ਆਇਆ ਹੈ ਤੇ ਇਸੇ ਤਰ੍ਹਾਂ ਲੜਕੀ ਦੇ ਰੂਪ ਵਿੱਚ ਜਨਮ ਲੈਣ ਵਾਲਾ ਜੀਵਨ ਸ਼ਨਾਖਤੀ ਅੰਗਾਂ ਦੀ ਤਬਦੀਲੀ ਕਰਕੇ ਲੜਕੇ ਵਾਲੇ ਜਣਨ ਅੰਗਾਂ ਦਾ ਰੂਪ ਲੈਦਾ ਆਇਆ ਹੈ ਪਰ ਜਵਾਨੀ ਵਿੱਚ ਪੈਰ ਰੱਖਣ ਬਾਅਦ ਅਜਿਹੀਆਂ ਤਬਦੀਲੀਆਂ ਦੀ ਸੰਭਾਵਨਾ ਆਪਣੇ ਆਪ ਖਤਮ ਹੋ ਚੁੱਕੀ ਹੁੰਦੀ ਹੈ।

ਪਰ ਅੱਜ ਦੇ ਮੌਡਰਨ ਯੁਗ ਵਿੱਚ ਮੈਡੀਕਲ ਸਾਇੰਸ ਹਾਰਮੋਨਜ ਨੂੰ ਜਾਦੂ ਦੀ ਛੜੀ ਵਾਂਗ ਇਸਤੇਮਾਲ ਕਰਨ ਵਿੱਚ ਮੁਹਾਰਤ ਹਾਸਲ ਕਰ ਚੁੱਕੀ ਹੈ ਇਸ ਲਈ ਕੁਝ ਵੀ ਕਿਸੇ ਵੀ ਉਮਰ ਦੇ ਪੜਾਅ ਵਿੱਚ ਸੰਭਵ ਹੋ ਸਕਦਾ ਹੈ। ਪ੍ਰੋਗਰੈਸਿਵ ਯਾਨੀ ਵੱਧੇ ਦੇ ਰੁਝਾਨ ਵਾਲੀਆਂ ਪਹਿਲੀਆਂ ਤੇ ਰੀਟਰੋਗਰੈਸਿਵ ਯਾਨੀ ਘਟਾਉ ਵਾਲੀਆਂ ਦੂਜੀਆਂ ਤਬਦੀਲੀਆਂ। ਦੂਸਰੇ ਲਫਜ਼ਾਂ ਵਿੱਚ ਕਹਿ ਸਕਦੇ ਹਾਂ ਪਹਿਲੀਆਂ ਯਾਨੀ ਸਰੀਰ ਦੀ ਡਿਵੈਲਪਮੈਂਟ ਜਾ ਵਾਧੇ ਵਾਲੀਆਂ ਕਿਰਿਆਵਾਂ ਜਾ ਦੂਜੀਆਂ ਸਰੀਰ ਦੀਆਂ ਬੁਢਾਪੇ ਵੱਲ ਜਾਂਦੀਆਂ ਕਿਰਿਆਵਾਂ ਜਦ ਤੱਕ ਆਪਣੀ ਪੂਰੀ ਫਿਜਿਆਲੋਜੀਕਲ ਕਿਰਿਆ ਵਿੱਚ ਠੀਕ-ਠਾਕ ਹਨ ਤਦ ਤੱਕ ਉਹਨਾਂ ਨੂੰ ਕੋਈ ਵੀ ਮੋੜਾ ਦਿੱਤਾ ਜਾ ਸਕਦਾ ਹੈ। ਇਕਸਠਵਿਆਂ ਵਿੱਚ ਪਹੁੰਚੀ ਔਰਤ ਇਸ ਉਮਰ ਵਿਚ ਵੀ ਮਾਂ ਬਨਣ ਦਾ ਸੁਭਾਗ ਪ੍ਰਾਪਤ ਕਰ ਸਕਦੀ ਹੈ। ਇਹ ਹਾਰਮੋਨਜ ਦਾ ਕ੍ਰਿਸ਼ਮਾ ਹੈ।

ਖ਼ੈਰ ਅਸੀਂ ਜੀਵਨ ਤੋਂ ਜੀਵਨ ਦੀ ਉਤਪਤੀ ਦੇ ਹਾਲੇ ਨਾਰਮਲ ਚੱਲਣ ਨੂੰ ਵਿਚਾਰ ਰਹੇ ਹਾਂ ਤੇ ਸੰਭਾਵਤ ਜਾ ਕੁਦਰਤ ਦੇ ਆਪਣੇ ਘੜੇ ਜਾ ਵਾਪਰ ਸਕਣ ਵਾਲੇ ਨਿਯਮਾਂ ਅਨੁਸਾਰ ਹੁੰਦੀਆਂ ਤਬਦੀਲੀਆਂ ਹੀ ਵਿਚਾਰ ਰਹੇ ਹਾਂ ਅਤੇ ਇਸੇ ਅਧੀਨ ਹੀ ਮਰਦ ਜੀਵਨ ਦੇ ਸ਼ਨਾਖਤੀ ਅੰਗਾਂ ਦੀ ਵਿਚਾਰ ਚਰਚਾ ਚਲ ਰਹੀ ਹੈ। ਇਸ ਤੋਂ ਬਾਅਦ ਔਰਤ ਦੇ ਸ਼ਨਾਖਤੀ ਅੰਗਾਂ ਬਾਰੇ ਵਿਚਾਰ ਹੋਣ ਤੋ ਬਾਅਦ ਸਿਲਸਿਲੇ ਵਾਰ ਸਰੀਰ ਦੇ ਹਰੇਕ ਸਿਸਟਮ ਉਹਦੀ ਕਾਰਕਰਦਗੀ ਅਤੇ ਉਸ ਵਿੱਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਬਾਰੇ ਵਿਚਾਰ ਕੀਤੀ ਜਾਵੇਗੀ।

ਆਓ ਫਿਰ ਚੱਲਦੇ ਹਾਂ ਅੱਜ ਦੇ ਵਿਸ਼ੇ ਦੀ ਵਿਚਾਰ ਚਰਚਾ ਵੱਲ। ਮਰਦਾਂ ਵਿੱਚ ਪੇਸ਼ਾਪ ਦੀ ਵਾਰ ਵਾਰ ਹਾਜਤ ਕਿਉਂ ਹੁੰਦੀ ਹੈ ਅਤੇ ਉਸਦੇ ਕਾਰਨਾਂ ਕੀਹ ਕੀਹ ਹਨ ਉਸ ਦੀ ਪੜਚੋਲ ਕਰਦੇ ਹਾਂ। ਇਹ ਪਹਿਲੇ ਲੈਕਚਰ ਵਿੱਚ ਵਿਚਾਰਿਆ ਗਿਆ ਹੈ ਕਿ ਮਰਦਾਂ ਦੀ ਇਸ ਹਾਲਤ ਲਈ ਜ਼ੁੰਮੇਵਾਰ ਅੰਗ ਪੇਸ਼ਾਪ ਦੀ ਥੈਲੀ ਯਾਨੀ ਯੂਰੀਨਰੀ ਬਲੈਡਰ ਪਰੌਸਟੇਟ ਯਾਨੀ ਗ਼ਦੂਦ ਤੇ ਯੂਰੇਥਰਾ ਯਾਨੀ ਮਰਦ ਇੰਦਰੀ ਅਤੇ ਇਹਦੇ ਅੰਦਰੋਂ ਅੰਦਰੀ ਜਾਂਦੀ ਨਾਲੀ ਯਾਨੀਯੂਰੇਥਰਲ ਕੈਨਾਲ ਹਨ ਜਿਸ ਕੈਨਾਲ ਰਾਹੀਂ ਪੇਸ਼ਾਪ ਤੇ ਵੀਰਜ ਆਪਣੇ ਸਮੇਂ ਤੇ ਗੁਜ਼ਰਦੇ ਹਨ। ਇਹਨਾਂ ਵਿਚੋਂ ਬਲੈਡਰ ਤੇ ਪ੍ਰੌਸਟੇਟਦੋਵੇ ਹੀ ਪੇਟ ਦੇ ਅੰਦਰ ਰਹਿਣ ਵਾਲੇ ਅੰਗ ਹਨ ਤੇ ਮਰਦ ਇੰਦਰੀ ਬਾਹਰ ਹੈ ਭਾਵ ਇਹਦੇ ਅੰਦਰ ਦਾ ਬਾਹਰ ਤੱਕ ਖੁੱਲ੍ਹਣ ਵਾਲਾ ਸੁਰਾਖਵੀ ਸਰੀਰ ਤੋਂ ਬਾਹਰ ਵੱਲ ਹੈ। ਸੋ ਅਸੀਂ ਇਹਨਾਂ ਨਾਲ ਸੰਬੰਧਿਤ ਪੇਸ਼ਾਪ ਦੇ ਵਾਰ ਵਾਰ ਹੋਣ ਦੇ ਕਾਰਨਾਂ ਦੀ ਵਿਚਾਰ ਕਰਾਂਗੇ।

**ਪੇਸ਼ਾਪ ਦੀ ਵਾਰ ਵਾਰ ਹਾਜਤ ਦੇ ਕਾਰਨ**

ਪਹਿਲਾਂ ਤੇ ਸਧਾਰਨ ਕਾਰਨ ਠੰਡ ਦਾ ਲੱਗਣਾ ਬਦਲਵੇਂ ਯਾਨੀ ਠੰਡੇ ਮੌਸਮ ਵਿੱਚ ਦਾਖਲ ਹੋਣਾ ਹੈ । ਅਜਿਹਾ ਆਮ ਹੀ ਤੁਸਾਂ ਵੇਖਿਆ ਹੋਣਾ ਹੈ ਕਿ ਗਰਮੀਆਂ ਵਿੱਚ ਪੇਸਪ ਦੀ ਹਾਜਤ ਘੱਟ ਹੁੰਦੀ ਹੈ ਤੇ ਸਰਦੀਆਂ ਦੀ ਹਾਜਤ ਜ਼ਿਆਦਾ ਹੁੰਦੀ ਹੈ। ਕਾਰਨ ਸਪਸ਼ਟ ਕਰਦਿਆਂ ਸਮਝਣ ਦੀ ਜ਼ਰੂਰਤ ਹੈ ਕਿ ਪੂਰੇ ਦਿਨ ਵਿੱਚ ਨਾਰਮਲ ਹਾਲਾਤਾਂ ਵਿੱਚ ਇਕ ਨਾਰਮਲ ਸਰੀਰ ਵਿਚੋਂ 1500 ਸੌ ਮਿਲੀ ਲੀਟਰ ਪਾਣੀ ਬਾਹਰ ਨਿਕਲਦਾ ਹੈ।

ਇਹਨਾਂ ਵਿਚੋ ਕੁਝ ਪੇਸ਼ਾਪ ਦੇ ਰਸਤੇ ਪੈਖਾਨੇ ਦੇ ਰਸਤੇ ਪਸੀਨੇ ਦੇ ਰਸਤੇ ਸਾਹ ਦੇ ਰਸਤੇ ਉੱਡਦਾ ਤੇ ਨਿਕਲਦਾ ਹੈ।

ਪੇਸਾਪ ਦੇ ਰਸਤੇ ਸਪਸ਼ਟ ਦਿਖਾਈ ਦਿੰਦਾ ਹੈ ਕਿ ਪਾਣੀ ਨਿਕਲ ਰਿਹਾ ਹੈ। ਕਿਡਨੀ ਵਾਲੇ ਡਾਕਟਰ ਕਿਡਨੀ ਫੰਕਸਨ ਚੈੱਕ ਕਰਨ ਲਈ ਸਾਰੇ ਦਿਨ ਵਿੱਚ ਇੰਨਟੇਕ ਯਾਨੀ ਕਿੰਨਾ ਤਰਲ ਸਰੀਰ ਅੰਦਰ ਗਿਆ। ਕਿਸੇ ਵੀ ਰੂਪ ਵਿੱਚ ਉਹਦੀ ਮਿਣਤੀ ਲਈ ਜਾਂਦੀ ਹੈ ਤੇ ਕਿੰਨਾ ਪੇਸ਼ਾਪ ਦੇ ਰਸਤੇ ਆਉਟਪੁਟ ਯਾਨੀ ਪਾਣੀ ਬਾਹਰ ਆਇਆ ਇਹਦੀ ਮਿਣਤੀ ਰੱਖੀ ਜਾਂਦੀ ਹੈ। ਪਰ ਪਾਣੀ ਸਰੀਰ ਵਿਚੋ ਬਾਹਰ ਜਾਣ ਦੇ ਰਸਤੇ ਹੋਰ ਵੀ ਹਨ ਜਿਵੇਂ ਉੱਪਰ ਦੱਸਿਆ ਗਿਆ ਹੈ ਪਸੀਨੇ ਦੇ ਰਸਤੇ ਵੀ ਪਾਣੀ ਬਾਹਰ ਨਿਕਲਦਾ ਹੈ। ਬੇਸ਼ੱਕ ਸਰਦੀਆਂ ਵਿੱਚ ਜਾ ਠੰਡ ਵਿੱਚ ਪਸੀਨਾ ਦਿਖਾਈ ਨਹੀਂ ਦਿੰਦਾ। ਪਰ ਨਿਕਲਦਾ ਜ਼ਰੂਰ ਹੈ ਬੇਸ਼ੱਕ ਘੱਟ ਮਾਤਰਾ ਵਿੱਚ ਨਿਕਲਦਾ ਹੈ ਕਿਉਂਕਿ ਸਰਦੀਆਂ ਵਿੱਚ ਚਮੜੀ ਦੇ ਬਾਹਰੀ ਮੁਸਾਮ ਬੰਦ ਰਹਿੰਦੇ ਹਨ। ਅੰਦਰ ਤੇ ਬਾਹਰ ਦੇ ਟੈਂਪਰੇਚਰ ਦਾ ਪ੍ਰੈਸ਼ਰ ਵਿੱਚ ਅੰਤਰ ਯਾਨੀ ਘੱਟ ਟੈਂਪਰੇਚਰ ਪ੍ਰੈਸ਼ਰ ਕਰਕੇ ਪੇਸ਼ਾਪ ਵੱਧ ਆਉਂਦਾ ਹੈ। ਪਰ ਗਰਮੀਆਂ ਵਿੱਚ ਹੀਟ ਪ੍ਰੈਸ਼ਰ ਵੱਧ ਹੋਣ ਕਰਕੇ ਜ਼ਿਆਦਾ ਪਸੀਨਾ ਨਿਕਲਦਾ ਦਿਖਾਈ ਦਿੰਦਾ ਹੈ। ਪਰ ਇਹ ਵੀ ਯਾਦ ਰੱਖਣ ਯੋਗ ਹੈ ਕਿ ਕੁਝ ਇਕ ਬਿਮਾਰੀਆਂ ਵੀ ਐਸੀਆਂ ਹਨ ਜਿਹਨਾਂ ਵਿੱਚ ਸਰਦੀਆਂ ਵਿੱਚ ਵੀ ਪਸੀਨਾ ਆ ਸਕਦਾ ਹੈ। ਜਿਵੇਂ ਗੁਰਦਿਆਂ ਯਾਨੀ ਕਿਡਨੀ ਦੀ ਦਿਲ ਦੀ ਬਿਮਾਰ, ਬਲੱਡ ਪ੍ਰੈਸ਼ਰ, ਫੇਫੜਿਆ ਦੀ ਬਿਮਾਰੀ ਵਿੱਚ ਜਿਸ ਵਿੱਚ ਅੰਦਰ ਦਾ ਪ੍ਰੈਸ਼ਰ ਵਧਦਾ ਹੈ ਤੇ ਗੈਸਾਂ ਚਮੜੀ ਦੇ ਮੁਲਾਜ਼ਮਾਂ ਰਾਹੀ ਬਾਹਰ ਨਿਕਲਦੀਆਂ ਹਨ ਅਤੇ ਬਾਹਰ ਦੇ ਅੰਦਰ ਨਾਲੋ ਘੱਟ ਟੈਂਪਰੇਚਰ ਕਰਕੇ ਵਾਸ਼ਪ ਦੇ ਰੂਪ ਯਾਨੀ ਪਾਣੀ ਦੀਆਂ ਬੂੰਦਾਂ ਦੇ ਰੂਪ ਵਿੱਚ ਬਦਲ ਜਾਂਦੀਆਂ ਹਨ ਭਾਵ ਪਸੀਨਾ ਆ ਜਾਦਾ ਹੈ। ਜਿਸ ਰਾਹੀਂ ਬਿਮਾਰੀ ਕਰਕੇ ਅੰਦਰ ਦੇ ਟੌਕਸਿਨ ਜ਼ਹਿਰੀਲਾ ਮਾਦਾ ਜਿਹੜਾ ਪੇਸ਼ਾਪ ਰਾਹੀ ਨਹੀਂ ਨਿਕਲ ਸਕੇ ਉਹ ਚਮੜੀ ਰਾਹੀਂ ਨਿਕਲਦੇ ਹਨ ਪਸੀਨੇ ਦੇ ਰੂਪ ਵਿੱਚ । ਬੇਸ਼ੱਕ ਇਸਦਾ ਗਰਮੀ ਜਾ ਸਰਦੀ ਦੇ ਮੌਸਮ ਨਾਲ ਕੋਈ ਸੰਬੰਧ ਨਹੀਂ ਹੁੰਦਾ। ਬਲਕਿ ਬਿਮਾਰੀ ਦੀ ਤੀਬਰਤਾ ਦਰਸਾਉਂਦਾ ਹੈ। ਇਹ ਪਸੀਨਾ ਇਹ ਵੀ ਸਪਸ਼ਟ ਕਰਦਾ ਹੈ ਕਿ ਜਿੰਨਾ ਪਾਣੀ ਜਾਂ ਜ਼ਹਿਰੀਲਾ ਮਾਦਾ ਪੇਸ਼ਾਪ ਰਾਹੀਂ ਨਹੀਂ ਸੀ ਨਿਕਲਿਆ ਉਹ ਬੇਵਕਤੀ ਪਸੀਨੇ ਰਾਹੀਂ ਨਿਕਲਣ ਲਗਦਾ ਹੈ। ਇਸੇ ਤਰ੍ਹਾਂ ਹੀ ਸਾਹ ਰਾਹੀਂ ਵੀ ਕੁਝ ਮਾਤਰਾ ਵਿੱਚ ਪਸੀਨਾ ਨਿਕਲਦਾ ਹੈ। ਕਦੀ ਸ਼ੀਸ਼ੇ ਤੇ ਫੂਕ ਮਾਰਕੇ ਵੇਖੋ ਤੁਹਾਨੂੰ ਠੰਡੇ ਹੋਏ ਪਸੀਨੇ ਦੀਆਂ ਬੂੰਦਾਂ ਕੁਝ ਮਿੰਟਾਂ ਵਿੱਚ ਦਿਖਾਈ ਦੇਣਗੀਆਂ। ਮੁੱਕਦੀ ਗੱਲ ਇਹ ਸਾਰਾ ਵਿਸਥਾਰ ਲਿਖਣ ਦੀ ਲੋੜ ਇਹ।

(ਚੱਲਦਾ)


**HOMEOPATHIC NATURAL MEDICINES**

When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India

GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**

- *ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।*
- *ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।*

**ਸਾਨੂੰ 16 ਸਾਲਾਂ ਦਾ ਤਰਜਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

**ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।**

**825 East Street, Suite 110 Woodland, CA 95776**
**440 N Palora Ave, Suite c Yuba City Ca. 95991**

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**CALIFORNIA DMV LIV. # 40524**




## ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ

# 24ਵੇਂ ਮਹਾਨ ਨਗਰ ਕੀਰਤਨ

## 16 ਅਪ੍ਰੈਲ 2023, ਦਿਨ ਐਤਵਾਰ

## ਅਤੇ ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 1 ਤੋਂ 16 ਅਪ੍ਰੈਲ 5 ਤੋਂ 9 ਵਜੇ ਤੱਕ



ਗਿਆਨੀ ਪ੍ਰਿੰਦਰਪਾਲ ਸਿੰਘ ਜੀ 5 ਤੋਂ 16 ਅਪ੍ਰੈਲ | ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ 4 ਤੋਂ 9 ਅਪ੍ਰੈਲ | ਭਾਈ ਸਰਬਜੀਤ ਸਿੰਘ ਰੰਗੀਲਾ 10 ਤੋਂ 16 ਅਪ੍ਰੈਲ | ਭਾਈ ਹਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਭਾਈ ਗੁਰਸੇਵਕ ਸਿੰਘ ਜੀ ਹੈਡ ਗ੍ਰੰਥੀ | ਭਾਈ ਜਗਮੋਹਨ ਸਿੰਘ ਜੀ ਹਜ਼ੂਰੀ ਰਾਗੀ ਜਥਾ | ਭਾਈ ਮਹਿਲ ਸਿੰਘ ਜੀ ਕਵੀਸ਼ਰੀ ਜਥਾ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 16 ਅਪ੍ਰੈਲ 2023 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 324ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੰਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**ਅੰਮ੍ਰਿਤ ਸੰਚਾਰ :**
15 ਅਪ੍ਰੈਲ ਦਿਨ ਸ਼ਨੀਵਾਰ
ਸਵੇਰੇ 9.00 ਵਜੇ

**ਫਲੋਟਾਂ ਦੀ ਸੇਵਾ ਲਈ ਕਾਲ ਕਰੋ**
ਗੁਲਵਿੰਦਰ ਸਿੰਘ ਭਿੰਡਾ
209-487-3699
ਜਗਜੀਤ ਸਿੰਘ ਰੱਕੜ
209-483-9700

**ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :**
ਸ੍ਰ. ਗੁਰਨਾਮ ਸਿੰਘ ਟਿੱਕਾ : 209-649-1208
**ਦੁਕਾਨਾਂ ਦੀ ਜਾਣਕਾਰੀ ਲਈ ਕਾਲ ਕਰੋ ਜੀ :**
ਬੀਬੀ ਸਰਬਜੀਤ ਕੌਰ 209-430-9415

ਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ : 209-275-8725, ਹਰਨੇਕ ਸਿੰਘ ਅਟਵਾਲ ਵਾਈਸ ਪ੍ਰਧਾਨ - 209-351-5965
ਅਮਰਜੀਤ ਸਿੰਘ ਤੁੰਗ ਜਨਰਲ ਸੈਕਟਰੀ : 209-954-2881, ਮਨਜੀਤ ਸਿੰਘ ਮਕੇਰੀਆਂ ਸਹਾਇਕ ਸੈਕਟਰੀ :209-992-1122
ਕਸ਼ਮੀਰ ਸਿੰਘ ਮੀਤ ਪ੍ਰਧਾਨ : 209-470-7005, ਜਸਵਿੰਦਰ ਸਿੰਘ ਝਿੰਜਰ ਸਹਾਇਕ ਸੈਕਟਰੀ : 209-649-6578
ਬਲਜਿੰਦਰ ਸਿੰਘ ਖਜ਼ਾਨਚੀ : 209-603-0680, ਸ੍ਰ. ਤੇਜਪਾਲ ਸਿੰਘ ਬੈਨੀਵਾਲ ਸਹਾਇਕ ਖਜ਼ਾਨਚੀ: 209-627-9233
ਅਮੋਲਕ ਸਿੰਘ ਬਡਿਆਲ ਚੇਅਰਮੈਨ 209-483-8946, ਗੁਰਪ੍ਰੀਤ ਸਿੰਘ ਵਾਈਸ ਚੇਅਰਮੈਨ : 209-513-8101

**ਗੁਰਦੁਆਰਾ ਸਾਹਿਬ ਸਟਾਕਟਨ (209) 625-7500**

# ਅਮਰੀਕਾ ਵਿਚ ਖ਼ਰਾਬ ਮੌਸਮ ਕਾਰਨ ਹਜ਼ਾਰਾਂ ਉਡਾਣਾਂ ਰੱਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੇਂਦਰੀ ਅਮਰੀਕਾ ਦੇ ਜਿਆਦਾਤਰ ਹਿੱਸੇ ਵਿਚ ਜਬਰਦਸਤ ਤੂਫ਼ਾਨ ਆਉਣ ਦੀ ਕੀਤੀ ਗਈ ਭਵਿੱਖਬਾਣੀ ਦੇ ਦਰਮਿਆਨ ਵੱਖ ਵੱਖ ਏਅਰਲਾਈਨਾਂ ਨੇ ਹਜਾਰਾਂ ਉਡਾਣਾਂ ਰੱਦ ਕਰ ਦਿੱਤੀਆਂ ਹਨ ਜਾਂ ਉਨਾਂ ਦੇ ਸਮੇ ਵਿਚ ਤਬਦੀਲੀ ਕੀਤੀ ਗਈ ਹੈ ਜਿਸ ਕਾਰਨ ਯਾਤਰੀਆਂ ਦੀਆਂ ਪ੍ਰੇਸ਼ਾਨੀਆਂ ਵਧ ਗਈਆਂ ਹਨ। ਫਲਾਈਟ ਟਰੈਕਿੰਗ ਵੈਬਸਾਈਟ ਫਲਾਈਅਵੇਅਰ ਅਨੁਸਾਰ ਦੁਪਹਿਰ ਬਾਅਦ 1.30 ਵਜੇ ਤੱਕ 670 ਤੋਂ ਵਧ ਉਡਾਣਾਂ ਰੱਦ ਕੀਤੀਆਂ ਜਾ ਚੁੱਕੀਆਂ ਸਨ ਜਦ ਕਿ 2700 ਉਡਾਣਾਂ ਦੇ ਸਮੇ ਵਿਚ ਤਬਦੀਲੀ ਕੀਤੀ ਗਈ ਹੈ। ਡੈਲਟਾ ਏਅਰ ਲਾਈਨਜ਼ ਨੇ ਆਪਣੀਆਂ 303 ਅਰਥਾਤ 9% ਉਡਾਣਾਂ ਰੱਦ ਕਰ ਦਿੱਤੀਆਂ ਹਨ। ਜਿਆਦਾਤਰ ਮਾਮਲਿਆਂ ਵਿਚ ਰੱਦ ਹੋਈਆਂ ਉਡਾਣਾਂ ਦੇ ਯਾਤਰੀ ਆਪਣਾ ਪੂਰਾ ਪੈਸਾ ਵਪਿਸ ਲੈ ਸਕਦੇ ਹਨ ਜਾਂ ਨਵੇਂ ਸਿਰੇ ਤੋਂ ਬਦਲਵੀਂ ਤਰੀਕ 'ਤੇ ਆਪਣੀ ਸੀਟ ਬੁੱਕ ਕਰਵਾ ਸਕਦੇ ਹਨ।

# ਅਮਰੀਕੀ ਸਰਹੱਦ ਨੇੜੇ ਕੈਨੇਡਾ ਪੁਲਿਸ ਵੱਲੋਂ 8 ਲਾਸ਼ਾਂ ਬਰਾਮਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਨੇਡਾ ਪੁਲਿਸ ਵੱਲੋਂ ਅਮਰੀਕੀ ਸਰਹੱਦ ਨੇੜੇ ਅਕਵੈਸਾਸਨ ਵਿਚ 8 ਲਾਸ਼ਾਂ ਬਰਾਮਦ ਕਰਨ ਦੀ ਖ਼ਬਰ ਹੈ। ਅਕਵੈਸਾਸਨ ਮੋਹਾਕ ਰਾਸ਼ਟਰ ਖੇਤਰ ਹੈ ਜੋ ਕੈਨੇਡਾ ਦੇ ਕਿਊਬਕ ਤੇ ਓਨਟਾਰੀਓ ਰਾਜਾਂ ਵਿਚ ਸੇਂਟ ਲਾਰੈਂਸ ਦਰਿਆ ਦੇ ਨਾਲ ਨਾਲ ਫੈਲਿਆ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਮਾਰੇ ਗਏ ਸਾਰੇ ਲੋਕ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਅਕਵੈਸਾਸਨ ਮੋਹਾਕ ਪੁਲਿਸ ਮੁੱਖੀ ਸ਼ਾਨ ਡੂਲਿਊਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮ੍ਰਿਤਕਾਂ ਵਿਚ 6 ਬਾਲਗ ਤੇ 2 ਬੱਚੇ ਸ਼ਾਮਿਲ ਹਨ। ਪੁਲਿਸ ਨੇ ਕਿਹਾ ਹੈ ਕਿ ਵਿਸ਼ਵਾਸ਼ ਕੀਤਾ



ਅਕਵੈਸਾਸਨ ਵਿਚ ਪੁਲਿਸ ਪੀੜਤਾਂ ਦੀ ਭਾਲ ਕਰਦੀ ਹੋਈ।

ਜਾਂਦਾ ਹੈ ਕਿ ਮ੍ਰਿਤਕਾਂ ਵਿਚ ਇਕ ਰੋਮਾਨੀਅਨ ਤੇ ਇਕ ਭਾਰਤੀ ਪਰਿਵਾਰ ਦੇ ਲੋਕ ਸ਼ਾਮਿਲ ਹਨ। ਦਰਿਆ ਵਿਚੋਂ ਪੁਲਿਸ ਹੋਰ ਸੰਭਾਵੀ ਲਾਸ਼ਾਂ ਦੀ ਭਾਲ ਕਰ ਰਹੀ ਹੈ।

# ਜਾਰਜੀਆ ਦੀ ਵਿਧਾਨ ਸਭਾ ਵੱਲੋਂ ਹਿੰਦੂਤਵ ਵਿਰੁੱਧ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਜਾਰਜੀਆ ਦੀ ਵਿਧਾਨ ਸਭਾ ਨੇ ਹਿੰਦੂਤਵ ਉਪਰ ਹੋ ਰਹੇ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ ਕੀਤਾ ਹੈ। ਪ੍ਰਸਤਾਵ ਵਿਚ ਹਿੰਦੂਫੋਬੀਆ, ਹਿੰਦੂ ਧਰਮ ਵਿਰੁੱਧ ਕੱਟੜਤਾ ਤੇ ਅਸਹਿਣਸ਼ੀਲਤਾ ਦੀ ਨਿੰਦਾ ਕੀਤੀ ਗਈ ਹੈ। ਵਿਧਾਨ ਸਭਾ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਭਰ ਦੇ ਰਾਜਾਂ ਵੱਲੋਂ ਹੋਰ ਧਰਮਾਂ ਬਾਰੇ ਵਿਖਾਈ ਜਾਂਦੀ ਕੱਟੜਤਾ ਵਿਰੁੱਧ ਮਤੇ ਪਾਸ ਕੀਤੇ ਗਏ ਹਨ ਪਰੰਤੂ ਹਿੰਦੂ ਧਰਮ ਬਾਰੇ ਕਿਸੇ ਵੀ ਰਾਜ ਵੱਲੋਂ ਅਜਿਹਾ ਮਤਾ ਪਾਸ ਨਹੀਂ ਕੀਤਾ ਗਿਆ। ਹਿੰਦੂ ਧਰਮ ਬਾਰੇ ਮਤਾ ਪਾਸ ਕਰਨ ਵਾਲਾ ਜਾਰਜੀਆ ਪਹਿਲਾ ਰਾਜ ਬਣ ਗਿਆ ਹੈ। ਇਹ ਮਤਾ 5 ਵਿਧਾਇਕਾਂ ਵੱਲੋਂ ਪੇਸ਼ ਕੀਤਾ ਗਿਆ ਸੀ ਜਿਸ ਵਿਚ ਹਿੰਦੂਆਂ ਤੇ ਹਿੰਦੂ ਧਰਮ ਦੀ ਵਿਸ਼ਵ ਨੂੰ ਦੇਣ ਦਾ ਵਰਣਨ



ਕੀਤਾ ਗਿਆ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਵਿਧਾਨ ਸਭਾ ਹਿੰਦੂ ਅਮਰੀਕੀਆਂ ਵੱਲੋਂ ਲਿਆਂਦੀ ਭਿੰਨਤਾ ਤੇ ਪਰਿਵਾਰਕ ਕਦਰਾਂ ਕੀਮਤਾਂ ਬਹਾਲ ਰਖਣ ਦਾ ਸਵਾਗਤ ਕਰਦੀ ਹੈ ਤੇ ਉਨਾਂ ਸਾਰੇ ਲੋਕਾਂ ਨੂੰ ਜੀ ਆਇਆਂ ਕਹਿੰਦੀ ਹੈ ਜਿਨਾਂ ਨੇ ਸਖਤ ਮਿਹਨਤ ਦੁਆਰਾ ਆਰਥਕ ਤੇ ਸਮਾਜਿਕ ਵਿਕਾਸ ਵਿਚ ਯੋਗਦਾਨ ਪਾਇਆ।

# ਭਾਰਤ-ਅਮਰੀਕਾ ਦੇ ਦੁਵੱਲੇ ਸਬੰਧਾਂ 'ਚ ਨਵੀਂ ਗਤੀਸ਼ੀਲਤਾ ਆਈ: ਰਾਜਦੂਤ ਸੰਧੂ

ਵਾਸ਼ਿੰਗਟਨ : ਅਮਰੀਕਾ ਵਿਚ ਭਾਰਤ ਦੇ ਚੋਟੀ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਦੁਵੱਲੇ ਸਬੰਧਾਂ ਨੂੰ ਹੁਲਾਰਾ ਦੇਣ ਵਾਲੀਆਂ ਵਜ ?ਹਾ ਦੇ ਤੌਰ 'ਤੇ ਭੂ-ਰਾਜਨੀਤਿਕ ਅਤੇ ਆਰਥਿਕ ਭਾਈਵਾਲੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅਗਲੇ ਪੱਧਰ ਵੱਲ ਵੱਧ ਰਹੇ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿਚ ਨਵੀਂ ਗਤੀਸ਼ੀਲਤਾ ਪੈਦਾ ਹੋਈ ਹੈ। ਇੱਥੇ 'ਇੰਡੀਅਨ ਅਮਰੀਕਨ ਇੰਟਰਨੈਸ਼ਨਲ ਚੈਂਬਰ ਆਫ ਕਾਮਰਸ' ਦੀ 30ਵੀਂ ਵਰ੍ਹੇਗੰਢ ਨੂੰ ਸੰਬੋਧਨ ਕਰਦਿਆਂ ਰਾਜਦੂਤ ਸੰਧੂ ਨੇ ਕਿਹਾ ਕਿ ਸਬੰਧਾਂ ਦੀ ਮਜ਼ਬੂਤੀ ਵਿਚ ਭਾਰਤ ਦੀਆਂ ਘਰੇਲੂ ਸਮਰੱਥਾਵਾਂ ਅਹਿਮ ਕਾਰਕ ਰਹੀਆਂ ਹਨ।

ਉਨ੍ਹਾਂ ਕਿਹਾ, "ਪਿਛਲੇ ਕੁਝ ਸਾਲਾਂ ਵਿੱਚ ਆਰਥਿਕ ਭਾਗੀਦਾਰੀ ਸੱਚਮੁੱਚ ਤੇਜ਼ ਹੋਈ ਹੈ। ਜਦੋਂ 2020 ਵਿਚ ਮੈਂ ਰਾਜਦੂਤ ਦਾ ਅਹੁਦਾ ਸੰਭਾਲਿਆ ਸੀ ਤਾਂ ਭਾਰਤ-ਅਮਰੀਕਾ ਦਾ ਵਪਾਰ ਲਗਭਗ 146 ਅਰਬ ਡਾਲਰ ਸੀ।



ਪਿਛਲੇ ਸਾਲ ਇਹ 190 ਅਰਬ ਡਾਲਰ ਦੇ ਪਾਰ ਚਲਾ ਗਿਆ, ਜੋ ਕੋਵਿਡ ਅਤੇ ਕੋਈ ਐੱਫ.ਟੀ.ਏ. (ਮੁਕਤ ਵਪਾਰ ਸਮਝੌਤਾ) ਨਾ ਹੋਣ ਦੇ ਬਾਵਜੂਦ ਸਿਰਫ਼ ਤਿੰਨ ਸਾਲਾਂ ਵਿੱਚ 30 ਫ਼ੀਸਦੀ ਦਾ ਜ਼ਿਕਰਯੋਗ ਵਾਧਾ ਹੈ।' ਸੰਧੂ ਨੇ ਕਿਹਾ ਕਿ ਇਸ ਗਤੀਸ਼ੀਲਤਾ ਨੂੰ ਆਕਾਰ ਦੇਣ ਵਿਚ ਭੂ-ਰਾਜਨੀਤੀ ਇੱਕ ਕਾਰਕ ਰਹੀ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਮਾਰੀ ਉਦਯੋਗ ਲਈ ਇੱਕ ਚੇਤਾਵਨੀ ਸੀ ਕਿ ਹੁਣ ਪਹਿਲਾਂ ਦੀ ਤਰ੍ਹਾਂ ਵਪਾਰ ਨਹੀਂ ਹੋ ਸਕਦਾ, ਖ਼ਾਸ ਕਰਕੇ ਜਦੋਂ ਗੱਲ ਗਲੋਬਲ ਸਪਲਾਈ ਚੇਨਾਂ ਦੀ ਆਉਂਦੀ ਹੈ। ਉਨ੍ਹਾਂ ਕਿਹਾ, 'ਅਮਰੀਕਾ ਦੀਆਂ 2,000 ਤੋਂ ਵੱਧ ਕੰਪਨੀਆਂ ਭਾਰਤ ਵਿੱਚ ਆਪਣੀ ਮੌਜੂਦਗੀ ਵਧਾਉਣਾ ਚਾਹੁੰਦੀਆਂ ਹਨ, ਜਦੋਂ ਕਿ ਅਮਰੀਕਾ ਦੇ ਸਾਰੇ 50 ਰਾਜਾਂ ਵਿਚ ਭਾਰਤ ਦੀ 200 ਤੋਂ ਵੱਧ ਭਾਰਤੀ ਕੰਪਨੀਆਂ ਮੌਜੂਦ ਹਨ। ਭਾਰਤ ਦੀ ਘਰੇਲੂ ਸਮਰੱਥਾ ਇਸ ਗਤੀਸ਼ੀਲਤਾ ਵਿੱਚ ਇੱਕ ਮਹੱਤਵਪੂਰਨ ਕਾਰਕ ਰਹੀ ਹੈ।' ਭਾਰਤੀ ਰਾਜਦੂਤ ਨੇ ਕਿਹਾ ਕਿ ਭਾਰਤ, ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਹੈ ਅਤੇ ਉਹ ਵੱਡੇ ਦੇਸ਼ਾਂ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਰਿਹਾ ਹੈ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਅਸੀਂ ਉਨ੍ਹਾਂ ਦੇ ਇਸ ਹਫਤੇ ਤੋਂ ਲਗਾਤਾਰ ਆਰਟੀਕਲ ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਸਾਨੂੰ ਯਕੀਨ ਹੈ ਕਿ ਪਾਠਕ ਇਸਨੂੰ ਪੜ੍ਹਕੇ ਕੌਮ ਦੇ ਸੁਨਹਿਰੀ ਭਵਿੱਖ ਬਾਰੇ ਸੋਚਣਗੇ ਅਤੇ ਏਕਤਾ ਅਤੇ ਸਮੇਂ ਸਿਰ ਠੀਕ ਫੈਸਲੇ ਲੈਣ ਲਈ ਪ੍ਰੇਰਤ ਕਰਨਗੇ : ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਇਨਸਾਨ ਅਤੇ ਉਸ ਦੇ ਰਚਨਹਾਰ ਕਰਤੇ ਵਿਚ ਵਿਚੋਲਾ ਰਹਿਤ ਰਿਸ਼ਤਾ ਕਾਇਮ ਕਰਨ ਲਈ :

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥**
**(ਅੰਗ ੧੩੯੫)**

ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ। ਅਕਾਲ ਦੀ ਆਗਿਆ ਭਈ ਅਤੇ ਇਸ ਮੁਤਾਬਕ ਨਾਨਕ ਨੇ ਜਗਤ ਵਿਚ ਸਿੱਕਾ ਮਾਰ ਕੇ ਨਿਰਮਲ ਪੰਥ ਦੀ ਨੀਂਹ ਰੱਖੀ। ਫਿਰ ਬਾਬੇ ਨੇ ਚਾਰੋਂ ਚਕ ਤਾਰਣ ਅਤੇ ਧਰਤ ਲੋਕਾਈ ਨੂੰ ਸੋਧਣ ਲਈ ਥਾਂ-ਥਾਂ ਸੰਗਤਾਂ ਕਾਇਮ ਕੀਤੀਆਂ। ਜਿਵੇਂ ਛੋਟੀ ਸੰਗਤ, ਬੜੀ ਸੰਗਤ, ਮੈਣੀ ਸੰਗਤ ਆਦਿ ਆਦਿ। ਇਨ੍ਹਾਂ ਸੰਗਤਾਂ ਵਿਚ ਕੇਵਲ ਏਕੋ ਨਾਮ ਦਾ ਹੀ ਵਖਾਣ ਹੁੰਦਾ ਸੀ।

ਹੁਣ ਇਨ੍ਹਾਂ ਸੰਗਤਾਂ ਨੂੰ ਪੂਰੇ ਗੁਰੂ, ਕੇਂਦਰੀ ਧੁਰੇ, ਮਰਕਜ਼ ਨਾਲ ਜੋੜੀ ਰੱਖਣ ਲਈ ਗੁਰੂ ਅਮਰਦਾਸ ਜੀ ਨੇ ਮਸਨਦ (ਗੱਦੀ) 'ਤੇ ਆਸੀਨ ਮਸੰਦ ਕਾਇਮ ਕੀਤੇ। ਵਕਤ ਪਾ ਕੇ ਇਹ ਮਸੰਦ ਵੀ ਗੁਰੂ ਸਾਹਿਬ ਨੂੰ ਖ਼ੁਦ ਸਮਾਪਤ ਕਰਨੇ ਪਏ ਅਤੇ ਮਸੰਦਾਂ ਨੂੰ ਨਾ ਮੰਨਣ ਦੇ ਹੁਕਮਨਾਮੇ ਸੰਗਤਾਂ ਦੇ ਨਾਮ ਜਾਰੀ ਕੀਤੇ।

ਫਿਰ 1699 ਦੀ ਪਾਵਨ ਵੈਸਾਖੀ ਵਾਲੇ ਦਿਨ ਗੁਰੂ ਕਲਗੀਧਰ ਪਿਤਾ ਨੇ ਗੁਰੂ ਨਾਨਕ ਸਾਹਿਬ ਦੀ ਕਾਇਮ ਕੀਤੀ ਸੰਗਤ ਨੂੰ ਸੰਗਤ ਕੀਨੀ ਖਾਲਸਾ ਕਰ ਕੇ ਇਸ ਨੂੰ ਵਾਹਿਗੁਰੂ ਜੀ ਕਾ ਖਾਲਸਾ ਬਣਾ ਦਿੱਤਾ। 'ਸਿਰਾਤੁਲ ਇਸਤਲਾਹ' ਅਤੇ ਹੋਰ ਸਾਰੇ ਸ਼ਬਦ ਕੋਸ਼ਾਂ ਮੁਤਾਬਕ ਖਾਲਸਾ ਇਕ ਕਾਨੂੰਨੀ ਲਫ਼ਜ਼ ਹੈ ਜਿਸ ਦਾ ਅਰਥ ਹੈ ਉਹ ਜ਼ਮੀਨ ਜੋ ਕਿਸੇ ਸਰਕਾਰੀ ਅਧਿਕਾਰੀ ਜਾਂ ਨਵਾਬ ਦੇ ਅਧੀਨ ਨਾ ਹੋ ਕੇ ਸਿੱਧੀ ਹੀ ਬਾਦਸ਼ਾਹ ਦੇ ਅਧੀਨ ਹੁੰਦੀ ਹੈ। ਇਸ 'ਤੇ ਕੋਈ ਮਾਲੀਆ ਨਹੀਂ ਹੁੰਦਾ। ਹੁਣ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਖ਼ੁਦਮੁਖਤਿਆਰੀ ਬਖਸ਼ ਕੇ ਇਸ ਨੂੰ ਵਾਹਿਗੁਰੂ ਜੀ ਕਾ ਖਾਲਸਾ ਬਣਾ ਦਿੱਤਾ। ਹੁਣ ਇਹ ਕਹਿ ਸਕਦਾ ਸੀ '**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਢ ਤਰੇ ਨਹੀ ਆਨਜੋ ॥**'

ਰੂਹਾਨੀਅਤ ਦੇ ਸੰਸਾਰ ਵਿਚ ਇਕ ਅਜਬ ਕ੍ਰਿਸ਼ਮਾ ਵਾਪਰਿਆ। ਉਹ ਕੈਸਾ ਨਜ਼ਾਰਾ ਹੋਵੇਗਾ ਜਦ ਪੰਥ ਦਾ ਵਾਲੀ ਖ਼ੁਦ ਹੀ ਅੰਮ੍ਰਿਤ ਦੀ ਯਾਚਨਾ ਲਈ ਆਪਣੇ ਹੀ ਸਾਜੇ ਖਾਲਸੇ ਦੇ ਸਨਮੁਖ ਬੀਰ ਆਸਨ ਹੋ ਕੇ ਨਤਮਸਤਕ ਹੋਇਆ ਹੋਵੇਗਾ। ਇਸ ਇਤਿਹਾਸਕ ਵਾਰਤਾ ਨੂੰ ਗੁਰੂ ਸਾਹਿਬ ਦਾ ਸਮਕਾਲੀ ਕਵੀ ਕੰਕਣ ਬਿਆਨ ਕਰਦਾ ਹੈ :

**ਜਿਹ ਬਿਧ ਪਾਹੁਲ ਗੁਰ ਦਈ ਤਿਹ ਬਿਧਿ ਤਿਨਸੋਂ ਲੀਨ।**
**ਆਪੁ ਸਿਖ ਤਿਨਕਾ ਭਯਾ ਇਹੀ ਕਾਮ ਗੁਰ ਕੀਨ ॥**
**੨੧੭ ॥**

ਕੰਕਣ ਕਵੀ ਹੁਣ ਉਸ ਸਾਰੇ ਕਰਿਸ਼ਮੇ ਦਾ ਜ਼ਿਕਰ ਕਰਦਾ ਹੈ ਜੋ ਉਸ ਸਮੇਂ ਵਾਪਰਿਆ ਅਤੇ ਗੁਰੂ ਸਾਹਿਬ ਨੇ ਉਸ ਸਮੇਂ ਬਚਨ ਕੀਤੇ:

**ਵਾਹਿਗੁਰੂ ਇਹ ਬਚਨ ਸੁਨਾਯਾ।**
**ਗੁਰੂ ਖਾਲਸਾ ਨਾਮ ਧਰਾਯਾ।**
**ਤੁਮ ਮੇਰੇ ਮੈਂ ਤੁਮਰਾ ਹੂਆ ॥**
**ਤੁਮਰਾ ਹਮਰਾ ਗੁਰੂ ਨ ਦੂਆ ॥੨੧੮ ॥...**
**ਸਿਖ ਸਭੈ ਹਮਰੇ ਗੁਰ ਹੋ ਤੁਮ,**
**ਮੈਂ ਹੋ ਗੁਰੂ ਜਗ ਮਾਹਿ ਤੁਮਾਰਾ।**
**ਜੋ ਕਰਿ ਹੈ ਤੁਮਰਾ ਕੋਊ ਦਰਸ਼ਨ,**
**ਜਾਨੋ ਕੀਯਾ ਤਿਨ ਦਰਸ ਹਮਾਰਾ।**
**ਜੋ ਤੁਮ ਮਾਂਗ ਲਹੋ ਮਿਲ**
**ਪਾਂਚ ਸੁਈ ਕਛੁ ਹੋਇ ਨ ਲਾਗ ਹੈ ਬਾਰਾ।**
**ਹੈ ਅਰਦਾਸ ਮੇਂ ਆਇ ਰਹਾ**
**ਫਲ ਜੌ ਕਲਿ ਮੈਂ ਕੋਊ**
**ਮਾਂਗਨਹਾਰਾ ॥ ੨੨੪ ॥**

ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਟੂਣੇ ਟਾਮਣ ਕਰਨ ਅਤੇ ਕੰਨਾਂ ਵਿਚ ਫੂਕਾਂ ਮਾਰਨ ਵਾਲੇ, ਪੁੱਤ ਵੰਡਣ ਵਾਲੇ ਭੇਖੀ ਅਤੇ ਪਾਖੰਡੀ ਗੁਰੂਆਂ ਅਤੇ ਸਾਧਾਂ ਦਾ ਜ਼ਿਕਰ ਕਰਦਿਆਂ ਇਨ੍ਹਾਂ ਤੋਂ ਖਬਰਦਾਰ ਕੀਤਾ ਕਿ ਕਿਸ ਤਰ੍ਹਾਂ ਇਨ੍ਹਾਂ ਦਾ ਪਹਿਲਾ ਸ਼ਿਕਾਰ ਬੀਬੀਆਂ ਹੁੰਦੀਆਂ ਹਨ :

**ਕਲਿਮਹਿ ਹੋਹਿੰ ਪਖੰਡ ਅਨੇਕਾ।**
**ਜੋ ਮਮ ਸਿੱਖ ਨ ਮਾਨੈ ਏਕਾ।**
**ਟਾਮਨ ਕਰ ਕਊ ਭੀਤ ਨਚਾਵੈ।**
**ਤੌਂ ਭੀ ਮਮ ਸਿੱਖਨ ਨਹੀ ਭਾਵੈ ॥ ੨੧੯ ॥**
**ਨਿਜ ਅੰਗੂਰੀ ਤੇ ਦੂਧ ਚੁਆਵਹਿ।**
**ਆਪ ਆਪ ਕੋ ਗੁਰੁ ਕਹਾਵਹਿ।**
**ਜੁਵਤਨ (ਬੀਬੀਆਂ) ਮੁਝ ਤੇ ਥਾਪੀ ਲੇਵਹਿਂ।**
**ਤਾਂ ਕੋ ਹਮ ਪੁਤ੍ਰ ਫਲ ਦੇਵਹਿਂ ॥ ੨੨੦ ॥**

ਹਜ਼ੂਰ ਨੇ ਫਿਰ ਇਹ ਤਾੜਨਾ ਵੀ ਕੀਤੀ :

**ਸਿਖ ਹੋਇ ਸੋ ਮਾਨੈ ਨਾਹੀ।**
**ਬਚਨ ਮੋਹਿ ਰਾਖੈ ਰਿਦ ਮਾਹੀ।**
**ਜੋ ਗੁਰ ਤਯਾਗ ਅਵਰ ਪਹਿ ਜਾਵਹਿ। ਅਧਿਕ**
**ਦੂਰ ਦੋਈ ਨਰ ਪਾਵਹਿ ॥ ੨੨੧ ॥**
**ਪਰ ਗੁਰ ਜੈਸੇ ਪਰ ਭਰਤਾਰਾ।**
**ਰਮੈ ਤੀਯ ਸੌਂ ਕਹੈ ਛਿਨਾਰਾ।**
**ਨਾ ਸਸੁਰਾਰ ਨ ਪੇਈਏ ਥਾਉਂ।**
**ਤਿਨਕਾ ਕੋਊ ਲੇਤ ਨ ਨਾਉਂ ॥ ੨੨੩ ॥**
**'ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥**
**ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥'**

ਦੇ ਪਾਵਨ ਗੁਰਵਾਕ ਮੁਤਾਬਕ ਹੁਣ ਸੰਤ ਗੁਰੂ ਦੀ ਪ੍ਰਾਪਤੀ ਹੋ ਗਈ। ਇਸ ਤਰ੍ਹਾਂ ਗੁਰੂ ਚੇਲੇ ਦਾ ਭੇਦ ਸਮਾਪਤ ਕਰ ਕੇ ਇਕੋ ਬਾਟੇ ਵਿਚੋਂ ਅੰਮ੍ਰਿਤ ਦੀ ਦਾਤ ਦੇ ਗੁਰੂ ਸਾਹਿਬ ਨੇ ਨਿਆਰੇ ਖਾਲਸੇ ਦੀ ਰਚਨਾ ਕੀਤੀ। ਇਸ ਨਵਜਾਤ ਅਕਾਲ ਪੁਰਖ ਕੀ ਫੌਜ ਨੂੰ ਵਿਕਾਰਾਂ ਤੋਂ ਨਿਰਲੇਪ ਰਹਿਣ ਲਈ ਪੰਜ ਕਕਾਰਾਂ, ਕੇਸ, ਕੰਘਾ, ਕੜਾ, ਕ੍ਰਿਪਾਨ ਅਤੇ ਕਛਹਿਰੇ ਦੀ ਬਖਸ਼ਿਸ਼ ਕੀਤੀ। ਇਸ ਦੇ ਨਾਲ ਹੀ ਇਸ ਨੂੰ ਨਿਆਰੇ ਅਤੇ ਉਚੇਚੇ ਕਰਨ ਲਈ ਪਾਤਸ਼ਾਹ ਨੇ ਇਸ ਨੂੰ ਕੇਸਾਂ ਦੀ ਬੇਅਦਬੀ, ਜਗਤ ਜੂਠ ਤਮਾਕੂ, ਅਭਾਖਿਆ ਕਾ ਕੁਠਾ ਮਾਸ ਅਤੇ ਪਰ-ਤਨ ਗਾਮੀ ਹੋਣ ਤੋਂ ਵਰਜਿਤ ਹੀ ਨਹੀਂ ਕੀਤਾ ਬਲਕਿ ਇਸ ਵਿਚ ਲਿਪਤ ਹੋਣ ਨੂੰ ਬਜਰ ਕੁਰਹਿਤ ਕਹਿ ਇਸ ਨੂੰ ਪਤਿਤ ਕਰਾਰ ਦੇ ਦਿੱਤਾ। ਇਸ ਸਾਰੇ ਦਾ ਮਕਸਦ ਇਹੋ ਸੀ ਕਿ ਅੱਜ ਤੋਂ ਬਾਅਦ ਹੋਰ ਭਾਵੇਂ ਜੋ ਹੋਵੇ ਇਕ ਬਾਟੇ ਵਿਚੋਂ ਅੰਮ੍ਰਿਤਪਾਨ ਕਰਨ ਵਾਲਿਆਂ ਨੇ ਜੇ ਇਕ ਨੂੰ ਪ੍ਰਾਪਤ ਕਰਨਾ ਹੈ ਤਾਂ ਇਨ੍ਹਾਂ ਦੀ ਰਹਿਤ, ਕੁਰਹਿਤ ਕਹਿ ਇਸ ਨੂੰ ਪਤਿਤ ਕਰਾਰ ਦੇ ਦਿੱਤਾ। ਇਸ ਸਾਰੇ ਦਾ ਮਕਸਦ ਇਹੋ ਸੀ ਕਿ ਅੱਜ ਤੋਂ ਬਾਅਦ ਹੋਰ ਭਾਵੇਂ ਜੋ ਹੋਵੇ ਇਕ ਬਾਟੇ ਵਿਚੋਂ ਅੰਮ੍ਰਿਤਪਾਨ ਕਰਨ ਵਾਲਿਆਂ ਨੇ ਜੇ ਇਕ ਨੂੰ ਪ੍ਰਾਪਤ ਕਰਨਾ ਹੈ ਤਾਂ ਇਨ੍ਹਾਂ ਦੀ ਰਹਿਤ, ਕੁਰਹਿਤ, ਬਾਣਾ-ਬਾਣੀ, ਆਸ਼ਾ, ਇਸ਼ਟ, ਉਪਾਸਨਾ ਤਾਂ ਇਕ ਹੋਵੇ। ਹਰ ਔਖੀ ਘੜੀ ਵਿਚ ਸਾਡੇ ਬਜ਼ੁਰਗਾਂ ਨੇ ਇਸ ਅਹਿਦ ਦੀ ਪਾਲਣਾ ਕੀਤੀ ਅਤੇ ਆਪਣੇ ਲਹੂ ਨਾਲ ਸੁਨਹਿਰੀ ਇਤਿਹਾਸ ਦੀ ਰਚਨਾ ਕੀਤੀ।

ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਇਕ ਹੋਰ ਵੱਡੀ ਕਾਮਯਾਬ ਲੜਾਈ ਲੜੀ ਗਈ। ਉਸ ਦੀ ਪੁਰਾਤਨ ਰਹਿਤਨਾਮਿਆਂ ਦਾ ਡੂੰਘਾ ਵਿਸ਼ਲੇਸ਼ਣ ਕਰ ਕੇ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨਾ। ਇਸ ਵਿਚ ਜਿਤਨਾ ਸਮਾਂ, ਸੋਚ ਅਤੇ ਹੋਰ ਪੱਧਰ 'ਤੇ ਪੰਥਕ ਸਨਮਾਨਿਤ ਹਸਤੀਆਂ ਦੀ ਸ਼ਮੂਲੀਅਤ ਹੋਈ ਉਹ ਆਪਣੇ ਆਪ ਵਿਚ ਹੀ ਇਕ ਇਤਿਹਾਕਸ ਘਟਨਾ ਹੈ। ਮਰਯਾਦਾ ਲਫ਼ਜ਼ ਮਰਯਾ ਤੋਂ ਬਣਿਆ ਹੈ ਜਿਸ ਦੇ ਅਰਥ ਹੁੰਦੇ ਹਨ ਨਦੀ ਦੇ ਕਿਨਾਰੇ। ਜੇ ਤਾਂ ਨਦੀ ਦਾ ਵੇਗ ਆਪਣੇ ਕਿਨਾਰਿਆਂ, ਆਪਣੀ ਮਰਯਾ ਦੇ ਵਿਚ ਹੈ ਤਾਂ ਇਹ ਨਦੀ ਹੈ ਨਹੀਂ ਤਾਂ ਇਹ ਹੜ੍ਹ ਅਤੇ ਤਬਾਹੀ ਹੋ ਨਿਬੜਦੀ ਹੈ। ਇਸੇ ਤਰ੍ਹਾਂ ਸਿੱਖ ਦੀ ਜ਼ਿੰਦਗੀ ਵੀ ਜਾਂ ਤਾਂ ਮਰਯਾਦਾ ਵਿਚ ਹੈ ਤਾਂ ਇਹ ਜੀਵਨ ਹੈ ਨਹੀਂ ਤਾਂ ਕੁਝ ਵੀ ਨਹੀਂ। ਗੁਰਮਤਿ ਦਾ ਮਾਰਗ ਗਾਡੀ ਰਾਹ ਹੈ। ਰੇਲ ਗੱਡੀ ਵੀ ਲਾਈਨ ਤੋਂ ਲਾਂਭੇ ਹੋ ਖੁੱਡੇ ਲਾਈਨ ਹੋ ਜਾਂਦੀ ਹੈ।

ਇਹ ਸਿੱਖ ਰਹਿਤ ਮਰਯਾਦਾ ਜੋ ਅਕਾਲ ਤਖ਼ਤ ਸਾਹਿਬ ਨੂੰ ਪ੍ਰਵਾਨਤ ਕਰ ਕੇ ਜਾਰੀ ਕੀਤੀ ਹੈ ਉਸ ਨੂੰ ਛਪਵਾਇਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੈ। ਇਹ ਗੁਰੂ ਪੰਥ ਦੀ ਸਾਂਝੀ ਸੋਚ ਦਾ ਪ੍ਰਗਟਾਵਾ ਹੈ। ਨਿੱਜੀ ਸੋਚ ਕਦੇ ਵੀ ਸਾਂਝੀ ਸੋਚ ਦਾ ਬਦਲ ਨਹੀਂ ਹੋ ਸਕਦਾ।

ਕਿਤਨੀ ਤ੍ਰਾਸਦੀ ਹੈ ਕਿ ਪੰਜ ਸ਼ਰਾਬੀ ਤਾਂ ਕਿਸੇ ਮੈਖਾਨੇ ਵਿਚ ਇਕੱਠੇ ਬੈਠ ਸਕਦੇ ਹਨ ਪਰ ਅੱਜ ਅੰਮ੍ਰਿਤਧਾਰੀ ਹੋਣ ਦਾ ਦਾਅਵਾ ਕਰਨ ਵਾਲੇ ਪੰਥ ਸਿੰਘ ਇਕੱਠੇ ਬੈਠਣ ਨੂੰ ਤਿਆਰ ਨਹੀਂ।

ਕਿਸੇ ਨੂੰ ਵੀ ਇਹ ਹੱਕ ਨਹੀਂ ਕਿ ਉਹ ਰਹਿਤਾਂ, ਕੁਰਹਿਤਾਂ, ਕਕਾਰਾਂ, ਨਿਤਨੇਮ ਅਤੇ ਅੰਮ੍ਰਿਤ ਸੰਸਕਾਰ ਦੀਆਂ ਬਾਣੀਆਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਰੇ ਟਿੱਪਣੀਆਂ ਕਰੇ।

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਹੀ ਪੰਥ ਦਾ ਵਿਧਾਨ ਹੈ। ਹਰ ਸਿੱਖ ਦਾ ਜਾਤੀ ਅਤੇ ਜਮਾਤੀ ਤੌਰ 'ਤੇ ਫਰਜ਼ ਹੈ ਕਿ ਉਹ ਦ੍ਰਿੜ੍ਹ ਕਰੇ ਕਿ ਹਰ ਸੰਸਥਾ, ਡੇਰਾ, ਟਕਸਾਲ ਅਤੇ ਜਥਾ ਪੰਥ ਦਾ ਸਤਿਕਾਰਾਤ ਅੰਗ ਹੈ ਅਤੇ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਉਸਦਾ ਫਰਜ਼ ਅਤੇ ਹੱਕ ਹੈ।

**ਤੂੰ ਇਧਰ ਉਧਰ ਕੀ ਬਾਤ ਨਾ ਕਰ,**
**ਯੇਹ ਬਤਾ ਕਿ ਕਾਫਿਲਾ ਲੁਟਾ ਕਿਉਂ ?**
**ਹਮੇਂ ਰਾਹ ਜ਼ਨੇ ਕਾ ਗਮ ਨਹੀਂ**
**ਤੇਰੀ ਰਹਿਬਰੀ ਕਾ ਸਵਾਲ ਹੈ।**

ਹੁਣ ਇਹ ਪੰਥਕ ਲੋੜ ਹੀ ਨਹੀਂ ਬਲਕਿ ਇਸ ਦੇ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਹੈ। ਇਸ ਵਿਚ ਕੌਮੀ ਲੀਡਰਸ਼ਿਪ ਅਤੇ ਖਾਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਪਸ਼ਟ ਅਤੇ ਦ੍ਰਿੜ੍ਹ ਅਗਵਾਈ ਦੀ ਲੋੜ ਹੈ। ਨਹੀਂ ਤਾਂ ਪਤਿਤਪੁਣੇ ਦਾ ਅਜਗਰ ਅਤੇ ਗੁਰੂ ਡੰਮ ਦਾ ਦੈਂਤ ਸਤਿ ਸ੍ਰੀ ਅਕਾਲ ਪੁਰਖ ਜੀ ਕੇ ਖਾਲਸੇ ਦੀ ਹਸਤੀ ਨੂੰ ਮਿਟਾਉਣ ਲਈ ਤਤਪਰ ਹੈ। ਕੇਵਲ ਸ਼ਤਾਬਦੀਆਂ ਮਨਾ ਲੈਣਾ ਅਤੇ ਲੀਡਰਾਂ ਦੀ ਜੈ ਜੈ ਕਾਰ ਕਰ ਲੈਣ ਨਾਲ ਹੀ ਬੁਚੜਖਾਨੇ ਵੱਲ ਵਧ ਰਹੇ ਕਦਮ ਨਹੀਂ ਰੁਕ ਸਕਣਗੇ।

'**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥**' ਦੇ ਹੁਕਮ ਅਨੁਸਾਰ ਪਾਵਨ ਵੈਸਾਖੀ ਦਾ ਸੰਦੇਸ਼ ਪੁਕਾਰ ਰਿਹਾ ਹੈ, '**ਕੂੰਜੜੀਆਂ ਵੈਸਾਖ ਵਿਚਿ ਜਿਉ ਜੂਹ ਪਰਾਈਐ ॥ ਵਿਣੁ ਗੁਰ ਮੁਕਤਿ ਨ ਹੋਵਈ ਫਿਰਿ ਆਈਐ ਜਾਈਐ ॥ ੧੬ ॥**'
(ਵਾਰ ੩੬, ਪਉੜੀ ੧੬)

## ਜਲੰਧਰ 'ਚ ਹੋਣ ਵਾਲੀ ਜ਼ਿਮਨੀ ਚੋਣ ਵਿੱਚ ਸਿੱਖ ਸਦਭਾਵਨਾ ਦਲ ਹਿੱਸਾ ਲਵੇ : ਭਾਈ ਸੁਖਵਿੰਦਰ ਸਿੰਘ ਨਾਗੋਕੇ

ਅੰਮ੍ਰਿਤਸਰ : ਭਾਈ ਸੁਖਵਿੰਦਰ ਸਿੰਘ ਨਾਗੋਕੇ ਹਜ਼ੂਰੀ ਕੀਰਤਨੀਏ ਸੱਚਖੰਡ ਸ੍ਰੀ ਦਰਬਾਰ ਸਾਹਿਬ ਇੱਕ ਬਿਆਨ ਵਿੱਚ ਆਖਿਆ ਕਿ ਪਿਛਲੇ ਲੰਮੇ ਸਮੇਂ ਤੋਂ ਭਾਈ ਬਲਦੇਵ ਸਿੰਘ ਵਡਾਲਾ ਮੁੱਖ ਸੇਵਾਦਾਰ ਸਿੱਖ ਸਦਭਾਵਨਾਂ ਦਲ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਸ਼੍ਰੋਮਣੀ ਕਮੇਟੀ ਵੱਲੋ ਗੁੰਮ ਕੀਤੇ ਸਰੂਪਾਂ ਨੂੰ ਲੈ ਕੇ ਪਿਛਲੇ 30 ਮਹੀਨੇ ਤੋਂ ਮੋਰਚਾ ਲਾਈ ਬੈਠੇ ਹਨ। ਅਜੇ ਤੱਕ ਆਪ ਸਰਕਾਰ, ਕਾਂਗਰਸੀਆਂ, ਭਾਜਪਾਈਆਂ, ਕਮਿਊਨਿਸਟਾਂ ਨੇ ਅਵਾਜ਼ ਨਹੀਂ ਉਠਾਈ ਕੋਈ ਵੀ ਧਿਰ ਅਵਾਜ਼ ਉਠਾਉਣ ਲਈ ਅੱਗੇ ਨਹੀਂ ਆਈ ਅਤੇ ਸ਼੍ਰੋਮਣੀ ਕਮੇਟੀ ਦੇ ਕੰਨ ਤੇ ਜੂੰ ਨਹੀਂ ਸਰਕੀ ਕਿ ਗੁਰੂ ਸਾਹਿਬ ਦੇ ਸਰੂਪਾਂ ਨੂੰ ਗੁੰਮ ਕਰਨ ਵਾਲੇ ਦੋਸ਼ੀਆਂ ਖਿਲਾਫ ਕਨੂੰਨੀ ਕਾਰਵਾਈ ਹੋ ਸਕੇ।



ਅਸੀਂ ਭਾਈ ਬਲਦੇਵ ਸਿੰਘ ਵਡਾਲਾ ਨੂੰ ਬੇਨਤੀ ਕਰਦੇ ਹਾਂ ਕਿ ਸਿੱਖ ਨੀਤੀ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਨਸਾਫ਼ ਲਈ ਜਲੰਧਰ ਵਿਖੇ ਮੋਰਚਾ ਖੋਲ ਦੇਣ। ਪੰਜਾਬ ਪੰਜਾਬੀ ਪੰਜਾਬੀਅਤ ਦੀ ਸੁਰਜੀਤੀ ਲਈ ਬੇਗਮਪੁਰੇ ਦੇ ਸੰਕਲਪ ਤਹਿਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਅਤੇ ਗੁੰਮ ਹੋਏ ਸਰੂਪਾਂ ਦੀ ਅਵਾਜ਼ ਪਾਰਲੀਮੈਂਟ ਵਿੱਚ ਚੁੱਕਣ ਲਈ ਕਮਰਕੱਸੇ ਕਰਕੇ ਯੋਗ ਉਮੀਦਵਾਰ ਖੜ੍ਹਾ ਕਰਨ। ਅਸੀਂ ਦੇਸ਼ਾਂ ਵਿਦੇਸ਼ਾਂ ਤੋ ਆਪ ਜੀ ਦਾ ਪੂਰਨ ਸਹਿਯੋਗ ਕਰਾਂਗੇ।

## ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਨੂੰ ਫੜਨ ਲਈ ਤਲਾਸ਼ੀ ਮੁਹਿੰਮ ਚਲਾਈ




ਹੁਸ਼ਿਆਰਪੁਰ ਦੇ ਪਿੰਡ ਮਹਿਣਾ ਵਿਖੇ ਬੁੱਧਵਾਰ ਨੂੰ ਵਾਰਿਸ ਪੰਜਾਬ ਡੇ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਨੂੰ ਫੜਨ ਲਈ ਤਲਾਸ਼ੀ ਮੁਹਿੰਮ ਦੌਰਾਨ ਬੈਰੀਕੇਡ ਵਾਲੀ ਸੜਕ 'ਤੇ ਪੁਲਸ ਅਤੇ ਨੀਮ ਫੌਜੀ ਬਲਾਂ ਦੇ ਜਵਾਨ ਪਹਿਰਾ ਦਿੰਦੇ ਹੋਏ।

# ਅਮਰੀਕਾ ਨੇ ਪਾਸਪੋਰਟ ਅਪਲਾਈ ਕਰਨ ਵਾਲਿਆਂ ਲਈ ਜਾਰੀ ਕੀਤੇ ਨਵੇਂ ਦਿਸ਼ਾ ਨਿਰਦੇਸ਼

ਵਾਸ਼ਿੰਗਟਨ : ਅਮਰੀਕੀ ਵਿਦੇਸ਼ ਵਿਭਾਗ ਨੇ ਗਰਮੀਆਂ ’ਚ ਅੰਤਰਰਾਸ਼ਟਰੀ ਯਾਤਰਾ ਲਈ ਆਪਣੇ ਪਾਸਪੋਰਟ ਬਣਵਾਉਣ ਵਾਲਿਆਂ ਦੀਆਂ ਪ੍ਰੇਸ਼ਾਨੀਆਂ ਨੂੰ ਹੱਲ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਵਿਭਾਗ ਨੇ ਇਕ ਬਿਆਨ ’ਚ ਕਿਹਾ ਕਿ ਅਸੀਂ ਪਾਸਪੋਰਟ ਬਣਵਾਉਣ ਵਾਲਿਆਂ ਲਈ ਸਰਵੋਤਮ ਸੰਭਵ ਸੇਵਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਕੋਵਿਡ ਮਹਾਮਾਰੀ ਦੇ ਮੱਦੇਨਜ਼ਰ ਅੰਤਰਰਾਸ਼ਟਰੀ ਪੱਧਰ ’ਤੇ ਯਾਤਰਾ ਕਰਨ ਦੇ ਕਾਰਨ ਪਾਸਪੋਰਟ ਦੀ ਬੇਮਿਸਾਲ ਮੰਗ ਹੈ। 2022 ’ਚ ਰਿਕਾਰਡ 22 ਮਿਲੀਅਨ ਪਾਸਪੋਰਟ ਪ੍ਰਕਿਰਿਆ ’ਚ ਰੱਖੇ ਗਏ ਹਨ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਇਸ ਵਿੱਤੀ ਸਾਲ ’ਚ ਫਿਰ ਤੋਂ ਉਸ ਰਿਕਾਰਡ ਨੂੰ ਤੋੜਨ ਲਈ ਤਿਆਰ ਹੈ। ਅੱਜ ਤੱਕ ਵਿਦੇਸ਼ ਵਿਭਾਗ ਨੂੰ ਪਾਸਪੋਰਟ ਲਈ ਪ੍ਰਤੀ ਹਫ਼ਤਾ 5,00,000 ਤੋਂ ਜ਼ਿਆਦਾ ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਔਸਤ ਨਾਲੋਂ 30 ਤੋਂ 40 ਫ਼ੀਸਦੀ ਵੱਧ ਹੈ।

ਵਿਭਾਗ ਨੇ ਆਪਣੇ ਕਰਮਚਾਰੀਆਂ ਦੇ ਪੱਧਰ ’ਚ ਵੀ ਵਾਧਾ ਕੀਤਾ ਹੈ, ਜਿਸ ਨਾਲ ਸੈਂਕੜੇ ਨਵੇਂ ਕਰਮਚਾਰੀਆਂ ਨੂੰ ਜੋੜਿਆ ਜਾ ਰਿਹਾ ਹੈ, ਤਾਂ ਕਿ ਮੌਜੂਦਾ ਕਰਮਚਾਰੀਆਂ ਦੇ ਓਵਰ ਟਾਈਮ ਕੰਮ ਕਰਨ ਦੀ ਸਮਰੱਥਾ ਨੂੰ ਵਧਾਉਣ ’ਚ ਮਦਦ ਮਿਲ ਸਕੇ। ਵਿਭਾਗ ਨੇ ਬਾਅਦ ’ਚ ਕਾਲਾਂ ਦੀ ਆਮਦ ਨੂੰ ਸੰਭਾਲਣ ’ਚ ਮਦਦ ਕਰਨ ਲਈ ਰਾਸ਼ਟਰੀ ਪਾਸਪੋਰਟ ਸੂਚਨਾ ਕੇਂਦਰ ’ਤੇ ਉਪਲੱਬਧ ਲਾਈਨਾਂ ਅਤੇ ਲੋਕਾਂ ਦੀ ਗਿਣਤੀ ’ਚ ਵਾਧਾ ਕੀਤਾ ਹੈ। ਯਾਤਰਾ



ਮਾਹਰ ਅਤੇ ਗੋਇੰਗ ਡਾਟ ਕਾਮ ਦੇ ਬੁਲਾਰੇ ਕੇ. ਟੀ. ਨਾਸਤਰੋ ਨੇ ਦੱਸਿਆ ਹੈ ਕਿ ਪਾਸਪੋਰਟ ਉਡੀਕ ਸਮਾਂ ਇਸ ਸਾਲ ਫਰਵਰੀ ਤੋਂ ਇਕ ਵਾਰ ਨਹੀਂ, ਸਗੋਂ ਦੋ ਵਾਰ ਵਧ ਗਿਆ ਹੈ।

ਵਿਭਾਗ ਨੇ ਕਿਹਾ ਹੈ ਕਿ ਇਸ ਸਾਲ ਕੋਈ ਵੀ ਨਿਸ਼ਚਿਤ ਅੰਤਰਰਾਸ਼ਟਰੀ ਯਾਤਰਾ ਯੋਜਨਾ ਬਣਾਉਣ ਤੋਂ ਪਹਿਲਾਂ ਆਪਣੇ ਪਾਸਪੋਰਟ ਦੀ ਅੰਤਿਮ ਤਾਰੀਖ਼ ਦੀ ਜਾਂਚ ਕਰੋ ਅਤੇ ਜੇਕਰ ਇਸ ਨੂੰ ਨਵਿਆਉਣ ਦੀ ਲੋੜ ਹੈ ਜਾਂ ਜੇਕਰ ਯਾਤਰੀ ਨੂੰ ਪਹਿਲੀ ਵਾਰ ਪਾਸਪੋਰਟ ਲਈ ਅਪਲਾਈ ਕਰਨ ਦੀ ਲੋੜ ਹੈ ਤਾਂ ਛੇਤੀ ਤੋਂ ਛੇਤੀ ਕਾਰਵਾਈ ਕਰੋ। ਪਹਿਲੀ ਵਾਰ ਅਪਲਾਈ ਕਰਨ ਵਾਲੇ ਬਾਲਗਾਂ ਅਤੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਅਪਲਾਈ ਕਰਨ ਲਈ ਆਪਣੇ ਮਾਤਾ-ਪਿਤਾ ਦੇ ਨਾਲ ਨਿੱਜੀ ਰੂਪ ’ਚ ਮੌਜੂਦ ਹੋਣਾ ਚਾਹੀਦਾ ਹੈ। ਪਾਸਪੋਰਟ ਸਵੀਕਾਰ ਕਰਨ ਦੀ ਸਹੂਲਤ ਲੱਭਣ ਲਈ ਆਨਲਾਈਨ ਚੈੱਕ ਕਰੋ, ਜਿਸ ’ਚ ਜਨਤਕ ਲਾਇਬ੍ਰੇਰੀ ਅਤੇ ਡਾਕਖ਼ਾਨਾ ਸ਼ਾਮਲ ਹੋ ਸਕਦੇ ਹਨ।

### *ਟਰੰਪ ਦਾ ਬਾਈਡੇਨ ਪ੍ਰਸ਼ਾਸਨ ਤੇ ਤਿੱਖਾ ਹਮਲਾ*

# ਵਿਸ਼ਵ ਨੂੰ ਤੀਜੇ ਵਿਸ਼ਵ ਯੁੱਧ ਦਾ ਕਰਨਾ ਪੈ ਸਕਦੈ ਸਾਹਮਣਾ

ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੌਜੂਦਾ ਪ੍ਰਸ਼ਾਸਨ ’ਤੇ ਦੇਸ਼ ਨੂੰ ਤਬਾਹ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਜੋਅ ਬਾਈਡੇਨ ਪ੍ਰਸ਼ਾਸਨ ਦੇ ਅਧੀਨ ਦੁਨੀਆ ਨੂੰ ਤੀਜੇ ਵਿਸ਼ਵ ਯੁੱਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਹੋਣ ਦਾ ਖਦਸ਼ਾ ਹੈ। ਟਰੰਪ (76) ਨੇ ਇਕ ਮਾਮਲੇ ’ਚ ਦੋਸ਼ੀ ਪਾਏ ਜਾਣ ਤੋਂ ਬਾਅਦ ਮੰਗਲਵਾਰ ਨੂੰ ਆਪਣੇ ਪਹਿਲੇ ਜਨਤਕ ਭਾਸ਼ਣ ’ਚ ਇਹ ਗੱਲ ਕਹੀ।

**ਕਈ ਦੇਸ਼ ਖੁੱਲ੍ਹੇਆਮ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਦੇ ਰਹੇ ਧਮਕੀ :** ਟਰੰਪ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਹਨ। ਉਸਨੇ ਮੰਗਲਵਾਰ ਨੂੰ ਮੈਨਹਟਨ ਦੀ ਅਦਾਲਤ ਵਿੱਚ ਪੇਸ਼ੀ ਦੌਰਾਨ ਕਾਰੋਬਾਰੀ ਰਿਕਾਰਡਾਂ ਨੂੰ ਜਾਅਲੀ ਬਣਾਉਣ ਦੇ 34 ਸੰਗੀਨ ਮਾਮਲਿਆਂ ਵਿੱਚ ਖ਼ੁਦ ਨੂੰ ਬੇਕਸੂਰ ਦੱਸਿਆ। ਟਰੰਪ ਨੇ 2016 ਦੇ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਅਸ਼ਲੀਲ ਫਿਲਮਾਂ ਦੀ ਅਭਿਨੇਤਰੀ ਸਟੋਰਮੀ ਡੇਨੀਅਲਸ ਨੂੰ ਆਪਣਾ ਮੂੰਹ ਬੰਦ ਰੱਖਣ ਲਈ ਭੁਗਤਾਨ ਕੀਤੇ ਜਾਣ ਦੇ ਦੋਸ਼ਾਂ ਨਾਲ ਸਬੰਧਤ ਅਪਰਾਧਿਕ ਸੁਣਵਾਈ ਲਈ ਮੰਗਲਵਾਰ ਨੂੰ ਮੈਨਹਟਨ ਦੀ ਅਦਾਲਤ ਵਿੱਚ ਪਹੁੰਚ ਕੀਤੀ। ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਕਈ ਦੇਸ਼ ਖੁੱਲ੍ਹੇਆਮ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਧਮਕੀ ਦੇ ਰਹੇ ਹਨ, ਜਦਕਿ ਦੂਜਿਆਂ ਨੇ ਉਨ੍ਹਾਂ ਦੇ ਪ੍ਰਸ਼ਾਸਨ ਦੌਰਾਨ ਕਦੇ ਵੀ ਇਸ ਬਾਰੇ ਜ਼ਿਕਰ ਜਾਂ ਗੱਲ ਨਹੀਂ ਕੀਤੀ।



**ਅਮਰੀਕਾ ’ਚ ਵੱਧ ਰਹੀ ਮਹਿੰਗਾਈ :** ਨਿਊਯਾਰਕ ਤੋਂ ਪਰਤਣ ਤੋਂ ਬਾਅਦ ਫਲੋਰੀਡਾ ਵਿੱਚ ਆਪਣੇ ਮਾਰ-ਏ-ਲਾਗੋ ਰਿਜ਼ੋਰਟ ਵਿੱਚ ਬੋਲਦਿਆਂ ਟਰੰਪ ਨੇ ਕਿਹਾ ਕਿ ‘ਬਾਈਡੇਨ ਪ੍ਰਸ਼ਾਸਨ ਦੀ ਅਗਵਾਈ ਵਿੱਚ ਪੂਰੀ ਤਰ੍ਹਾਂ ਪ੍ਰਮਾਣੂ ਹਥਿਆਰਾਂ ’ਤੇ ਅਧਾਰਤ ਤੀਜੇ ਵਿਸ਼ਵ ਯੁੱਧ ਵੱਲ ਵਧਣ ਦੀ ਪੂਰੀ ਸੰਭਾਵਨਾ ਹੈ।’ ਤੁਸੀਂ ਮੰਨੋ ਜਾਂ ਨਾ ਮੰਨੋ, ਅਸੀਂ ਦੂਰ ਨਹੀਂ ਹਾਂ। ਰਿਪਬਲਿਕਨ ਨੇਤਾ ਟਰੰਪ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਈਡੇਨ (ਡੈਮੋਕਰੇਟਿਕ ਨੇਤਾ) ਦੇ ਸ਼ਾਸਨ ਵਿੱਚ ਦੇਸ਼ ਅਸ਼ਾਂਤੀ ਵਿੱਚ ਹੈ। ਉਨ੍ਹਾਂ ਕਿਹਾ ਕਿ ”ਸਾਡੀ ਆਰਥਿਕਤਾ ਤਬਾਹ ਹੋ ਰਹੀ ਹੈ। ਮਹਿੰਗਾਈ ਕਾਬੂ ਤੋਂ ਬਾਹਰ ਹੈ। ਰੂਸ ਨੇ ਚੀਨ ਨਾਲ ਹੱਥ ਮਿਲਾਇਆ ਹੈ। ਕੀ ਤੁਸੀਂ ਇਸ ’ਤੇ ਭਰੋਸਾ ਕਰੋਗੇ ? ਸਾਊਦੀ ਅਰਬ ਨੇ ਈਰਾਨ ਨਾਲ ਹੱਥ ਮਿਲਾਇਆ ਹੈ। “ਟਰੰਪ ਨੇ ਕਿਹਾ ਕਿ ਚੀਨ, ਰੂਸ, ਈਰਾਨ ਅਤੇ ਉੱਤਰੀ ਕੋਰੀਆ ਨੇ ਮਿਲ ਕੇ “ਵਿਨਾਸ਼ਕਾਰੀ ਗਠਜੋੜ”ਬਣਾਇਆ ਹੈ ਅਤੇ ਇਹ ਉਨ੍ਹਾਂ ਦੀ ਅਗਵਾਈ ਵਿੱਚ ਕਦੇ ਨਹੀਂ ਹੋ ਸਕਦਾ ਸੀ।

ਯੂਕ੍ਰੇਨ ਵਿੱਚ ਤਬਾਹੀ ਦਾ ਜ਼ਿਕਰ ਕਰਦਿਆਂ ਉਸਨੇ ਕਿਹਾ ਕਿ “ਜੇ ਮੈਂ ਤੁਹਾਡਾ ਰਾਸ਼ਟਰਪਤੀ ਹੁੰਦਾ, ਤਾਂ ਅਜਿਹਾ ਕਦੇ ਨਹੀਂ ਹੁੰਦਾ। ਨਾ ਹੀ ਰੂਸ ਯੂਕ੍ਰੇਨ ’ਤੇ ਹਮਲਾ ਕਰੇਗਾ। ਮਾਰੇ ਗਏ ਸਾਰੇ ਲੋਕ ਅੱਜ ਜ਼ਿੰਦਾ ਹੁੰਦੇ। ਉਹ ਸਾਰੇ ਸੁੰਦਰ ਸ਼ਹਿਰ ਆਪਣੀ ਥਾਂ ’ਤੇ ਹੁੰਦੇ। ਟਰੰਪ ਨੇ ਕਿਹਾ ਕਿ ਸਾਡੀ ਮੁਦਰਾ ਡਿੱਗ ਰਹੀ ਹੈ ਅਤੇ ਹੁਣ ਜਲਦ ਹੀ ਗਲੋਬਲ ਮਾਪਦੰਡ ਦੇ ਮੁਤਾਬਕ ਨਹੀਂ ਰਹੇਗੀ ਜੋ ਸਪੱਸ਼ਟ ਤੌਰ ’ਤੇ 200 ਸਾਲਾਂ ਵਿੱਚ ਸਾਡੀ ਸਭ ਤੋਂ ਵੱਡੀ ਹਾਰ ਹੋਵੇਗੀ। ਅਜਿਹੀ ਕੋਈ ਹਾਰ ਨਹੀਂ ਹੋਵੇਗੀ ਜੋ ਸਾਨੂੰ ਮਹਾਂਸ਼ਕਤੀ ਬਣਨ ਤੋਂ ਰੋਕ ਦੇਵੇਗੀ। ਉਨ੍ਹਾਂ ਨੇ ਆਪਣੇ ਤੋਂ ਬਾਅਦ ਰਾਸ਼ਟਰਪਤੀ ਬਣੇ ਬਾਈਡੇਨ ’ਤੇ ਦੇਸ਼ ਨੂੰ ਬਰਬਾਦ ਕਰਨ ਦਾ ਦੋਸ਼ ਵੀ ਲਗਾਇਆ। ਟਰੰਪ ਨੇ ਕਿਹਾ ਕਿ ‘ਭਾਵੇਂ ਤੁਸੀਂ ਅਮਰੀਕਾ ਦੇ ਇਤਿਹਾਸ ਦੇ ਪੰਜ ਸਭ ਤੋਂ ਖਰਾਬ ਰਾਸ਼ਟਰਪਤੀਆਂ ਨੂੰ ਲੈ ਲਓ ਅਤੇ ਉਨ੍ਹਾਂ ਨੂੰ ਜੋੜਦੇ ਹੋ, ਤਾਂ ਵੀ ਉਹ ਸਾਡੇ ਦੇਸ਼ ਨੂੰ ਓਨਾ ਤਬਾਹ ਨਹੀਂ ਕੀਤਾ ਹੋਵੇਗਾ ਜਿੰਨਾ ਬਾਈਡੇਨ ਅਤੇ ਬਾਈਡੇਨ ਪ੍ਰਸ਼ਾਸਨ ਨੇ ਕੀਤਾ ਹੈ।’



# ਸਿਮਰਨ ਟਰਾਂਸਪੋਰਟ’ ਵਾਲੇ ਅਟਵਾਲ ਬ੍ਰਦਰਜ਼ ਨੇ ਆਪਣੇ ਪਿੰਡ ਓਟਾਲਾਂ ਵਿਖੇ ਆਪਣੇ ਬਜ਼ੁਰਗ ਸਰਦਾਰ ਦਰਸ਼ਨ ਸਿੰਘ ਅਟਵਾਲ ਦੀ ਆਤਮਿਕ ਸ਼ਾਂਤੀ ਲਈ ਸਹਿਜ ਪਾਠ ਦੇ ਭੋਗ ਪੁਆਏ!








ਨਵਾਂਸ਼ਹਿਰ, (ਤਰਲੋਚਨ ਸਿੰਘ) : ਓਟਾਲਾਂ ਦੇ ਸਾਬਕਾ ਸਰਪੰਚ ਦਰਸ਼ਨ ਸਿੰਘ ਅਟਵਾਲ ਦੀ ਆਤਮਿਕ ਸ਼ਾਂਤੀ ਲਈ ਸਹਿਜ ਪਾਠ ਦੇ ਭੋਗ ਪਾਏ ਗਏ। ਅਮਰੀਕਾ ਅਤੇ ਇੰਗਲੈਂਡ ਤੋਂ ਪਹੁੰਚੇ ਹੋਏ ਅਟਵਾਲ ਪ੍ਰਵਾਰ ਦੇ ਸਪੁੱਤਰਾਂ ਬਲਵੀਰ ਸਿੰਘ, ਦਿਲਾਵਰ ਸਿੰਘ, ਸਤਨਾਮ ਸਿੰਘ, ਅਮਰੀਕ ਸਿੰਘ, ਲਖਵੀਰ ਸਿੰਘ ਅਤੇ ਰਣਪ੍ਰੀਤ ਸਿੰਘ ਨੇ ਸ਼ਰਧਾਂਜਲੀ ਸਮਾਗਮ ਵਿੱਚ ਹੱਥੀਂ ਸੇਵਾ ਕੀਤੀ। ਸਵਰਗੀ ਦਰਸ਼ਣ ਸਿੰਘ ਅਟਵਾਲ ਦੇ ਛੋਟੇ ਭਰਾ ਪੰਥਕ ਵਿਦਵਾਨ ਭਾਈ ਪਿਆਰਾ ਸਿੰਘ ਵੀ ਯੂ.ਕੇ ਤੋਂ ਪਹੁੰਚੇ ਹੋਏ ਸਨ। ਇਲਾਹੀ ਬਾਣੀ ਦੇ ਭੋਗ ਉਪਰੰਤ ਭਾਈ ਸੁਖਦੀਪ ਸਿੰਘ ਤੇ ਭਾਈ ਹਰਦੀਪ ਸਿੰਘ ਦੁਪਾਲ ਪੁਰ ਦੇ ਰਾਗੀ ਜਥਿਆਂ ਨੇ ਵੈਰਾਗ ਮਈ ਕੀਰਤਨ ਕੀਤਾ! ਇਸ ਮੌਕੇ ਮਨਦੀਪ ਸਿੰਘ ਜੌਇੰਟ ਸਕੱਤਰ ਯੂਥ ਵਿੰਗ ‘ਆਪ’ ਰਾਣਾ ਕੁਲਦੀਪ ਸਿੰਘ ਜਾਡਲਾ, ਭਾਈ ਬਚਿੱਤਰ ਸਿੰਘ ਵਿਰਕ ਯੂ.ਐੱਸ.ਏ ਰਾਣਾ ਬਲਵੀਰ ਸਿੰਘ ਸੀ.ਪੀ.ਐੱਮ, ਅੰਗਦ ਸਿੰਘ ਸਾਬਕਾ ਐੱਮ.ਐੱਲ.ਏ, ਸੁਖਵਿੰਦਰ ਸੁੱਖੀ ਵਿਧਾਨਕਾਰ ਨਵਾਂ ਸ਼ਹਿਰ ਆਦਿ ਆਗੂਆਂ ਨੇ ਸਵਰਗੀ ਅਟਵਾਲ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ! ਸਟੇਜ ਸਕੱਤਰ ਦੇ ਫਰਜ ਤਰਲੋਚਨ ਸਿੰਘ ਦੁਪਾਲਪੁਰ ਨੇ ਬਾਖ਼ੂਬੀ ਨਿਭਾਏ। ਇਸ ਮੌਕੇ ਅਟਵਾਲ ਪ੍ਰਵਾਰ ਵਲੋਂ ਗੁਰਦੁਆਰਾ ਸਿੰਘ ਸਭਾ ਦੇ ਗ੍ਰੰਥੀ ਭਾਈ ਹਰਮੇਸ਼ ਸਿੰਘ ਦੀ ਮਾਇਕ ਮੱਦਦ ਵਜੋਂ ਇੱਕੀ ਹਜਾਰ ਰੁਪਏ ਭੇਂਟ ਕੀਤੇ ਗਏ ਭਾਈ ਪਿਆਰਾ ਸਿੰਘ ਨੇ ਆਈ ਸੰਗਤ ਦਾ ਬਹੁਤ ਭਾਵਪੂਰਤ ਸ਼ਬਦਾਂ ਰਾਹੀਂ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ!

## ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਅੰਗ: ਅਮਰੀਕਾ

### *ਚੀਨ ਵੱਲੋਂ ਥਾਵਾਂ ਦੇ ਨਾਮ ਬਦਲ ਕੇ ਭਾਰਤੀ ਸਰਜ਼ਮੀਨ ’ਤੇ ਦਾਅਵਾ ਜਤਾਉਣ ਦੀ ਕਾਰਵਾਈ ਦਾ ਕੀਤਾ ਵਿਰੋਧ*



ਵਾਸ਼ਿੰਗਟਨ : ਅਮਰੀਕਾ ਨੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦੇ ਅਟੁੱਟ ਅੰਗ ਵਜੋਂ ਮਾਨਤਾ ਦਿੰਦਿਆਂ ਥਾਵਾਂ ਦੇ ਨਾਮ ਬਦਲ ਕੇ ਕਿਸੇ ਦੂਜੇ ਮੁਲਕ ਦੀ ਸਰਜ਼ਮੀਨ ’ਤੇ ਕਬਜ਼ੇ ਦੀ ਕਿਸੇ ਵੀ ਇਕਤਰਫ਼ਾ ਕੋਸ਼ਿਸ਼ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਪੇਈਚਿੰਗ ਨੇ ਲੰਘੇ ਦਿਨੀਂ ਅਰੁਣਾਚਲ ਪ੍ਰਦੇਸ਼ ਦੀਆਂ 11 ਹੋਰ ਥਾਵਾਂ ਲਈ ਚੀਨੀ ਨਾਵਾਂ ਦਾ ਐਲਾਨ ਕੀਤਾ ਸੀ ਤੇ ਅਮਰੀਕਾ ਦਾ ਉਪਰੋਕਤ ਪ੍ਰਤੀਕਰਮ ਇਸੇ ਸੰਦਰਭ ਵਿੱਚ ਹੈ। ਚੇਤੇ ਰਹੇ ਕਿ ਚੀਨ ਦਾਅਵਾ ਕਰਦਾ ਨਹੀਂ ਥੱਕਦਾ ਕਿ ਅਰੁਣਾਚਲ ਪ੍ਰਦੇਸ਼ ਉਸ ਦੇ ਕਬਜ਼ੇ ਵਾਲੇ ਤਿੱਬਤ ਦਾ ਦੱਖਣੀ ਹਿੱਸਾ ਹੈ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ-ਪੀਅਰੇ ਨੇ ਆਪਣੀ ਨਿਯਮਤ ਨਿਊਜ਼ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਦੱਸਿਆ, “ਅਮਰੀਕਾ ਅਰੁਣਾਚਲ ਪ੍ਰਦੇਸ਼ ਨੂੰ ਲੰਮੇ ਸਮੇਂ ਤੋਂ ਭਾਰਤ ਦੇ ਅਟੁੱਟ ਅੰਗ ਵਜੋਂ ਮਾਨਤਾ ਦਿੰਦਾ ਆਇਆ ਹੈ। ਅਸੀਂ ਨਾਮ ਬਦਲ ਕੇ ਕਿਸੇ ਦੂਜੇ ਦੀ ਸਰਜ਼ਮੀਨ ’ਤੇ ਆਪਣਾ ਦਾਅਵਾ ਜਤਾਉਣ ਦੀ ਕਿਸੇ ਵੀ ਇਕਤਰਫ਼ਾ ਕਾਰਵਾਈ ਦਾ ਸਖ਼ਤ ਵਿਰੋਧ ਕਰਦੇ ਹਾਂ।”

ਭਾਰਤ ਨੇ ਚੀਨ ਵੱਲੋਂ ਅਰੁਣਾਚਲ ਪ੍ਰਦੇਸ਼ ਦੀਆਂ ਕੁਝ ਥਾਵਾਂ ਦੇ ਨਵੇਂ (ਚੀਨੀ) ਨਾਮ ਰੱਖਣ ਦੀ ਕਾਰਵਾਈ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਰ ਬਾਗਚੀ ਨੇ ਕਿਹਾ ਸੀ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਅੰਗ ਹੈ ਤੇ ਨਵੇਂ ਘੜੇ ਨਾਵਾਂ ਨਾਲ ਇਸ ਸੱਚਾਈ ਨੂੰ ਨਹੀਂ ਬਦਲਿਆ ਜਾ ਸਕਦਾ।

ਚੀਨ ਦੇ ਸਿਵਲ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਅਰੁਣਾਚਲ ਪ੍ਰਦੇਸ਼ ਲਈ ਜਾਰੀ ਨਵੇਂ ਭੂਗੋਲਿਕ ਨਾਮ, ਗੁਆਂਢੀ ਮੁਲਕ ਵੱਲੋਂ ਕੀਤੀ ਤੀਜੀ ਕੋਸ਼ਿਸ਼ ਹੈ। ਇਸ ਤੋਂ ਪਹਿਲਾਂ ਸਾਲ 2017 ਵਿੱਚ ਅਰੁਣਾਚਲ ਪ੍ਰਦੇਸ਼ ਦੀਆਂ ਛੇ ਥਾਵਾਂ ਲਈ ਚੀਨੀ ਨਾਵਾਂ ਵਾਲਾ ਪਹਿਲੇ ਬੈਚ ਜਾਰੀ ਕੀਤਾ ਗਿਆ ਸੀ। ਦੂਜੀ ਵਾਰ 15 ਹੋਰ ਥਾਵਾਂ ਦੇ ਨਾਮ ਸਾਲ 2021 ਵਿੱਚ ਰਿਲੀਜ਼ ਕੀਤੇ ਗਏ ਸਨ। ਚੀਨ ਦੇ ਸਿਵਲ ਮਾਮਲਿਆਂ ਬਾਰੇ ਮੰਤਰਾਲੇ ਨੇ ਐਤਵਾਰ ਨੂੰ 11 ਥਾਵਾਂ ਦੇ ਅਧਿਕਾਰਤ ਨਾਮ ਜਾਰੀ ਕੀਤੇ ਹਨ। ਸਰਕਾਰੀ ਖ਼ਬਰ ਏਜੰਸੀ ਗਲੋਬਲ ਟਾਈਮਜ਼ ਨੇ ਸੋਮਵਾਰ ਨੂੰ ਜਾਰੀ ਰਿਪੋਰਟ ਵਿੱਚ ਕਿਹਾ ਸੀ ਕਿ ਮੰਤਰਾਲੇ ਨੇ ਇਨ੍ਹਾਂ 11 ਥਾਵਾਂ ਨੂੰ ਅੱਗੇ ਦੋ ਜ਼ਮੀਨੀ ਖੇਤਰਾਂ, ਦੋ ਰਿਹਾਇਸ਼ੀ ਇਲਾਕੇ, ਪੰਜ ਪਹਾੜੀ ਚੋਟੀਆਂ ਤੇ ਦੋ ਨਦੀਆਂ ਵਜੋਂ ਪਛਾਣ ਦਿੱਤੀ ਸੀ।

## ਭਾਰਤੀ ਅਮਰੀਕੀਆਂ ਨੇ ਸਨ ਫਰਾਂਸਿਸਕੋ ਕੌਂਸਲੇਟ ’ਚ ਭਾਰਤ ਦੇ ਸਮਰਥਨ ਵਿੱਚ ਕੀਤੀ ਰੈਲੀ



ਵਾਸ਼ਿੰਗਟਨ: ਵੱਡੀ ਗਿਣਤੀ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਸਨ ਫਰਾਂਸਿਸਕੋ ਵਿੱਚ ਭਾਰਤੀ ਵਣਜ ਦੂਤਘਰ ਦੇ ਸਾਹਮਣੇ ਭਾਰਤ ਦੇ ਸਮਰਥਨ ਵਿੱਚ ਇੱਕ ਸ਼ਾਂਤਮਈ ਰੈਲੀ ਕੀਤੀ ਜਿਸ ਵਿੱਚ ਇਸ ਹਫਤੇ ਦੇ ਸ਼ੁਰੂ ਵਿੱਚ ਵੱਖਵਾਦੀ ਸਿੱਖਾਂ ਦੁਆਰਾ ਭੰਨਤੋੜ ਕੀਤੀ ਗਈ ਸੀ।

## ਪਾਕਿਸਤਾਨ ਵਿਚ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਿਲੀ ਮਾਨਤਾ, ਜਨਗਣਨਾ ਸੂਚੀ ਵਿਚ ਮਿਲਿਆ ਕਾਲਮ

### *ਪਾਕਿਸਤਾਨ ਵਿਚ ਸਿੱਖ ਭਾਈਚਾਰੇ ਨੂੰ ਇਹ ਹੱਕ ਲੰਮੀ ਲੜਾਈ ਮਗਰੋਂ ਪ੍ਰਾਪਤ ਹੋਇਆ*



ਚੰਡੀਗੜ੍ਹ: ਪਾਕਿਸਤਾਨ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ ਹੈ। ਪਾਕਿਸਤਾਨ ਵਿਚ ਮਰਦਮਸ਼ੁਮਾਰੀ ਵੇਲੇ ਹੁਣ ਸਿੱਖ ਭਾਈਚਾਰੇ ਨੂੰ ਇਕ ਵੱਖਰੀ ਕੌਮ ਮੰਨਿਆ ਗਿਆ ਹੈ। ਪਾਕਿਸਤਾਨ ਵਿਚ ਸਿੱਖ ਭਾਈਚਾਰੇ ਨੂੰ ਇਹ ਹੱਕ ਲੰਮੀ ਲੜਾਈ ਮਗਰੋਂ ਪ੍ਰਾਪਤ ਹੋਇਆ ਹੈ। ਪਾਕਿਸਤਾਨ ਸਿੱਖ ਭਾਈਚਾਰੇ ਨੂੰ ਜਨਗਣਨਾ ਦੇ ਫਾਰਮਾਂ ਵਿਚ ਕਾਲਮ ਨੰਬਰ 6 ’ਚ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਮੁਸਲਮਾਨ, ਈਸਾਈ, ਹਿੰਦੂ, ਕਾਦਿਆਨੀ/ ਅਹਿਮਦੀ, ਦਲਿਤ ਲਈ ਕ੍ਰਮਵਾਰ ਵੱਖੋ-ਵੱਖਰੇ ਕਾਲਮ ਬਣਾਏ ਗਏ ਹਨ।

ਹੁਣ ਤੱਕ ਸਿੱਖ ਭਾਈਚਾਰੇ ਦੀ ਗਿਣਤੀ ਹੋਰ ਧਰਮਾਂ ਦੇ ਨਾਮ ਹੇਠ ਇਕ ਕਾਲਮ ਵਿਚ ਹੁੰਦੀ ਸੀ, ਜਿਸ ਕਾਰਨ ਸਿੱਖ ਭਾਈਚਾਰੇ ਦੀ ਸਹੀ ਗਿਣਤੀ ਬਾਰੇ ਅੰਕੜੇ ਨਹੀਂ ਸਨ। ਹੁਣ ਪਾਕਿਸਤਾਨ ਵਿਚ ਸਿੱਖ ਭਾਈਚਾਰੇ ਦੀ ਆਬਾਦੀ ਦੇ ਅਸਲ ਅੰਕੜੇ ਸਾਹਮਣੇ ਆਉਣਗੇ। ਪੇਸ਼ਾਵਰ ਦੇ ਸਿੱਖ ਆਗੂ ਗੁਰਪਾਲ ਸਿੰਘ ਨੇ ਦੱਸਿਆ ਕਿ ਇਸ ਵਾਰ ਜਨਗਣਨਾ ਡਿਜੀਟਲ ਤੌਰ ’ਤੇ ਕੀਤੀ ਜਾ ਰਹੀ ਹੈ ਅਤੇ ਆਨ-ਲਾਈਨ ਨਵੇਂ ਫਾਰਮਾਂ ’ਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਕਰਦਿਆਂ ਇਕ ਵੱਖਰਾ ਕਾਲਮ ਬਣਾਇਆ ਗਿਆ ਹੈ।

ਉਹਨਾਂ ਅੱਗੇ ਦੱਸਿਆ ਕਿ ਜਨਗਣਨਾ ਦੇ ਨਵੇਂ ਫਾਰਮ ਸਿਰਫ਼ ਆਨ-ਲਾਈਨ ਉਪਲਬਧ ਹਨ, ਜਦਕਿ ਸੰਬੰਧਤ ਵਿਭਾਗ ਦੀ ਟੀਮ ਵਲੋਂ ਲੋਕਾਂ ਨੂੰ ਫਿਲਹਾਲ ਪੁਰਾਣੇ ਫਾਰਮਾਂ ’ਤੇ ਹੀ ਆਪਣੀ ਜਾਣਕਾਰੀ ਭਰਨ ਲਈ ਕਿਹਾ ਜਾ ਰਿਹਾ ਹੈ। ਬਾਅਦ ’ਚ ਅਧਿਕਾਰੀਆਂ ਵਲੋਂ ਉਹਨਾਂ ਦੀ ਆਨ-ਲਾਈਨ ਐਂਟਰੀ ਕੀਤੀ ਜਾਵੇਗੀ। ਇਸ ਦੌਰਾਨ ਸੋਸ਼ਲ ਮੀਡੀਆ ’ਤੇ ਮਰਦਮਸ਼ੁਮਾਰੀ ਦੇ ਪੁਰਾਣੇ ਫਾਰਮਾਂ ਦੀਆਂ ਤਸਵੀਰਾਂ ਵੀ ਵਾਇਰਲ ਹੋ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਪੇਸ਼ਾਵਰ ਹਾਈ ਕੋਰਟ ’ਚ ਸਥਾਨਕ ਸਿੱਖਾਂ ਵਲੋਂ 23 ਮਾਰਚ 2017 ਨੂੰ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਦੇ ਲਗਭਗ ਸਾਢੇ 5 ਸਾਲ ਬਾਅਦ ਸੁਪਰੀਮ ਕੋਰਟ ’ਚ ਮਾਮਲਾ ਪਹੁੰਚਣ ’ਤੇ ਜੱਜ ਨੇ ਚੀਫ਼ ਮਰਦਮਸ਼ੁਮਾਰੀ ਕਮਿਸ਼ਨਰ, ਪਾਕਿਸਤਾਨ ਬਿਊਰੋ ਆਫ਼ ਸਟੇਟਿਕਸ ਅਤੇ ਸੰਬੰਧਿਤ ਮੰਤਰਾਲੇ ਨੂੰ ਨੋਟਿਸ ਜਾਰੀ ਕਰਦਿਆਂ ਸਿੱਖਾਂ ਨੂੰ ਜਨਗਣਨਾ ਸੂਚੀ ’ਚ ਵੱਖਰੇ ਤੌਰ ’ਤੇ ਸ਼ਾਮਲ ਕਰਨ ਦੇ ਹੁਕਮ ਦਿੱਤੇ ਸਨ।

## ਸਿੱਖਾਂ ਦਾ ਮਾਣ ਵਧਿਆ : ਕੈਨਬਰਾ ਵਿਖੇ ਪਾਰਲੀਮੈਂਟ ਨੇੜੇ ਸਜਾਇਆ ‘ਨਿਸ਼ਾਨ ਸਾਹਿਬ’




ਸਿਡਨੀ: ਉਂਜ ਤਾਂ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖਾਂ ਦੀ ਇਮਾਨਦਾਰੀ, ਦਲੇਰੀ ਤੇ ਸਰਬੱਤ ਦਾ ਭਲਾ ਮੰਗਣ ਦੀ ਪ੍ਰਵਿਰਤੀ ਕਾਰਨ ਬਹੁਤ ਇੱਜ਼ਤ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਬਣਦਾ ਸਤਿਕਾਰ ਮਿਲਦਾ ਰਹਿੰਦਾ ਹੈ। ਇਸੇ ਤਰ੍ਹਾਂ ਅੱਜ ਆਸਟਰੇਲੀਆ ਦੀ ਰਾਜਧਾਨੀ ਕੈਨਬਰਾ ਵਿਖੇ ਪਾਰਲੀਮੈਂਟ ਨੇੜੇ ਵੱਖ-ਵੱਖ ਥਾਵਾਂ ’ਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਤ ਖ਼ਾਲਸੇ ਦੇ ਜਨਮ ਦੀ ਖ਼ੁਸ਼ੀ ਵਿਚ ਕੇਸਰੀ ਨਿਸ਼ਾਨ ਸਾਹਿਬ ਸਾਰੇ ਸ਼ਹਿਰ ਵਿਚ ਲਵਾਏ ਗਏ। ਇਹ ਸਿੱਖਾਂ ਲਈ ਬਹੁਤ ਮਾਣ ਦੀ ਗੱਲ ਹੈ। ਇਸ ਦਾ ਸਿਹਰਾ ਸਾਰੇ ਕੈਨਬਰਾ ਵਿਚ ਵਸਦੇ ਸਿੱਖਾਂ ਨੂੰ ਜਾਂਦਾ ਹੈ ਜੋ ਰਲ ਮਿਲ ਕੇ ਕੈਨਬਰਾ ਸਿੱਖ ਐਸੋਈਏਸ਼ਨ ਗੁਰਦੁਆਰਾ ਸਾਹਿਬ ਕੈਨਬਰਾ ਦਾ ਸਾਥ ਦੇ ਰਹੇ ਹਨ।

# TOTAL MULTI SERVICES

YOUR ONE STOP SOLUTION FOR TAX, TRUCKING AND IMMIGRATION SERVICES

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads
- Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇੰਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇੰਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਓਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇੰਮੀਗਰੇਸ਼ਨ ਸਬੰਧੀ ਸੇਵਾਵਾਂ

(510) 400-7300
(209) 921-3351

intuit quickbooks. CTEC California Tax Education Council Registered Tax Preparer. AUTHORIZED IRS e-file PROVIDER. COVERED CALIFORNIA Certified Insurance Agent

1780 Whipple Rd. Suite# 110, UnionCity CA - 94587 (510) 601-6200 info@ TOTALIRP.com

# ਮਲੇਰਕੋਟਲਾ ਦੇ ਨਵਾਬ ਦੇ ਵੰਸ਼ ਦੀ ਆਖ਼ਰੀ ਬੇਗਮ ਮੁਨੱਵਰ-ਉਨ-ਨਿਸਾ ਨੂੰ ਐਸਜੀਪੀਸੀ ਵਲੋਂ ਕੀਤਾ ਗਿਆ ਸਨਮਾਨਿਤ

## ਮਹਾਰਾਜਾ ਨਾਭਾ ਪਰਿਵਾਰ ਦੇ ਵੰਸ਼ਜ ਮਹਾਰਾਣੀ ਪ੍ਰੀਤੀ ਸਿੰਘ ਅਤੇ ਯੁਵਰਾਜ ਉਦੈ ਪ੍ਰਤਾਪ ਨੂੰ ਵੀ ਦਿੱਤਾ ਸਨਮਾਨ



ਫਤਹਿਗੜ੍ਹ ਸਾਹਿਬ : ਦੁਨੀਆ ਦੀ ਮਹਾਨ ਧਰਤੀ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੇ ਚਰਨ ਛੋਹ ਅਸਥਾਨ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸ਼ੇਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਦੇ ਵੰਸ਼ਜ ਬੇਗਮ ਮੁਨਵਰ-ਉਲ-ਨਿਸਾ ਸਮੇਤ ਮਹਾਰਾਜਾ ਨਾਭਾ ਪਰਿਵਾਰ ਦੇ ਵੰਸ਼ਜ ਦੇ ਪਰਿਵਾਰਕ ਮੈਬਰਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਸਨਮਾਨ ਸਮਾਰੋਹ ਮੌਕੇ ਦੀਵਾਨ ਟੌਡਰ ਮੱਲ ਵਿਰਾਸਤੀ ਫਾਊਂਡੇਸ਼ਨ ਅਤੇ ਪੰਜਾਬ, ਕੈਨੇਡਾ, ਅਸਟਰੇਲੀਆ, ਇੰਗਲੈਂਡ, ਜਰਮਨੀ ਦੀ ਸਿੱਖ ਸੰਗਤ ਅਤੇ ਅਹੁਦੇਦਾਰ ਮੈਬਰ ਵੀ ਉਚੇਚੇ ਤੌਰ ’ਤੇ ਸ਼ਾਮਲ ਹੋਏ। ਇਸ ਮੌਕੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਵਾਬ ਸ਼ੇਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਵੰਸ਼ਜ ਨੂੰ ਭੇਟ ਕੀਤੀ ਗਈ ਸ੍ਰੀ ਸਾਹਿਬ ਨੂੰ ਖੁਦ ਬੇਗਮ ਮੁਨਵਰ ਉਲ ਨਿਸਾ ਲੈ ਕੇ ਪਹੁੰਚੇ, ਜਿਥੇ ਸਿੰਘ ਸਾਹਿਬ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਵਲੋਂ ਅਦਬ ਅਤੇ ਸਤਿਕਾਰ ਨਾਲ ਸਨਮਾਨ ਸਮਾਰੋਹ ਦੌਰਾਨ ਜੈਕਾਰਿਆਂ ਦੀ ਗੂੰਜ ਨਾਲ ਸੰਗਤਾਂ ਦੇ ਦਰਸ਼ਨਾਂ ਲਈ ਸਸ਼ੋਭਿਤ ਕੀਤਾ ਗਿਆ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ,ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਜਨਰਲ ਸਕੱਤਰ ਜਥੇਦਾਰ ਗੁਰਚਰਨ ਸਿੰਘ ਗਰੇਵਾਲ ਤੋਂ ਇਲਾਵਾ ਹੋਰ ਮੈਂਬਰ ਵੀ ਸ਼ਾਮਲ ਸਨ। ਸਨਮਾਨ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਇਤਹਾਸ ਅੰਦਰ ਸਾਹਿਬਜਾਦਿਆਂ ਦੀ ਸ਼ਹਾਦਤ ਲਾਸਾਨੀ ਹੈ ਜੋ ਸਮੁੱਚੇ ਸੰਸਾਰ ਨੂੰ ਜ਼ਬਰ ਜ਼ੁਲਮ ਦੇ ਖਿਲਾਫ਼ ਲੜਨ ਦੀ ਜਿਥੇ ਜੀਵਨ ਜਾਂਚ ਪ੍ਰਦਾਨ ਕਰਦੀ ਹੈ, ਉਥੇ ਹੀ ਧਰਮ ਵਿਚ ਦ੍ਰਿੜ ਰਹਿਣ ਦਾ ਸੰਕਲਪ ਵੀ ਦਿੰਦੀ ਹੈ। ਉਹਨਾਂ ਕਿਹਾ ਕਿ ਇਤਿਹਾਸ ਗਵਾਹੀ ਭਰਦਾ ਹੈ ਕਿ ਜਦੋਂ ਛੋਟੇ ਸਾਹਿਬਜਾਦਿਆਂ ਉਤੇ ਜੁਲਮ ਢਾਹਿਆ ਜਾ ਰਿਹਾ ਸੀ ਤਾਂ ਨਵਾਬ ਸ਼ੇਰ ਮੁਹੰਮਦ ਖਾਂ ਇਕੋ ਇਕ ਅਜਿਹੀ ਸਖਸ਼ੀਅਤ ਸਨ ਜਿਨ੍ਹਾਂ ਨੇ ਧਰਮ, ਜਾਤ ਅਤੇ ਮਜਹਬ ਤੋਂ ਉਪਰ ਉਠ ਕੇ ਸਾਹਿਬਜਾਦਿਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਸੀ। ਉਹਨਾਂ ਚਿੰਤਾ ਵਿਅਕਤ ਕਰਦਿਆਂ ਕਿਹਾ ਕਿ ਮੌਜੂਦਾ ਦੌਰ ਅੰਦਰ ਸਰਕਾਰਾਂ ਜ਼ਬਰ ਅਤੇ ਜੁਲਮ ਦੀ ਇੰਤਹਾਂ ਵਿਚ ਲੱਗੀਆਂ ਹੋਈਆਂ ਹਨ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਵੀ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਜ਼ਬਰ ਕਰਨ ਵਾਲੀਆਂ ਹਕੂਮਤਾਂ ਨੂੰ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਹੀ ਢੁੱਕਵਾਂ ਜਵਾਬ ਮਿਲੇਗਾ। ਸ੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਨਵਾਬ ਸ਼ੇਰ ਮੁਹੰਮਦ ਖਾਂ ਦੇ ਵੰਸ਼ਜ ਬੇਗਮ ਮੁਨਵਰ ਉਲ ਨਿਸਾ ਤੇ ਮਹਾਰਾਜਾ ਰਿਪੁਦਮਨ ਦੇ ਪਰਿਵਾਰ ਦਾ ਸਨਮਾਨ ਕਰਕੇ ਸਿਰਮੌਰ ਸੰਸਥਾ ਮਾਣ ਮਹਿਸੂਸ ਕਰ ਰਹੀ ਹੈ। ਉਹਨਾਂ ਕਿਹਾ ਕਿ ਅੱਜ ਖਾਲਸਾ ਪੰਥ ਦੀ ਮਹਾਨ ਵਿਰਾਸਤ ਅਤੇ ਇਤਿਹਾਸ ਨਾਲ ਜੁੜਦੇ ਹੋਏ ਗੁਰੂ ਮਾਰਗ ਦੇ ਪਾਂਧੀ ਬਣਨ ਦੀ ਲੋੜ ਹੈ।

# ਦੇਸ਼ ਅੰਦਰ ਵਾਪਰ ਰਹੀਆਂ ਹਿੰਸਕ ਘਟਨਾਵਾਂ ਪ੍ਰਤੀ ਹਾਕਮ ਤੇ ਰਾਜਨੀਤਕ ਲੋਕ ਸੁਚੇਤ ਨਹੀਂ: ਦਿਲਜੀਤ ਸਿੰਘ ਬੇਦੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਅਤੇ ਉਘੇ ਲੇਖਕ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਨੇ ਲਗਾਤਾਰ ਦੇਸ਼ ਅਤੇ ਸੂਬੇ ਅੰਦਰ ਵਾਪਰ ਰਹੀਆਂ ਹਿੰਸਕ ਘਟਨਾਵਾਂ ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਧਾਰਮਿਕ ਜਲੂਸਾਂ ਅੰਦਰ ਕੁੱਝ ਲੋਕਾਂ ਵੱਲੋਂ ਵਾਪਰ ਰਹੀਆਂ ਦੁਖਦਾਈ ਤੇ ਹਿੰਸਕ ਕਾਰਵਾਈਆਂ ਨਾਲ ਦਹਿਸ਼ਤ ਤੇ ਅਣ ਸੁਖਾਵਾਂ ਮਹੌਲ ਬਨਣ ਨਾਲ ਦੇਸ਼ ਦਾ ਹਰ ਨਾਗਰਿਕ ਮਾਨਸਿਕ ਪੀੜ ਹੰਢਾ ਰਿਹਾ ਹੈ। ਉਨ੍ਹਾਂ ਕਿਹਾ ਪਿਛਲੇ ਦਿਨੀਂ ਰਾਮ ਨੌਮੀ ਦੇ ਮੌਕੇ ਤੇ ਮਹਾਰਾਸ਼ਟਰ, ਪੱਛਮੀ ਬੰਗਾਲ ਤੇ ਗੁਜਰਾਤ ਵਿਚ ਅਨੇਕਾਂ ਥਾਵਾਂ ’ਤੇ ਹੋਈ ਹਿੰਸਾ ਵਿਚ ਪਥਰਾਅ, ਦੁਕਾਨਾਂ ਦੀ ਭੰਨ-ਤੋੜ, ਪੈਟਰੋਲ ਬੰਬ ਸੁੱਟ ਕੇ ਵਾਹਨਾਂ ਨੂੰ ਅੱਗ ਲਗਾਉਣੀ ਬਹੁਤ ਹੀ ਦੁਖਦਾਈ ਤੇ ਨਿੰਦਣਯੋਗ ਹੈ। ਅਜਿਹਾ ਵਰਤਾਰਾ ਅਨੇਕ ਥਾਵਾਂ ਤੇ ਵਾਪਰਿਆ। ਸ. ਬੇਦੀ ਨੇ ਕਿਹਾ ਵੱਖੋ-ਵੱਖਰੇ ਫ਼ਿਰਕਿਆਂ ਦਾ ਆਪਸ ਵਿਚ ਇਸ ਤਰ੍ਹਾਂ ਭਿੜ ਜਾਣਾ ਬੇਹੱਦ ਸ਼ਰਮਨਾਕ ਕਾਰਾ ਹੈ। ਅਜਿਹੇ ਘਟਨਾਕ੍ਰਮ ਕਿਸ ਤਰ੍ਹਾਂ ਦੇ ਘਿਰਣਾਮਈ ਮਾਹੌਲ ਨੂੰ ਜਨਮ ਦਿੰਦੇ ਹਨ ਜੋ ਲੰਬੇ ਸਮੇਂ ਤੱਕ ਲੋਕਾਂ ਮਨਾਂ ਤੇ ਦਹਿਸ਼ਤੀ ਰੂਪ ਬਣਿਆ ਰਹਿੰਦਾ ਹੈ। ਇਹ ਸਰਕਾਰਾਂ ਦੀ ਨਾਲਾਇਕੀ ਅਤੇ ਪ੍ਰਸ਼ਾਸਨ ਦੀ ਨਾਕਾਮੀ ਹੈ। ਉਨ੍ਹਾਂ ਕਿਹਾ ਬਿਨਾਂ ਸ਼ੱਕ ਅਜਿਹੇ ਫਿਰਕੂ ਦੰਗਿਆਂ ਨੂੰ ਰੋਕਣ ਲਈ ਜਿੱਥੇ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ, ਉਥੇ ਪ੍ਰਸ਼ਾਸਨ ਨੂੰ ਹਰ-ਸੂਰਤ ਵਿਚ ਆਪਣੀ ਜ਼ਿੰਮੇਵਾਰੀ ਵੀ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਲਗਾਤਾਰ ਵਾਰ-ਵਾਰ ਅਜਿਹਾ ਕੁੱਝ ਵਾਪਰਨ ਦੇ ਬਾਵਜੂਦ ਵੀ ਸੰਬੰਧਿਤ ਪ੍ਰਸ਼ਾਸਨਾਂ ਵੱਲੋਂ ਅਜਿਹੀ ਭੜਕਾਹਟ ਨੂੰ ਰੋਕਣ ਦੀ ਕੋਈ ਚੰਗੀ ਯੋਜਨਾਬੰਦੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਅਜਿਹੀਆਂ ਸੜਕਾਂ, ਰਾਹਾਂ ਤੋਂ ਜਲੂਸਾਂ ਜਾਂ ਕੱਢੀਆਂ ਜਾਣ ਵਾਲੀਆਂ ਯਾਤਰਾਵਾਂ ਨੂੰ ਕਿਉਂ ਤੋਰਿਆ ਜਾਂਦਾ ਹੈ ਜੋ ਨਾਜ਼ੁਕ ਹੁੰਦੇ ਹਨ। ਪ੍ਰਸ਼ਾਸਨ ਦੀ ਨਾਕਾਮੀ ਕਾਰਨ ਹੀ ਅਜਿਹਾ ਕੁੱਝ ਘਿਨੌਣਾ ਵਾਪਰਦਾ ਹੈ। ਉਨ੍ਹਾਂ ਦੇਸ਼ ਦੇ ਸਿਆਸਤਦਾਨਾਂ ਨੂੰ ਕਿਹਾ ਕਿ ਦੇਸ਼ ਦੇ ਵੱਡੇ ਹਿਤਾਂ ਨੂੰ ਮੁੱਖ ਰੱਖਦਿਆਂ ਅਜਿਹੇ ਘਟਨਾਕ੍ਰਮ ਪ੍ਰਤੀ ਸਖ਼ਤ ਕਦਮ ਪੁੱਟਣੇ ਚਾਹੀਦੇ ਹਨ। ਭੀੜਾਂ ਵਿੱਚ ਨਿਸ਼ਾਨ ਦੇਹੀ ਭਾਵੇਂ ਔਖੀ ਹੁੰਦੀ ਹੈ ਪਰ ਹਲਾਤ ਨੂੰ ਖ਼ਰਾਬ ਕਰਨ ਵਾਲਿਆਂ ਬਾਰੇ ਪ੍ਰਸ਼ਾਸਨ ਜਾਣਦਾ ਹੁੰਦਾ ਹੈ।

# ਪਿਸ਼ਾਵਰ ਵਿੱਚ ਸਿੱਖ ਦੁਕਾਨਦਾਰ ਨੂੰ ਦਿਨ ਦਿਹਾੜੇ ਗੋਲੀਆਂ ਮਾਰਨ ਦੀ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਸਖ਼ਤ ਨਿੰਦਾ



ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਪਾਕਿਸਤਾਨ ਵਿੱਚ ਇਕ ਸਿੱਖ ਦੁਕਾਨਦਾਰ ਦਿਆਲ ਸਿੰਘ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਸਖ਼ਤ ਨਿੰਦਾ ਸ਼ਬਦਾਂ ਵਿਚ ਕਰਦਿਆਂ ਕਿਹਾ ਕਿ ਪਾਕਿਸਤਾਨ ਵਿੱਚ ਹਿੰਦੂ, ਸਿੱਖ ਜਾਂ ਹੋਰ ਘੱਟ ਗਿਣਤੀਆਂ ਦੇ ਲੋਕ ਸੁਰੱਖਿਅਤ ਨਹੀਂ ਹਨ। ਪਿਸ਼ਾਵਰ ਤੇ ਸਿੰਧ ਤੋਂ ਵਸਦੇ ਸਿੱਖ ਪ੍ਰੀਵਾਰ ਲਗਾਤਾਰ ਹਿਜਰਤ ਕਰਕੇ ਭਾਰਤ ਪਰਤ ਰਹੇ ਹਨ। ਉਨ੍ਹਾਂ ਕਿਹਾ ਹੁਣ ਤਾਜੀ ਖਬਰ ਮਿਲੀ ਹੈ ਕਿ ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਸ਼ਹਿਰ ਪਿਸ਼ਾਵਰ ’ਚ ਅਣਪਛਾਤੇ ਵਿਅਕਤੀਆਂ ਵੱਲੋਂ ਸਿੱਖ ਦੁਕਾਨਦਾਰ ਦਿਆਲ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਹ ਪਿਸ਼ਾਵਰ ਦੀ ਰਿੰਗ ਰੋਡ ਸਥਿਤ ਆਬਾਦੀ ਸ਼ਹੀਦ ਆਬਾਦ ਦੀ ਦਰ ਕਾਲੋਨੀ ’ਚ ਪੰਸਾਰੀ ਦੀ ਦੁਕਾਨ ਕਰਦਾ ਸੀ। ਖ਼ਬਰ ਅਨੁਸਾਰ ਸ. ਦਿਆਲ ਸਿੰਘ ਨੂੰ ਕੁੱਝ ਅਣਪਛਾਤੇ ਮੋਟਰ ਸਾਈਕਲ ਸਵਾਰ ਹਥਿਆਰਬੰਦ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਦੁਕਾਨ ਅੰਦਰ ਹੀ ਮਾਰ ਦਿੱਤਾ ਗਿਆ ਹੈ। ਪਿਸ਼ਾਵਰ ’ਚ ਇਸ ਤੋਂ ਪਹਿਲਾਂ ਵੀ ਕਈ ਸਿੱਖ ਹਕੀਮਾਂ ਅਤੇ ਹੋਰਨਾਂ ਕਾਰੋਬਾਰੀਆਂ ਦੀ ਹੱਤਿਆ ਕੀਤੀ ਜਾ ਚੁੱਕੀ ਹੈ ਪਰ ਕਿਸੇ ਵੀ ਮਾਮਲੇ ’ਚ ਹੱਤਿਆਰੇ ਗ੍ਰਿਫ਼ਤਾਰ ਨਹੀਂ ਕੀਤੇ ਜਾ ਸਕੇ।

ਬਾਬਾ ਬਲਬੀਰ ਸਿੰਘ ਨੇ ਕਿਹਾ ਘੱਟ ਗਿਣਤੀਆਂ ਦਾ ਜਬਰੀ ਪ੍ਰੀਵਰਤਨ ਕੀਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਅੰਦਰ ਵੱਸਦੀਆਂ ਘੱਟ ਗਿਣਤੀਆਂ ਦੀ ਜਾਨ ਮਾਲ ਦੀ ਰਾਖੀ ਕਰਨਾ ਸਥਾਨਕ ਸਰਕਾਰ ਦੀ ਨੈਤਿਕ ਜੁੰਮੇਵਾਰੀ ਹੁੰਦੀ ਹੈ ਪਰ ਪਾਕਿਸਤਾਨ ਅੰਦਰ ਲਗਾਤਾਰ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾਂ ਬਣਾ ਕੇ ਗੋਲੀਆਂ ਨਾਲ ਭੁੰਨਿਆਂ ਜਾ ਰਿਹਾ ਹੈ। ਉਨ੍ਹਾਂ ਸਮੁੱਚੀਆਂ ਘਟਨਾਵਾਂ ਦੀ ਸਖ਼ਤ ਨਿੰਦਾ ਕਰਦਿਆ ਕਿਹਾ ਕਿ ਅਫਸੋਸ ਹੈ ਕਿ ਪਾਕਿਸਤਾਨ ਸਰਕਾਰ ਘੱਟ ਗਿਣਤੀਆਂ ਦੀ ਸੁਰੱਖਿਆਂ ਕਰਨ ਵਿੱਚ ਬੁਰੀ ਤਰ੍ਹਾਂ ਫੇਲ ਹੋਈ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਪਾਕਿਸਤਾਨ ਚ ਹਿਜਰਤ ਕਰਕੇ ਆ ਰਹੇ ਸਿੱਖ ਪਰਿਵਾਰਾਂ ਨੂੰ ਪਹਿਲ ਅਧਾਰ ਤੇ ਸੰਭਾਲੇ ਤੇ ਉਨ੍ਹਾਂ ਦੀ ਭਾਰਤੀ ਨਾਗਰਿਕਤਾ ਲਈ ਯੋਗ ਉਪਰਾਲੇ ਕਰੇ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਏਗੀ ਆਪਣਾ ਸਿੱਖਿਆ ਬੋਰਡ

ਕੈਥਲ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਸਿੱਖਿਆ ਬੋਰਡ ਬਣਾਏਗੀ। ਦਰਅਸਲ ਕਮੇਟੀ ਅਧੀਨ ਆਉਣ ਵਾਲੇ ਸਾਰੇ ਸਿੱਖਿਆ ਸੰਸਥਾਵਾਂ ਦੇ ਸੰਚਾਲਣ ਲਈ ਵੱਖਰਾ ਸਿੱਖਿਆ ਬੋਰਡ ਬਣਾਇਆ ਜਾਵੇਗਾ। ਜਿਸ ’ਚ ਚੰਗੀ ਸਿੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਨੇ ਦਿੱਤੀ। ਕੈਥਲ ਪਹੁੰਚੇ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਨੇ ਸਿੱਖਿਆ ਸੰਸਥਾਵਾਂ ਦੇ ਸੰਚਾਲਣ ਸਬੰਧੀ ਪ੍ਰਕਿਰਿਆ ’ਤੇ ਕਿਹਾ ਕਿ ਸਾਡਾ ਇਕ ਸਿੱਖਿਆ ਬੋਰਡ ਬਣੇਗਾ। ਉਸ ਵਿਚ ਸਮਾਜ ਦੇ ਪੜ੍ਹੇ-ਲਿਖੇ ਲੋਕ, ਯੂਨੀਵਰਸਿਟੀਆਂ ਤੋਂ ਸੇਵਾਮੁਕਤ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਗਠਿਤ ਬੋਰਡ ਦੇ ਮਾਧਿਅਮ ਤੋਂ ਹੀ ਸਿੱਖਿਅਕ ਸੰਸਥਾਵਾਂ ਦਾ ਸੰਚਾਲਣ ਹੋਵੇਗਾ। ਨਿਯਮਾਂ ਮੁਤਾਬਕ ਇਨ੍ਹਾਂ ਨੂੰ ਕਮੇਟੀ ਦੇ ਅਧੀਨ ਲਿਆ ਜਾ ਰਿਹਾ ਹੈ। ਸਿੱਖਿਆ ਸੰਸਥਾਵਾਂ ਵਿਚ ਬੱਚਿਆਂ ਅਤੇ ਸਟਾਫ਼ ਨੂੰ ਸਹੂਲਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ।

ਦੱਸ ਦੇਈਏ ਕਿ ਹਰਿਆਣਾ ਵਿਚ ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ 5 ਸਿੱਖਿਆ ਸੰਸਥਾਵਾਂ ਚੱਲ ਰਹੇ ਹਨ। ਇਸ ਵਿਚ ਦੋ ਕਾਲਜ ਅਤੇ ਤਿੰਨ ਸਕੂਲ ਹਨ। ਇਸ ਤੋਂ ਇਲਾਵਾ ਇਕ ਨਿਰਮਾਣ ਅਧੀਨ ਮੈਡੀਕਲ ਕਾਲਜ ਮੀਰੀ-ਪੀਰੀ ਵੀ ਹੈ। ਇੱਥੇ ਸਿਰਫ਼ ਹਸਪਤਾਲ ਚੱਲ ਰਿਹਾ ਹੈ। ਮੈਡੀਕਲ ਕਾਲਜ ਚਲਾਏ ਜਾਣ ਸਬੰਧੀ ਅਜੇ ਪ੍ਰਕਿਰਿਆ ਪੂਰੀ ਨਹੀਂ ਹੋਈ ਹੈ। ਹਰਿਆਣਾ ਕਮੇਟੀ ਨੇ ਇਨ੍ਹਾਂ ਵਿਚੋਂ 2 ਸੰਸਥਾਵਾਂ ਨਰਸਿੰਗ ਕਾਲਜ ਨੂੰ ਪਹਿਲਾਂ ਆਪਣੇ ਅਧੀਨ ਕਰ ਲਿਆ ਸੀ, ਜਦਕਿ ਸ਼ੁੱਕਰਵਾਰ ਨੂੰ ਕੈਥਲ ਦੇ ਸਕੂਲ ਨੂੰ ਵੀ ਆਪਣੇ ਅਧੀਨ ਕਰ ਲਿਆ।

# ਇੰਗਲੈਂਡ ਦੇ ਸਿੱਖਾਂ ਵਲੋਂ ਭਾਰਤੀ ਹਾਈ ਕਮਿਸ਼ਨ ਬਰਮਿੰਘਮ ਸਾਹਮਣੇ ਜਬਰਦਸਤ ਰੋਸ ਪ੍ਰਦਰਸ਼ਨ

## ਮਾਮਲਾ ਪੰਜਾਬ ਅੰਦਰ ਸਿੱਖ ਨੌਜਵਾਨਾਂ ਦੀਆਂ ਕੀਤੀਆਂ ਜਾ ਰਹੀਆਂ ਗੈਰ ਕਾਨੂੰਨੀ ਗ੍ਰਿਫਤਾਰੀਆਂ



ਨਵੀਂ ਦਿੱਲੀ : ਪੰਜਾਬ ਅੰਦਰ ਸਿੱਖ ਨੌਜਵਾਨਾਂ ਦੀਆਂ ਵੱਡੇ ਪੱਧਰ ਤੇ ਹੋ ਰਹੀਆਂ ਗੈਰ ਕਾਨੂੰਨੀ ਗ੍ਰਿਫਤਾਰੀਆਂ ਅਤੇ ਉਨ੍ਹਾਂ ਉਤੇ ਪਾਏ ਝੂਠੇ ਕੇਸਾਂ ਦੇ ਖਿਲਾਫ ਇੰਗਲੈਂਡ ਦੀਆਂ ਪੰਥਕ ਜਥੇਬੰਦੀਆਂ ਸਿੱਖ ਸੰਸਥਾਵਾਂ ਤੇ ਇਨਸਾਫ਼ ਪਸੰਦ ਸੰਗਤਾਂ ਵਲੋਂ ਲੇਡੀਵੁੱਡ ਦੇ ਡਾਰਨਲੇ ਰੋਡ ’ਤੇ ਸਤਿਥ ਭਾਰਤੀ ਹਾਈ ਕਮਿਸ਼ਨ ਬਰਮਿੰਘਮ ਦੇ ਸਾਹਮਣੇ ਭਾਰੀ ਰੋਹ ਮੁਜਾਹਰਾ ਕੀਤਾ ਗਿਆ। ਜਿਸ ਵਿਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਿਲ ਹੋਈਆਂ। ਵੱਖ ਵੱਖ ਸਿੱਖ ਆਗੂਆਂ ਨੇ ਭਾਰਤ ਦੀ ਫਾਸ਼ੀਵਾਦੀ ਮੋਦੀ ਸਰਕਾਰ ਤੇ ਬੇਅੰਤ ਸਿੰਘ ਦੀਆਂ ਲੀਹਾਂ ਤੇ ਚੱਲ ਰਹੀ ਭਗਵੰਤ ਮਾਨ ਅਤੇ ਕੇਜਰੀਵਾਲ ਦੀ ਸਰਕਾਰ ਵਲੋਂ ਕੀਤੀ ਗਈ ਅਣਮਨੁੱਖੀ ਕਾਰਵਾਈ ਦਾ ਵਿਰੋਧ ਕੀਤਾ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਸਿੱਖਾਂ ਵਿਰੁੱਧ ਵਿਆਪਕ ਸਰਕਾਰੀ ਜਬਰ ਕੀਤਾ ਗਿਆ ਹੈ ਅਤੇ ਪਹਿਲਾਂ ਇੰਟਰਨੈਟ ਸੰਚਾਰ ਨੂੰ ਵੱਡੇ ਪੱਧਰ ’ਤੇ ਕੱਟ ਦਿੱਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸਰਕਾਰ ਨੇ ਰਾਜ ਵਿੱਚ ਵੱਡੇ ਪੱਧਰ ’ਤੇ ਗ੍ਰਿਫਤਾਰੀਆਂ ਤੋਂ ਬਾਅਦ ਜਨਤਕ ਇਕੱਠਾਂ ’ਤੇ ਸ਼ਿਕੰਜਾ ਕਸਿਆ ਗਿਆ ਹੈ । ਇਸ ਦੇ ਨਾਲ ਹੀ ਸਰਕਾਰੀ ਅੱਤਵਾਦ ਦਾ ਸ਼ਿਕਾਰ ਹੋ ਰਹੇ ਨੌਜਵਾਨਾਂ ਨਾਲ ਡੱਟ ਕੇ ਖੜ੍ਹਨ ਤੇ ਉਨ੍ਹਾਂ ਦੀ ਅਵਾਜ ਬਣ ਕੇ ਜ਼ੋਰਦਾਰ ਅਵਾਜ ਬੁਲੰਦ ਕਰਨ ਦਾ ਐਲਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ‘ਅਸੀਂ ਅੱਜ ਇੱਥੇ ਆਪਣੀ ਅਵਾਜ਼ ਬੁਲੰਦ ਕਰਨ ਅਤੇ ਉਨ੍ਹਾਂ ਲੋਕਾਂ ਦੇ ਨਾਲ ਖੜ੍ਹੇ ਹਾਂ ਜੋ ਇਸ ਬੇਇਨਸਾਫ਼ੀ ਵਿੱਚੋਂ ਲੰਘ ਰਹੇ ਹਨ ਅਤੇ ਜਾਗਰੂਕਤਾ ਪੈਦਾ ਕਰਨ ਲਈ ਹਾਂ।’ ਬਰਮਿੰਘਮ ਦੇ ਰੋਸ ਮੁਜ਼ਾਹਰੇ ਵਿੱਚ “ਜਸਟਿਸ 4 ਸਿੱਖ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਰਾਜਕੀ ਅੱਤਵਾਦ ਬੰਦ ਕਰੋ” ਸਮੇਤ ਤਖ਼ਤੀਆਂ ਫੜੇ ਪ੍ਰਦਰਸ਼ਨਕਾਰੀ ਦੇਖੇ ਗਏ। ਇਸ ਮੌਕੇ ਸਿੱਖ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ, ਅਮਰੀਕ ਸਿੰਘ ਗਿੱਲ, ਮਨਜੀਤ ਸਿੰਘ ਸਮਰਾ, ਲਵਸ਼ਿੰਦਰ ਸਿੰਘ ਡੱਲੇਵਾਲ, ਜੋਗਾ ਸਿੰਘ, ਕੁਲਦੀਪ ਸਿੰਘ ਚਹੇੜੂ, ਮਨਪ੍ਰੀਤ ਸਿੰਘ ਡਰਬੀ, ਹਰਦੀਸ਼ ਸਿੰਘ ਪੱਤੜ ਤੇ ਹੋਰ ਬਹੁਤ ਸਾਰੇ ਸਿੱਖ ਆਗੂ ਹਾਜਰ ਸਨ।

# ਪੰਜਾਬ ਤੇ ਕੇਂਦਰ ਸਰਕਾਰਾਂ ਨੇ ਸਾਂਝੇ ਲੁਕਵੇਂ ਏਜੰਡੇ ਤਹਿਤ ਸੂਬੇ ਅੰਦਰ ਸੁਰੱਖਿਆ ਬਲਾਂ ਦੀ ਗਿਣਤੀ ਵਧਾਈ: ਧਾਮੀ



ਸ੍ਰੀ ਆਨੰਦਪੁਰ ਸਾਹਿਬ : ਸੂਬੇ ਅੰਦਰ ਹਾਲ ਹੀ ਵਿਚ ਵਧਾਈ ਪੰਜਾਬ ਪੁਲੀਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ’ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ’ਤੇ ਨਿਸ਼ਾਨਾ ਸਾਧਿਆ। ਸ੍ਰੀ ਧਾਮੀ ਨੇ ਕਿਹਾ ਕਿ ਦੋਵੇਂ ਸਰਕਾਰਾਂ ਸਾਂਝੇ ਪਰ ਲੁਕਵੇਂ ਏਜੰਡੇ ਤਹਿਤ ਸੂਬੇ ਦੇ ਲੋਕਾਂ ’ਚ ਡਰ ਪੈਦਾ ਕਰਨਾ ਚਾਹੁੰਦੀਆਂ ਹਨ। ਕਿਸੇ ਸਮੇਂ ਕਾਂਗਰਸ ਵੀ ਇਸ ਰਾਹ ’ਤੇ ਚੱਲੀ ਸੀ ਤੇ ਫੇਲ੍ਹ ਹੋਣ ਤੋਂ ਬਾਅਦ ਟਿੱਕ ਕੇ ਬੈਠ ਗਈ ਪਰ ਹੁਣ ਮੌਜੂਦਾ ਪੰਜਾਬ ਅਤੇ ਕੇਂਦਰ ਸਰਕਾਰ ਵੀ ਇਸੇ ਨੀਤੀ ’ਤੇ ਚੱਲ ਰਹੀਆਂ ਹਨ। ਇਹ ਸਾਰਾ ਕੁਝ 2024 ਦੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾ ਗਿਣਤੀ ਵਿਚ ਗੁਰੂ ਘਰਾਂ ਦੇ ਬਾਹਰ ਫੋਰਸ ਲਾਉਣ ਨਾਲ ਲੋਕਾਂ ’ਚ ਡਰ ਪੈਦਾ ਹੋਇਆ ਹੈ।

ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਵੱਲੋਂ ਸ਼੍ਰੋਮਣੀ ਕਮੇਟੀ ਦੀ ’ਸਿੰਘ ਸਜੋ ਅੰਮ੍ਰਿਤ ਛਕੋ’ ਲਹਿਰ ਦੇ ਤਹਿਤ ਕੀਤੇ ਖਾਲਸਾਈ ਮਾਰਚ ਨੂੰ ਸ੍ਰੀ ਧਾਮੀ ਨੇ ਰਵਾਨਾ ਕੀਤਾ। ਇਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਸਥਾਨਕ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਸ਼੍ਰੋਮਣੀ ਕਮੇਟੀ ਦੇ ਡਾਇਰੈਕਟਰੇਟ ਅਤੇ ਯੂਕੇ ਦੇ ਲਾਇਨਜ਼ ਕਲੱਬ ਨਾਲ ਸਾਂਝੇ ਰੂਪ ਵਿੱਚ ਲਗਾਏ ਜਾ ਰਹੇ ਵਿਦਿਆਰਥੀ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਸ਼ ?ਰੋਮਣੀ ਕਮੇਟੀ ਮੈਂਬਰ ਸਰਵਨ ਸਿੰਘ ਕੁਲਾਰ, ਕਮੇਟੀ ਦੇ ਸਿੱਖਿਆ ਸਕੱਤਰ ਸੁਖਮਿੰਦਰ ਸਿੰਘ, ਬੀਬੀ ਸੁਖਵੰਤ ਕੌਰ, ਮੈਨੇਜਰ ਗੁਰਦੀਪ ਸਿੰਘ ਕੰਗ, ਐਡੀਸ਼ਨਲ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਗੁਰਦਿਆਲ ਸਿੰਘ ਮੀਤ ਸਕੱਤਰ, ਪ੍ਰਿੰਸੀਪਲ ਡਾ. ਜਸਵੀਰ ਸਿੰਘ, ਪ੍ਰਿੰਸੀਪਲ ਸਤਨਾਮ ਸਿੰਘ, ਪ੍ਰਿੰਸਪਲ ਹਰਪ੍ਰੀਤ ਕੌਰ, ਪ੍ਰਿੰਸੀਪਲ ਦਲਵਿੰਦਰ ਕੌਰ, ਜਥੇਦਾਰ ਸਿੰਘ ਰਾਮ ਸਿੰਘ, ਮਨਜਿੰਦਰ ਸਿੰਘ ਬਰਾੜ, ਕਿਸ਼ੋਰ ਸਿੰਘ ਬੰਗੜ, ਬਾਬਾ ਮਲਕੀਤ ਸਿੰਘ ਅਤੇ ਜਥੇਦਾਰ ਸਿੰਘ ਮਟੌਰ ਹਾਜ਼ਰ ਸਨ।

# ਸਰਬੱਤ ਖਾਲਸਾ ਸੱਦਣ ਦਾ ਹੱਕ ਕੇਵਲ ਅਕਾਲ ਤਖ਼ਤ ਦੇ ਜਥੇਦਾਰ ਨੂੰ: ਸ਼੍ਰੋਮਣੀ ਕਮੇਟੀ

## ਗ੍ਰਿਫ਼ਤਾਰ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਕਰੇਗੀ ਕਮੇਟੀ

ਅੰਮ੍ਰਿਤਸਰ : ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਣ ਦੀ ਕੀਤੀ ਗਈ ਅਪੀਲ ਬਾਰੇ ਸ਼੍ਰੋਮਣੀ ਕਮੇਟੀ ਫਿਲਹਾਲ ਚੁੱਪ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਰਬੱਤ ਖਾਲਸਾ ਸੱਦਣ ਦਾ ਅਧਿਕਾਰ ਸਿਰਫ਼ ਤੇ ਸਿਰਫ਼ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਹੈ। ਕੋਈ ਵਿਅਕਤੀ ਨਿੱਜੀ ਤੌਰ ’ਤੇ ਸਰਬੱਤ ਖਾਲਸਾ ਨਹੀਂ ਸੱਦ ਸਕਦਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹੀ ਫੈਸਲਾ ਲੈ ਸਕਦੇ ਹਨ ਅਤੇ ਉਹ ਜੋ ਵੀ ਫੈਸਲਾ ਲੈਣਗੇ, ਉਹ ਸਭ ਨੂੰ ਪ੍ਰਵਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਦੋਂ ਤੋਂ ਇਹ ਅਹੁਦਾ ਸੰਭਾਲਿਆ ਹੈ, ਹਰ ਫੈਸਲਾ ਬੜੇ ਠਰ੍ਹੰਮੇ, ਸੂਝ-ਬੂਝ ਅਤੇ ਸਭ ਦੀ ਰਾਇ ਲੈ ਕੇ ਕੀਤਾ ਹੈ। ਉਨ੍ਹਾਂ ਸਾਰੇ ਹੀ ਫੈਸਲੇ ਬੜੀ ਬੇਬਾਕੀ ਨਾਲ ਕੀਤੇ ਹਨ। ਇਸ ਲਈ ਇਸ ਸਬੰਧੀ ਉਹ ਜੋ ਵੀ ਫੈਸਲ਼ਾ ਕਰਨਗੇ ,ਉਹ ਠੀਕ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਹਾਲ ਹੀ ਵਿੱਚ ਪੁਲੀਸ ਵੱਲੋਂ ਗ੍ਰਿਫਤਾਰ ਕੀਤੇ ਗਏ ਬੇਕਸੂਰ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਕੀਤੀ ਜਾਵੇਗੀ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਚਾਰਾਜੋਈ ਕਰਨ ਵਾਸਤੇ ਆਦੇਸ਼ ਵੀ ਕੀਤੇ



ਗਏ ਸਨ। ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਕਾਨੂੰਨੀ ਚਾਰਾਜੋਈ ਵਾਸਤੇ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਜਨਰਲ ਹਾਊਸ ਵੱਲੋਂ ਮਤਾ ਪਾਸ ਕੀਤਾ ਗਿਆ ਹੈ। ਇਸੇ ਮੰਗ ਨੂੰ ਲੈ ਕੇ ਸ਼ ?ਰੋਮਣੀ ਕਮੇਟੀ ਵੱਲੋਂ ਅੱਜ ਸਿੱਖ ਰੋਸ ਮਾਰਚ ਵੀ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇਕਰ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵੱਲੋਂ ਵੀ ਕਾਨੂੰਨੀ ਚਾਰਾਜੋਈ ਦੀ ਮਦਦ ਵਾਸਤੇ ਮੰਗ ਕੀਤੀ ਜਾਵੇਗੀ ਤਾਂ ਸ਼੍ਰੋਮਣੀ ਕਮੇਟੀ ਉਸ ਦੀ ਵੀ ਮਦਦ ਕਰੇਗੀ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਇਸ ਮਾਮਲੇ ਵਿਚ ਬਿਲਕੁਲ ਸਪੱਸ਼ਟ ਹੈ ਕਿ ਸਰਕਾਰ ਵੱਲੋਂ ਸਿੱਖਾਂ ਦੇ ਖਿਲਾਫ਼ ਅਤੇ ਸਿੱਖਾਂ ਦੀ ਸਾਖ਼ ਨੂੰ ਖਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਬੇਕਸੂਰ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ ਅਤੇ ਸਿੱਖ ਨੌਜਵਾਨਾਂ ’ਤੇ ਲਾਇਆ ਗਿਆ ਕੌਮੀ ਸੁਰੱਖਿਆ ਐਕਟ ਹਟਾਉਣਾ ਚਾਹੀਦਾ ਹੈ। ਇਸ ਦੌਰਾਨ ਸ੍ਰੀ ਅਕਾਲ ਤਖਤ ’ਤੇ ਵੀ ਇਸ ਮਾਮਲੇ ਵਿਚ ਦੇਸ਼-ਵਿਦੇਸ਼ ਤੋਂ ਈਮੇਲ ਸੁਨੇਹੇ ਅਤੇ ਟੈਲੀਫ਼ੋਨ ਰਾਹੀਂ ਸੁਝਾਅ ਭੇਜੇ ਜਾ ਰਹੇ ਹਨ। ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਆਖਿਆ ਕਿ ਇਸ ਮਾਮਲੇ ਵਿੱਚ ਕੋਈ ਵੀ ਫੈਸਲਾ ਕਾਹਲ ਕਦਮੀ ਨਾਲ ਨਹੀਂ ਕਰਨਾ ਚਾਹੀਦਾ।

## ਗਿਆਨੀ ਹਰਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਸਬੰਧਤ ਵਿਸ਼ੇਸ਼ ਮੀਟਿੰਗ ਸੱਦੀ

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਮੌਜੂਦਾ ਘਟਨਾਕ੍ਰਮ ਦੌਰਾਨ ਮੀਡੀਆ ਨੂੰ ਨਿਸ਼ਾਨਾ ਬਣਾਏ ਜਾਣ ਦੇ ਮਾਮਲੇ ’ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ 7 ਅਪਰੈਲ ਨੂੰ ਪੱਤਰਕਾਰਾਂ ਨਾਲ ਸਬੰਧਤ ਇੱਕ ਵਿਸ਼ੇਸ਼ ਮੀਟਿੰਗ ਸੱਦੀ ਹੈ। ਇਸ ਸਬੰਧੀ ਇਕ ਪੋਸਟਰ ਵੀ ਜਾਰੀ ਕੀਤਾ ਗਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਸਰਕਾਰ ਨੇ ਕਾਨੂੰਨ ਨੂੰ ਛਿੱਕੇ ’ਤੇ ਟੰਗ ਕੇ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਦੀ ਆਵਾਜ਼ ਬੰਦ ਕੀਤੀ ਹੈ। ਇਸੇ ਸਬੰਧ ਵਿਚ ਮੀਡੀਆ ਨੂੰ ਚਣੌਤੀਆਂ ਅਤੇ ਭਵਿੱਖ ਦੀ ਰਣਨੀਤੀ ਦੇ ਵਿਸ਼ੇ ’ਤੇ ਵਿਚਾਰ ਚਰਚਾ ਹੋਵੇਗੀ।

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਮਾਗਮ ਵਿਚ 50 ਤੋਂ ਵੱਧ ਸੰਗਤਾਂ ਨੇ ਪ੍ਰਾਪਤ ਕੀਤੀ ਅੰਮ੍ਰਿਤ ਦੀ ਦਾਤ

## *ਦਿੱਲੀ ਕਮੇਟੀ ਮੈਂਬਰ ਮੌਂਟੀ ਕੋਛੜ ਦਾ ਵੱਡਾ ਉਪਰਾਲਾ*



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੌਜਵਾਨ ਮੈਂਬਰ ਸ. ਇੰਦਰਪ੍ਰੀਤ ਸਿੰਘ ਕੋਛੜ (ਮੌਂਟੀ) ਦੇ ਵਿਸ਼ੇਸ਼ ਉਪਰਾਲੇ ਸਦਕਾ ਖਾਲਸਾ ਸਾਜਨਾ ਦਿਵਸ ਦੀ ਖ਼ੁਸ਼ੀ ਵਿੱਚ ਪੱਛਮੀ ਦਿੱਲੀ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਖੇ ਕਥਾ ਸਮਾਗਮ ਕਰਵਾਏ ਗਏ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਹੋਇਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਸ. ਇੰਦਰਪ੍ਰੀਤ ਸਿੰਘ ਕੋਛੜ ਮੌਂਟੀ ਨੇ ਦਸਿਆ ਕਿ ਇਹ ਉਕਤ ਛੇ ਰੋਜ਼ਾ ਕਥਾ ਸਮਾਗਮ ਗੁਰਦੁਆਰਾ ਸ਼ ?ਰੀ ਗੁਰੂ ਸਿੰਘ ਸਭਾ, ਜੇ-ਬਲਾਕ, ਰਾਜੌਰੀ ਗਾਰਡਨ. ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਟੈਗੋਰ ਗਾਰਡਨ ਅਤੇ ਗੁਰਦੁਆਰਾ ਸ਼ ?ਰੀ ਗੁਰੂ ਸਿੰਘ ਸਭਾ, 7-ਬਲਾਕ ਸੁਭਾਸ ਨਗਰ ਵਿੱਖੇ ਕਰਵਾਏ ਗਏ। ਇਨ੍ਹਾਂ ਕਥਾ ਸਮਾਗਮਾਂ ਦੌਰਾਨ ਪੰਥ ਪ੍ਰਸਿਧ ਕਥਾ ਵਾਚਕ ਭਾਈ ਪਰਮਜੀਤ ਸਿੰਘ ਖ਼ਾਲਸਾ (ਸ਼੍ਰੀ ਅੰਨਦਪੁਰ ਸਾਹਿਬ) ਵਲਿਆਂ ਨੇ ਗੁਰਬਾਣੀ ਦੀ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸ਼ਬਦ ਗੁਰੂ ਦੇ ਲੜ ਲੱਗਣ ਦੀ ਤਾਕੀਦ ਵੀ ਕੀਤੀ। ਉਪਰੋਕਤ ਸਮਾਗਮਾਂ ਦੌਰਾਨ ਕਥਾ ਵਾਚਕ ਭਾਈ ਪਰਮਜੀਤ ਸਿੰਘ ਖ਼ਾਲਸਾ (ਸ਼੍ਰੀ ਅੰਨਦਪੁਰ ਸਾਹਿਬ) ਵਲਿਆਂ ਨੇ ਸੰਗਤਾਂ ਨੂੰ ਖ਼ੰਡੇ ਬਾਟੇ ਦੀ ਪਾਹੁਲ ਲੈਣ ਅਤੇ ਅੰਮ੍ਰਿਤ ਛੱਕਣ ਲਈ ਵੀ ਪ੍ਰੇਰਤ ਕੀਤਾ, ਜਿਸ ਦੇ ਸਦਕਾ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, 7-ਬਲਾਕ ਸੁਭਾਸ ਨਗਰ ਵਿਖੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ ਅਤੇ 50 ਤੋਂ ਵੱਧ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਵਾਲੇ ਬਣੇ। ਸ. ਇੰਦਰਪ੍ਰੀਤ ਸਿੰਘ ਕੋਛੜ (ਮੌਂਟੀ) ਨੇ ਦਸਿਆ ਕਿ ਉਕਤ ਸਮਾਗਮਾਂ ਅਤੇ ਅੰਮ੍ਰਿਤ ਸੰਚਾਰ ਸਮਾਗਮ ਲਈ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, 7-ਬਲਾਕ ਸੁਭਾਸ ਨਗਰ ਦੀ ਸਮੂਹ ਪ੍ਰਬੰਧ ਕਮੇਟੀ ਅਤੇ ਪ੍ਰਧਾਨ ਸ. ਭੁਪਿੰਦਰ ਸਿੰਘ ਬੱਗਾ, ਜਨਰਲ ਸਕੱਤਰ ਮੋਹਨ ਸਿੰਘ ਬੱਬਲਾ, ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ, ਮੀਤ ਗ੍ਰੰਥੀ ਭਾਈ ਗੁਰਨਾਮ ਸਿੰਘ ਆਦਿ ਨੇ ਵਿਸ਼ੇਸ ਯੋਗਦਾਨ ਪਾਇਆ।

# ਅੰਮ੍ਰਿਤਪਾਲ ਵੱਲੋਂ ਸਰਬੱਤ ਖ਼ਾਲਸਾ ਦੀ ਮੰਗ ਨੂੰ ਸਿੱਖ ਆਗੂਆਂ ਨੇ ਨਕਾਰਿਆ

## ਮੰਗ ਨੂੰ ਦੱਸਿਆ ਮੌਜੂਦਾ ਹਾਲਾਤ ’ਚ ਅੰਮ੍ਰਿਤਪਾਲ ਸਿੰਘ ਦੀ ਨਿੱਜੀ ਲੜਾਈ ਦਾ ਹਿੱਸਾ



ਅੰਮ੍ਰਿਤਸਰ : ਉੱਘੇ ਸਿੱਖ ਆਗੂਆਂ ਨੇ ਸਰਬੱਤ ਖ਼ਾਲਸਾ ਦੀ ਮੰਗ ਨੂੰ ਮੌਜੂਦਾ ਹਾਲਾਤ ਵਿਚ ਅੰਮ੍ਰਿਤਪਾਲ ਸਿੰਘ ਦੀ ਨਿੱਜੀ ਲੜਾਈ ਦਾ ਹਿੱਸਾ ਦੱਸਿਆ। ਉਨ੍ਹਾਂ ਅੰਮ੍ਰਿਤਪਾਲ ਸਿੰਘ ਵੱਲੋਂ ਕੀਤੀ ਗਈ ਸਰਬੱਤ ਖ਼ਾਲਸਾ ਸੱਦਣ ਦੀ ਮੰਗ ਨੂੰ ਨਕਾਰਦੇ ਹੋਏ ਕਈ ਪਹਿਲੂਆਂ ’ਤੇ ਚਾਨਣਾ ਪਾਇਆ।

ਪਰਮਜੀਤ ਸਿੰਘ ਸਹੋਲੀ ਉੱਘੇ ਅਕਾਲੀ ਆਗੂ, ਬਾਬਾ ਬੂਟਾ ਸਿੰਘ, ਗੁਰਮੀਤ ਸਿੰਘ ਗੋਰਾ ਅਤੇ ਹੋਰ ਸਿੱਖ ਆਗੂਆਂ ਨੇ ਕਿਹਾ ਕਿ ਸਰਬੱਤ ਖਾਲਸਾ ਸਾਲ 2015 ਵਿਚ ਉਦੋਂ ਕਰਾਇਆ ਗਿਆ ਸੀ ਜਦੋਂ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਦੀਆਂ ਘਟਨਾਵਾਂ ਹੋਈਆਂ ਸਨ ਅਤੇ ਨੇੜੇ ਹੀ ਗੋਲੀ ਕਾਂਡ ਹੋਇਆ ਸੀ। ਉਸ ਸਮੇ ਉਨ੍ਹਾਂ ਦੀ ਆਪਣੀ ਸਰਕਾਰ ਸੀ ਤੇ ਉਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੋਈ ਸੀ। ਇਹੋ ਜਿਹੇ ਹਾਲਾਤ ਵਿਚ ਉਨ੍ਹਾਂ ਵੱਲੋਂ ਸਰੱਬਤ ਖ਼ਾਲਸਾ ਕਰਵਾਇਆ ਗਿਆ ਸੀ।

ਪ੍ਰੈੱਸ ਕਾਨਫਰੰਸ ਦੌਰਾਨ ਮੌਜੂਦ ਸਿੱਖ ਆਗੂਆਂ ਨੇ ਕਿਹਾ ਕਿ ਅਜਾਨਾਲਾ ਵਿਚ ਅੰਮ੍ਰਿਤਪਾਲ ਦੇ ਸਾਥੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਥਾਣੇ ਵਿਚ ਲੈ ਕੇ ਜਾਣਾ ਅਤੇ ਕਈ ਵਿਅਕਤੀਆਂ ਦਾ ਫੱਟੜ ਹੋਣਾ ਗ਼ਲਤ ਕਾਰਵਾਈ ਦਾ ਹਿੱਸਾ ਹੈ। ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਉੱਪਰ ਪੁਲਿਸ ਵੱਲੋਂ ਕੀਤੀ ਕਾਰਵਾਈ ਅਤੇ ਉਸ ਦੇ ਨਤੀਜੇ ਵਜੋਂ ਅੰਮ੍ਰਿਤਪਾਲ ਸਿੰਘ ਵੱਲੋਂ ਨੌਜਵਾਨਾਂ ਨੂੰ ਗਲਤ ਰਾਹੇ ਪਾਉਣਾ ਗਲਤ ਸੋਚ ਦਾ ਨਤੀਜਾ ਹੈ। ਅਕਾਲੀ ਦਲ ਸੁਤੰਤਰ ਪਾਰਟੀ ਦੇ ਪ੍ਰਮੁੱਖ ਆਗੂ ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਉਨ੍ਹਾਂ ਅੰਮ੍ਰਿਤਪਾਲ ਸਿੰਘ ਨੂੰ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਬੰਦੀ ਸਿੰਘਾਂ ਦੀ ਰਿਹਾਈ ਦੀ ਮੁਹਿੰਮ ਵਿਚ ਉਨ੍ਹਾਂ ਦਾ ਸਾਥ ਦੇਣ ਪ੍ਰੰਤੂ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀ ਨੇ ਨੌਜਵਾਨਾਂ ਨੂੰ ਗਲਤ ਰਸਤੇ ਵਿਚ ਪਾਇਆ, ਜਿਸ ਕਾਰਨ ਮੌਜੂਦਾ ਸਰਕਾਰ ਨੂੰ ਉਨ੍ਹਾਂ ਉੱਪਰ ਐੱਨਐੱਸਏ ਵਰਗਾ ਸਖ਼ਤ ਕਾਨੂੰਨ ਲਗਾਉਣਾ ਪਿਆ। ਇਸ ਕਾਰਨ ਪੰਜਾਬ ਦੇ ਕਈ ਨੌਜਵਾਨ ਪਰੇਸ਼ਾਨੀ ਵਿਚ ਹਨ ਅਤੇ ਪੁਲਿਸ ਕਾਰਵਾਈ ਕਾਰਨ ਨੌਜਵਾਨ ਬਾਹਰਲੀਆ ਜੇਲ੍ਹਾਂ ਵਿਚ ਭੇਜ ਦਿੱਤੇ ਗਏ।

ਸਿੱਖ ਆਗੂਆਂ ਨੇ ਸਾਲ 2015 ਵਿਚ ਬੁਲਾਏ ਗਏ ਸਰਬੱਤ ਖ਼ਾਲਸਾ ਸਬੰਧੀ ਦੱਸਿਆ ਕਿ ਇਸ ਵਿਚ ਲੱਖਾਂ ਦਾ ਇਕੱਠ ਹੋਇਆ ਸੀ ਅਤੇ ਸਿੰਘ ਸਾਹਿਬਾਨ ਆਏ ਸਨ। ਸਹੋਲੀ ਨੇ ਕਿਹਾ ਕਿ ਉਦੋਂ ਅਸੀਂ ਇਸ ਇਕੱਠ ਵਿਚ ਅਕਾਲ ਤਖ਼ਤ ਸਾਹਿਬ ਦੇ ਉੱਘੇ ਜਥੇਦਾਰ ਵੀ ਬੁਲਾਏ ਸਨ। ਸਹੋਲੀ ਨੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਸਦਬੁੱਧੀ ਦੇਣ ਲਈ ਸਬੰਧੀ ਪ੍ਰਮਾਤਮਾ ਅੱਗੇ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਸਰਬੱਤ ਖ਼ਾਲਸਾ ਬੁਲਾਉਣ ਦੀ ਮੰਗ ਬਿਲਕੁੱਲ ਨਾਜਾਇਜ਼ ਤੇ ਗਲਤ ਹੈ ਕਿਉਂਕਿ ਇਹ ਪੰਥ ਦੇ ਅਸੂਲਾਂ ਦੇ ਖ਼ਿਲਾਫ਼ ਹੈ। ਸਰੱਬਤ ਖਾਲਸਾ ਦੀ ਮੰਗ ਉਦੋਂ ਕੀਤੀ ਜਾਂਦੀ ਹੈ, ਜਦ ਸਿੱਖ ਪੰਥ ਦਾ ਕੋਈ ਸਾਂਝਾ ਮਸਲਾ ਕੌਮ ਦੇ ਅੱਗੇ ਖੜ੍ਹਾ ਹੋਵੇ ਜਦਕਿ ਅੰਮ੍ਰਿਤਪਾਲ ਆਪਣੇ ‘ਨਿੱਜੀ ਮਸਲੇ’ ਨੂੰ ਧਿਆਨ ਵਿਚ ਰੱਖਦੇ ਹੋਏ ਸਰਬੱਤ ਖ਼ਾਲਸਾ ਦੀ ਮੰਗ ਕਰ ਰਿਹਾ ਹੈ। ਇਸ ਤਰ੍ਹਾਂ ਅੰਮ੍ਰਿਤਪਾਲ ਸਿੰਘ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਿਹਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੀ ਇਸ ਮੰਗ ਦਾ ਸਿੱਖ ਸਮਾਜ ਵੱਲੋਂ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ।

# ਨਸ਼ਿਆਂ ਨਾਲ ਜਵਾਨੀ ਤਬਾਹ ਕਰਨ ਵਾਲਿਆਂ ਨੂੰ ਬਖਸ਼ਾਂਗੇ ਨਹੀਂ: ਭਗਵੰਤ ਮਾਨ

## ਮੁੱਖ ਮੰਤਰੀ ਵੱਲੋਂ ਸਿਆਸਤਦਾਨਾਂ, ਅਫਸਰਸ਼ਾਹੀ ਤੇ ਨਸ਼ਾ ਤਸਕਰਾਂ ਦੇ ਗੱਠਜੋੜ ਖਿਲਾ.ਫ ਕਾਰਵਾਈ ਦਾ ਭਰੋਸਾ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ 'ਤੇ ਪੰਜਾਬ ਸਰਕਾਰ ਸੂਬੇ 'ਚ ਨਸ਼ਿਆਂ ਦੇ ਕਾਰੋਬਾਰ ਨਾਲ ਸਬੰਧਤ ਰਿਪੋਰਟ 'ਚ ਨਾਮਜ਼ਦ ਵਿਅਕਤੀਆਂ ਖਿਲਾਫ ਛੇਤੀ ਹੀ ਕਾਰਵਾਈ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਬਰਬਾਦ ਕਰਨ ਵਾਲੇ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਮੁੱਖ ਮੰਤਰੀ ਨੇ ਇਕ ਬਿਆਨ ਵਿੱਚ ਕਿਹਾ ਕਿ ਸੂਬੇ ਦੀਆਂ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੌਰਾਨ ਫੈਲੇ ਨਸ਼ਿਆਂ ਦੇ ਕਾਰੋਬਾਰ ਨੇ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਰਸੂਖਦਾਰ ਆਗੂਆਂ ਨੇ ਅਫਸਰਸ਼ਾਹੀ ਅਤੇ ਨਸ਼ਾ ਤਸਕਰਾਂ ਦੀ ਮਿਲੀਭੁਗਤ ਨਾਲ ਇਸ ਗੈਰ-ਕਾਨੂੰਨੀ ਧੰਦੇ ਦੀ ਪੁਸ਼ਤਪਨਾਹੀ ਕੀਤੀ ਤਾਂ ਜੋ ਗੈਰ-ਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕੀਤਾ ਜਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਸ ਘਿਣਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਸਲਾਖਾਂ ਪਿੱਛੇ ਡੱਕਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ ਦੀ ਜਾਂਚ ਰਿਪੋਰਟ ਲੰਬੇ ਸਮੇਂ ਤੋਂ ਲਟਕ ਰਹੀ ਸੀ ਕਿਉਂਕਿ ਪਿਛਲੀ ਸਰਕਾਰ ਵਿੱਚੋਂ ਕੋਈ ਵੀ ਪੰਜਾਬ ਦੇ ਭਵਿੱਖ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਵਿਰੁੱਧ ਕਾਰਵਾਈ ਕਰਨ ਲਈ ਸੱਚੇ ਦਿਲੋਂ ਸੁਹਿਰਦ ਨਹੀਂ ਸੀ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਜਦੋਂ ਉਨ੍ਹਾਂ ਨੂੰ ਹਾਈਕੋਰਟ ਤੋਂ ਤਿੰਨ ਪੈਕਟਾਂ ਵਿੱਚ ਰਿਪੋਰਟ ਹਾਸਲ ਹੋਈ ਹੈ, ਪੰਜਾਬ ਤੇ ਇੱਥੋਂ ਦੇ ਨੌਜਵਾਨਾਂ ਦੀਆਂ ਦੁਸ਼ਮਣ ਤਾਕਤਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਲੋਕਾਂ ਖਿਲਾ.ਫ ਮਿਸਾਲੀ ਕਾਰਵਾਈ ਕੀਤੀ ਜਾਵੇਗੀ, ਜਿਨ੍ਹਾਂ ਦੇ ਹੱਥ ਨਸ਼ੇ ਦੀ ਅਲਾਮਤ ਦਾ ਸ਼ਿਕਾਰ ਹੋਏ ਅਣਗਿਣਤ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜ਼ਿਕਰਯੋਗ ਹੈ ਕਿ ਇਹ ਰਿਪੋਰਟਾਂ ਪੰਜ ਸਾਲਾਂ ਤੋਂ ਲਟਕ ਰਹੀਆਂ ਸਨ। 'ਆਪ' ਸਰਕਾਰ ਨੇ ਦੋਸ਼ ਲਾਇਆ ਹੈ ਕਿ ਪਿਛਲੀ



ਕਾਂਗਰਸ ਸਰਕਾਰ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਸੀ, ਪਰ ਅਹੁਦਾ ਸੰਭਾਲਣ ਤੋਂ ਬਾਅਦ ਭਗਵੰਤ ਮਾਨ ਨੇ ਲੰਘੀ 15 ਫਰਵਰੀ ਨੂੰ ਹਾਈਕੋਰਟ 'ਚ ਸਹਿਮਤੀ ਦੇ ਦਿੱਤੀ ਸੀ। ਮੁੱਖ ਮੰਤਰੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕੀਤੀਆਂ ਸਾਰੀਆਂ ਸੀਲਬੰਦ ਰਿਪੋਰਟਾਂ ਜਨਤਕ ਕਰਨ ਲਈ ਸਹਿਮਤੀ ਦਿੱਤੀ ਸੀ, ਜੋ ਪੁਲੀਸ ਅਧਿਕਾਰੀਆਂ ਅਤੇ ਨਸ਼ਾ ਤਸਕਰਾਂ ਵਿਚਕਾਰ ਗਠਜੋੜ ਨੂੰ ਦਰਸਾਉਂਦੀਆਂ ਹਨ। ਇਹ ਰਿਪੋਰਟਾਂ ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਕੀਤੀਆਂ ਗਈਆਂ ਸਨ, ਜਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਸੀ। ਸਰਕਾਰ ਦਾ ਦਾਅਵਾ ਹੈ ਕਿ ਇਸ ਕਾਰਵਾਈ ਨੇ ਲੰਬੇ ਸਮੇਂ ਤੋਂ ਇਸ ਧੰਦੇ ਵਿਚ ਸ਼ਾਮਲ ਅਫਸਰਾਂ-ਸਿਆਸਤਦਾਨਾਂ ਅਤੇ ਨਸ਼ਾ ਤਸਕਰਾਂ ਦੇ ਮਜ਼ਬੂਤ ਗੱਠਜੋੜ ਖਿਲਾਫ ਸਖਤ ਕਾਰਵਾਈ ਦਾ ਰਾਹ ਪੱਧਰਾ ਕਰ ਦਿੱਤਾ ਹੈ। ਸਰਕਾਰ ਦੇ ਇਸ ਐਲਾਨ ਤੋਂ ਬਾਅਦ ਰਸੂਖਦਾਰ ਵਿਅਕਤੀਆਂ 'ਚ ਸਹਿਮ ਦਾ ਮਹੌਲ ਹੈ। ਹਾਈ ਕੋਰਟ ਵਿੱਚ ਹਾਲੇ ਵੀ ਇੱਕ ਰਿਪੋਰਟ ਸੀਲਬੰਦ ਹੀ ਪਈ ਹੈ।

### ਪੰਜਾਬ ਸਰਕਾਰ ਨਸ਼ਾ ਤਸਕਰਾਂ ਖਿਲਾ.ਫ ਕਾਰਵਾਈ ਜਾਰੀ ਰੱਖੇ : ਸੁਪਰੀਮ ਕੋਰਟ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਗੈਰਕਾਨੂੰਨੀ ਦੇਸੀ ਸ਼ਰਾਬ ਕੱਢਣ ਤੇ ਇਸ ਦੀ ਢੋਆ-ਢੁਆਈ ਦੇ ਨਾਲ ਸੂਬੇ ਵਿੱਚ ਚੱਲਦੀਆਂ ਗੈਰਕਾਨੂੰਨੀ 'ਭੱਠੀਆਂ' ਨੂੰ ਨੱਥ ਪਾਉਣ ਦੀ ਆਪਣੀ ਕਾਰਵਾਈ ਜਾਰੀ ਰੱਖਣ ਦੀ ਹਦਾਇਤ ਕੀਤੀ ਹੈ। ਜਸਟਿਸ ਐੱਮਆਰਸ਼ਾਹ ਅਤੇ ਜਸਟਿਸ ਸੀਟੀਰਵੀਕੁਮਾਰ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਜੇਕਰ ਕਿਤੇ ਗੈਰਕਾਨੂਨੀ 'ਭੱਠੀ' ਚੱਲਦੀ ਫੜੀ ਜਾਂਦੀ ਹੈ ਤਾਂ ਸਥਾਨਕ ਪੁਲੀਸ ਦੀ ਜ਼ਿੰਮੇਵਾਰੀ ਨਿਰਧਾਰਿਤ ਕੀਤੀ ਜਾਵੇ। ਜ਼ਹਿਰੀਲੀ ਸ਼ਰਾਬ ਪੀਣ ਕਰਕੇ ਹੋਈਆਂ ਮੌਤਾਂ ਦੇ ਹਵਾਲੇ ਨਾਲ ਸੁਪਰੀਮ ਕੋਰਟ ਨੇ ਕਿਹਾ ਕਿ ਤਿੰਨ ਜ਼ਿਲ੍ਹਿਆਂ ਵਿੱਚ ਅਜਿਹੀਆਂ ਤਿੰਨ ਘਟਨਾਵਾਂ ਨੂੰ ਲੈ ਕੇ ਸੱਤ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਚੇਤੇ ਰਹੇ ਕਿ ਸੁਪਰੀਮ ਕੋਰਟ ਨੇ ਪਿਛਲੀਆਂ ਸੁਣਵਾਈਆਂ ਦੌਰਾਨ ਵੀ ਪੰਜਾਬ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਲੈ ਕੇ ਵੱਡਾ ਫਿਕਰ ਜਤਾਇਆ ਸੀ। ਬੈਂਚ ਨੇ ਉਦੋਂ ਕਿਹਾ ਸੀ, "ਸਾਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਪੰਜਾਬ ਵਿੱਚ ਕਿਸ ਦੀ ਸਰਕਾਰ ਹੈ।

# ਭਾਰਤ 'ਚ ਘੱਟ ਗਿਣਤੀ ਭਾਈਚਾਰੇ ਪੂਰੀ ਤਰ੍ਹਾਂ ਸੁਰੱਖਿਅਤ: ਲਾਲਪੁਰਾ

ਪਟਿਆਲਾ : ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਅੱਜ ਇੱਥੇ ਘੱਟ ਗਿਣਤੀ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਬੈਠਕ ਕਰਕੇ ਸਿੱਖਿਆ, ਰੁਜ਼ਗਾਰ, ਹਾਊਸਿੰਗ, ਘੱਟ ਗਿਣਤੀਆਂ ਦੇ ਸੱਭਿਆਚਾਰ ਦੀ ਪ੍ਰਫੁੱਲਤਾ ਤੇ ਘੱਟ ਗਿਣਤੀਆਂ ਦੀ ਸੁਰੱਖਿਆ ਆਦਿ ਮੁੱਦੇ ਵਿਚਾਰੇ। ਸਥਾਨਕ ਸਰਕਟ ਹਾਊਸ ਵਿੱਚ ਕੀਤੀ ਇਸ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਘੱਟ ਗਿਣਤੀ ਭਾਈਚਾਰੇ ਪੂਰੀ ਤਰ੍ਹਾਂ ਸੁਰੱਖਿਅਤ ਹਨ ਤੇ ਵਿਕਾਸ ਵੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਦੇਸ਼ ਤੇ ਸੂਬੇ ਦੀ ਤਰੱਕੀ, ਫਿਰਕੂ ਏਕਤਾ, ਅਮਨ-ਸ਼ਾਂਤੀ, ਆਪਸੀ ਭਾਈਚਾਰਾ ਅਤੇ ਇਕਜੁੱਟਤਾ ਲਈ ਸਰਕਾਰੀ ਸਕੀਮਾਂ ਦਾ ਲਾਭ ਲੈ ਕੇ ਆਪਣੇ ਫਿਰਕਿਆਂ ਦੀ ਸਿੱਖਿਆ ਤੇ ਰੁਜ਼ਗਾਰ ਨੂੰ ਪ੍ਰਫੁੱਲਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਲਾਲਪੁਰਾ ਨੇ ਕਿਹਾ ਕਿ ਘੱਟ ਗਿਣਤੀਆਂ ਦੀ ਭਲਾਈ ਤੇ ਪ੍ਰਫੁੱਲਤਾ ਲਈ ਪ੍ਰਧਾਨ ਮੰਤਰੀ ਦੇ 15 ਸੂਤਰੀ ਪ੍ਰੋਗਰਾਮ ਤਹਿਤ ਘੱਟ ਗਿਣਤੀ ਫਿਰਕਿਆਂ ਨਾਲ ਬੈਠਕ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਬਾਰੇ ਚਰਚਾ ਕੀਤੀ ਹੈ।



ਉਨ੍ਹਾਂ ਕਿਹਾ ਕਿ ਕੌਮੀ ਘੱਟ ਗਿਣਤੀ ਕਮਿਸ਼ਨ ਚਾਹੁੰਦਾ ਹੈ ਕਿ ਘੱਟ ਗਿਣਤੀਆਂ ਲਈ ਬਣੀਆਂ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜੇ। ਸ੍ਰੀ ਲਾਲਪੁਰਾ ਨੇ ਕਿਹਾ ਕਿ ਦੇਸ਼ ਵੰਡ ਮਗਰੋਂ ਭਾਰਤ 'ਚ ਘੱਟ ਗਿਣਤੀਆਂ ਦਾ ਅੰਕੜਾ 21 ਫੀਸਦ 'ਤੇ ਪਹੁੰਚ ਗਿਆ ਹੈ, ਜਦਕਿ ਪਾਕਿਸਤਾਨ 'ਚ ਇਹ 22 ਫੀਸਦ ਤੋਂ ਘੱਟ ਕੇ ਸਿਰਫ਼ 4.43 ਫੀਸਦ ਤੇ ਅਫ਼ਗਾਨਿਸਤਾਨ 'ਚ ਸਿਫ਼ਰ 'ਤੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਵੰਨ-ਸੁਵੰਨੇ ਫੁੱਲਾਂ ਦਾ ਸੁੰਦਰ ਗੁਲਦਸਤਾ ਹੈ ਅਤੇ ਇੱਥੇ ਸਾਰੇ ਫਿਰਕੇ ਮਿਲ-ਜੁਲ ਕੇ ਰਹਿੰਦੇ ਹਨ।

# ਨਸ਼ੇ ਦੇ ਸੌਦਾਗਰਾਂ ਨੂੰ ਜੇਲ੍ਹਾਂ 'ਚ ਸੁੱਟੇਗੀ ਪੰਜਾਬ ਸਰਕਾਰ : ਕੇਜਰੀਵਾਲ

ਪਟਿਆਲਾ : ਸੀ. ਐੱਮ. ਯੋਗਸ਼ਾਲਾ ਦੀ ਸ਼ੁਰੂਆਤ ਕਰਨਾ ਲਈ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ, ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਪਟਿਆਲਾ ਪਹੁੰਚੇ। ਇਸ ਮੌਕੇ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਮੈਂ ਅੱਜ ਬਹੁਤ ਖ਼ੁਸ਼ ਹਾਂ। ਇਹ ਐਕਸਪੈਰੀਮੈਂਟ ਦਿੱਲੀ 'ਚ ਸ਼ੁਰੂ ਕੀਤਾ ਗਿਆ ਅਤੇ ਹੁਣ ਵੀ ਵੱਖ-ਵੱਖ ਖੇਤਰਾਂ 'ਚ ਨਵੇਂ-ਨਵੇਂ ਪ੍ਰਯੋਗ ਕੀਤੇ ਜਾ ਰਹੇ ਹਨ ਅਤੇ ਉਹ ਕਾਫ਼ੀ ਸਫ਼ਲ ਵੀ ਹੋ ਰਹੇ ਹਨ। ਇਨ੍ਹਾਂ ਸਭ ਪ੍ਰਯੋਗਾਂ ਵਿੱਚੋਂ ਇਕ ਪ੍ਰਯੋਗ ਸੀ ਲੋਕਾਂ ਨੂੰ ਯੋਗ ਕਰਵਾਉਣ ਅਤੇ ਅੱਜ ਪੰਜਾਬ 'ਚ ਸੀ. ਐੱਸ. ਦੀ ਯੋਗਸ਼ਾਲਾ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਇਸ ਤਹਿਤ ਪੰਜਾਬ ਸਰਕਾਰ ਵੱਲੋਂ ਇਕ ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਫੋਨ ਕਰਕੇ ਯੋਗ ਕਰਨ ਦੇ ਚਾਹਵਾਨ ਆਪਣਾ ਨਾਮ ਅਤੇ ਪਤਾ ਲਿਖਵਾ ਦੇਣ ਤੇ ਫਿਰ ਸਰਕਾਰ ਤੁਹਾਨੂੰ ਮੁਫ਼ਤ ਯੋਗ ਸਿੱਖਿਅਕ ਭੇਜੇਗੀ ਪਰ ਇਸ ਲਈ ਘੱਟੋ-ਘੱਟ 25 ਲੋਕ ਯੋਗ ਸਿੱਖਣ ਦੇ ਇਛੁੱਕ ਹੋਣੇ ਚਾਹੀਦੇ ਹਨ। ਕੇਜਰੀਵਾਲ ਨੇ ਕਿਹਾ ਕਿ ਫਿਲਹਾਲ ਸੂਬੇ ਦੇ 4 ਸ਼ਹਿਰਾਂ 'ਚ ਹੀ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ ਪਰ ਆਉਣ ਵਾਲੇ ਸਮੇਂ 'ਚ ਸੂਬੇ ਦੇ ਹਰ ਪਿੰਡ, ਮੁਹੱਲੇ ਅਤੇ ਪੰਜਾਬ ਦੇ 3 ਕਰੋੜ ਲੋਕਾਂ ਨੂੰ ਮੁਫ਼ਤ 'ਚ ਯੋਗ ਕਰਾਵਾਂਗੇ। ਉਨ੍ਹਾਂ ਦੱਸਿਆ ਕਿ ਦਿੱਲੀ 'ਚ ਵੀ ਅਸੀਂ ਇਸ ਤਰ੍ਹਾਂ ਹੀ ਯੋਗ ਕਰਨ ਦੀ ਸ਼ੁਰਆਤ ਕੀਤੀ ਸੀ ਤੇ



ਹੌਲੀ-ਹੌਲੀ ਕਰੀਬ 70 ਹਜ਼ਾਰ ਲੋਕਾਂ ਨੇ ਰੋਜ਼ਾਨਾ ਯੋਗ ਕਰਨਾ ਸ਼ੁਰੂ ਕਰ ਦਿੱਤਾ ਤੇ ਲੋਕ ਬਹੁਤ ਖ਼ੁਸ਼ ਹਨ। ਯੋਗ ਦੀ ਸਿੱਖਿਆ 'ਚ ਜੋ ਕੁਝ ਵੀ ਸਿਖਾਇਆ ਜਾਂਦਾ ਹੈ ਉਹ ਸਰੀਰ ਲਈ ਬਹੁਤ ਲਾਹੇਵੰਦ ਹੈ। ਕੇਜਰੀਵਾਲ ਨੇ ਕਿਹਾ ਕਿ ਵਿਰੋਧੀਆਂ ਨੇ ਦਿੱਲੀ 'ਚ ਯੋਗਾ ਨੂੰ ਰੋਕਿਆ ਪਰ ਚੰਗੀਆਂ ਚੀਜ਼ਾਂ ਨੂੰ ਕੋਈ ਰੋਕ ਨਹੀਂ ਸਕਦਾ ਅਤੇ ਮੈਨੂੰ ਪੂਰਾ ਯਕੀਨ ਹੈ ਕਿ ਦਿੱਲੀ 'ਚ ਮੁੜ ਇਸ ਨੂੰ ਜਲਦ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੰਮ ਰੋਕਣ ਵਾਲੇ ਨਾਲੋਂ ਵੱਡਾ ਕੰਮ ਕਰਨ ਵਾਲਾ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਇਸ ਦਾ ਬਹੁਤ ਫਾਇਦਾ ਹੋਵੇਗਾ।

ਕੇਜਰੀਵਾਲ ਨੇ ਆਖਿਆ ਕਿ ਸੂਬੇ ਅੰਦਰ 500 ਮੁਹੱਲਾ ਕਲੀਨਿਕ ਸਥਾਪਤ ਕਰਨਾ ਤਾਂ ਬਸ ਇਕ ਸ਼ੁਰੂਆਤ ਹੈ। 'ਆਪ' ਨੇ ਸੂਬੇ 'ਚ 3000 ਦੇ ਕਰੀਬ ਮਹੁੱਲੇ ਕਲੀਨਿਕ ਸਥਾਪਤ ਕਰਨੇ ਹਨ। ਮੁਹੱਲਾ ਕਲੀਨਿਕਾਂ 'ਚ ਸਭ ਕੁਝ ਮੁਫ਼ਤ ਹੁੰਦਾ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਤੁਹਾਨੂੰ ਉੱਥੇ ਜਾਣ ਦਾ ਲੋੜ ਹੀ ਨਾ ਪਵੇ। ਇਸ ਲਈ ਅਸੀਂ ਜੇਕਰ ਰੋਜ਼ ਯੋਗ ਕਰਾਂਗਾ ਤਾਂ ਕੋਈ ਵੀ ਬੀਮਾਰ ਨਹੀਂ ਹੋਵੇਗਾ ਤੇ ਉਸ ਨੂੰ ਮੁਹੱਲਾ ਕਲੀਨਿਕ ਜਾਣ ਦਾ ਵੀ ਲੋੜ ਨਹੀਂ ਪਵੇਗੀ। ਇਸ ਸਾਡੀ ਪਹਿਲੀ ਕੋਸ਼ਿਸ਼ ਇਹ ਹੈ ਕਿ ਸਭ ਦੇ ਪਰਿਵਾਰ ਤੰਦਰੁਸਤ ਅਤੇ ਖ਼ੁਸ਼ ਰਹਿਣ ਅਤੇ ਕੋਈ ਵੀ ਬੀਮਾਰ ਨਾ ਹੋਵੇ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਈਮਾਨਦਾਰ ਸਰਕਾਰ ਹੈ ਤੇ ਸਰਕਾਰ ਮੁਹੱਲਾ ਕਲੀਨਿਕਾਂ ਤੋਂ ਇਲਾਵਾ ਸਰਕਾਰੀ ਹਸਪਤਾਲਾਂ ਨੂੰ ਵੀ ਵਧੀਆ ਬਣਾਇਆ ਜਾਵੇਗਾ ਤਾਂ ਲੋਕਾਂ ਨੂੰ ਮੁਫ਼ਤ ਇਲਾਜ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਬਰਕਰਾਰ ਰੱਖਣ ਅਤੇ ਗੈਂਗਸਟਰਾਂ ਖ਼ ?ਲਾਫ਼ ਵਿੱਢੀ ਮੁਹਿੰਮ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਭਾਵੇਂ ਕੋਈ ਵੀ ਕਿੰਨੇ ਵੀ ਖ਼ਤਰਨਾਕ ਗੈਂਗਸਟਰ ਕਿਉਂ ਨਾ ਹੋਵੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ ਤੇ ਜੇਲ੍ਹਾਂ 'ਚ ਭੇਜਿਆ ਜਾਵੇਗਾ। ਉਨ੍ਹਾਂ ਆਖਿਆ ਕਿ ਹਾਈ ਕੋਰਟ ਨੇ ਡਰੱਗ ਮਾਮਲੇ ਨਾਲ ਸਬੰਧਤ ਲਿਫ਼ਾਫੇ ਖੋਲ਼ ?ਹ ਲਏ ਹਨ ਤੇ ਹੁਣ ਕਿਸੇ ਵੀ ਮਾਸਟਰਮਾਈਂਡ ਹਨ, ਇਕੱਲੇ-ਇਕੱਲੇ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾਵੇਗਾ ਤੇ ਪੰਜਾਬ ਦੀ ਸ਼ਾਂਤੀ ਨਾਲ ਕਿਸੇ ਨੂੰ ਵੀ ਖਿਲਵਾੜ ਕਰਨ ਦੀ ਇਜ਼ਾਜਤ ਨਹੀਂ ਦਿੱਤਾ ਜਾਵੇਗੀ।

### *ਅਦਾਲਤ ਵਲੋਂ ਰਾਹਤ ਮਿਲਦੇ ਹੀ ਰਾਹੁਲ ਨੇ ਕੇਂਦਰ 'ਤੇ ਨਿਸ਼ਾਨਾ ਸਾਧਿਆ*

# ਦੋਸਤੀ ਦੇ ਖਿਲਾਫ ਲੋਕਤੰਤਰ ਨੂੰ ਬਚਾਉਣ ਦੀ ਹੈ ਲੜਾਈ

ਨਵੀਂ ਦਿੱਲੀ : ਕਾਂਗਰਸੀ ਆਗੂ ਰਾਹੁਲ ਗਾਂਧੀ ਨੇ 2019 ਦੇ ਮਾਣਹਾਨੀ ਕੇਸ ਵਿੱਚ ਆਪਣੀ ਦੋ ਸਾਲ ਦੀ ਸਜ਼ਾ ਖ਼ ?ਲਾਫ਼ ਅੱਜ ਸੂਰਤ ਦੀ ਸੈਸ਼ਨ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਜਿਥੇ ਪ੍ਰਿਯੰਕਾ ਗਾਂਧੀ ਵੀਂ ਉਨ੍ਹਾਂ ਦੇ ਨਾਲ ਸੀ । ਅਦਾਲਤ ਨੇ ਰਾਹੁਲ ਗਾਂਧੀ ਨੂੰ ਜ਼ਮਾਨਤ ਦੇਂਦਿਆਂ ਸਜ਼ਾ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ ਅਤੇ ਰਾਹੁਲ ਗਾਂਧੀ ਦੀ ਜ਼ਮਾਨਤ 13 ਅਪ੍ਰੈਲ ਤੱਕ ਵਧਾ ਦਿੱਤੀ ਹੈ। ਰਾਹੁਲ ਦੀ ਜ਼ਮਾਨਤ 'ਤੇ ਉਸੇ ਦਿਨ ਸੁਣਵਾਈ ਹੋਵੇਗੀ। ਇਸ ਦੇ ਨਾਲ ਹੀ ਕਾਂਗਰਸੀ ਆਗੂ ਨੇ ਆਪਣੀ ਸਜ਼ਾ ਨੂੰ ਵੀ ਚੁਣੌਤੀ ਦਿੱਤੀ ਹੈ, ਜਿਸ ਦੀ ਸੁਣਵਾਈ 3 ਮਈ ਨੂੰ ਹੋਵੇਗੀ। ਸੂਰਤ ਅਦਾਲਤ ਤੋਂ ਰਾਹਤ ਮਿਲਣ ਤੋਂ ਬਾਅਦ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਟਵਿਟਰ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਲਿਖਿਆ, 'ਇਹ ਦੋਸਤੀ ਦੇ ਖਿਲਾਫ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਹੈ। ਇਸ ਸੰਘਰਸ਼



ਵਿੱਚ ਸੱਚ ਹੀ ਮੇਰਾ ਹਥਿਆਰ ਹੈ ਅਤੇ ਸੱਚ ਹੀ ਮੇਰਾ ਸਹਾਰਾ ਹੈ। ਇਸ ਤੋਂ ਪਹਿਲਾਂ ਮਾਨਹਾਨੀ ਮਾਮਲੇ 'ਚ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ਸਜ਼ਾ ਨੂੰ ਚੁਣੌਤੀ ਦੇਣ ਵਾਲੇ ਮਾਮਲੇ ਦੀ ਅਗਲੀ ਸੁਣਵਾਈ ਸੂਰਤ ਦੀ ਇਕ ਅਦਾਲਤ 'ਚ 3 ਮਈ ਨੂੰ ਹੋਵੇਗੀ। ਅਦਾਲਤ ਨੇ ਸਬੰਧਤ ਧਿਰ ਨੂੰ 10 ਅਪਰੈਲ ਤੱਕ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ। ਸੂਰਤ ਸੈਸ਼ਨ ਕੋਰਟ ਨੇ ਮਾਮਲੇ ਦੀ ਸੁਣਵਾਈ ਦੀ ਅਗਲੀ ਤਰੀਕ 13 ਅਪ੍ਰੈਲ ਤੈਅ ਕੀਤੀ ਹੈ। ਰਾਹੁਲ ਗਾਂਧੀ ਨੂੰ ਵੀ ਅੱਜ ਤੱਕ ਜ਼ਮਾਨਤ ਮਿਲ ਚੁੱਕੀ ਹੈ।

# 'ਵਾਰਿਸ ਪੰਜਾਬ ਦੇ' ਬਾਨੀ ਦੀਪ ਸਿੱਧੂ ਦੇ ਜਨਮ ਦਿਨ 'ਤੇ ਦੋਸਤ ਰੀਨਾ ਰਾਏ ਸ੍ਰੀ ਦਰਬਾਰ ਸਾਹਿਬ ਹੋਈ ਨਤਮਸਤਕ

ਅੰਮ੍ਰਿਤਸਰ : ਬੀਤੇ ਵਰ੍ਹੇ ਸੜਕ ਹਾਦਸੇ ਦੌਰਾਨ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ 'ਵਾਰਿਸ ਪੰਜਾਬ ਦੇ' ਮਰਹੂਮ ਮੁਖੀ ਦੀਪ ਸਿੱਧੂ ਦੇ ਜਨਮ ਦਿਨ ਮੌਕੇ ਉਸ ਦੀ ਬੇਹੱਦ ਖਾਸਮਖਾਸ ਤੇ ਨਜ਼ਦੀਕੀ ਮਹਿਲਾ ਦੋਸਤ ਰੀਨਾ ਰਾਏ ਐਤਵਾਰ ਨੂੰ ਸੇਵਾ ਸਿਮਰਨ ਤੇ ਰੁਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ। ਇਸ ਦੌਰਾਨ ਉਸ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿਖੇ ਪ੍ਰਸ਼ਾਦਾ ਛਕਿਆ, ਪਵਿੱਤਰ ਸਰੋਵਰ 'ਚੋਂ ਅੰਮ੍ਰਿਤ ਚੂਲਾ ਲੈ ਕੇ ਪਰਿਕਰਮਾ ਕੀਤੀ ਤੇ ਮੁੱਖ ਭਵਨ ਵਿਖੇ ਨਤਮਸਤਕ ਹੋਣ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਿਆ। ਸਰਬੱਤ ਦੇ ਭਲੇ ਲਈ ਆਪਣੀ ਅਤੇ ਆਪਣੇ ਪਰਿਵਾਰ ਦੀ ਚੜ੍ਹਦੀ ਕਲਾ ਤੇ ਸਿਹਤਯਾਬੀ ਲਈ ਅਰਦਾਸਾ ਸੋਧਿਆ। ਇਸ



ਮੌਕੇ ਉਸਨੇ ਦੀਪ ਸਿੱਧੂ ਦੀ ਵਿਚਾਰਧਾਰਾ ਤੇ ਸੋਚ 'ਤੇ ਪਹਿਰਾ ਦੇਣ ਦੀ ਗੱਲ ਆਖਣ ਦੇ ਨਾਲ-ਨਾਲ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਮੋਹਾਲੀ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸਥਿਤ ਜਿਮਨਾਸਟਿਕ ਸੈਂਟਰ ਦੀਆਂ ਖਿਡਾਰਨਾਂ ਨੂੰ ਕਿੱਟਬੈਗ ਤੇ ਪੜ੍ਹਨ ਸਮੱਗਰੀ ਤਕਸੀਮ ਕਰਦਿਆਂ ਅੱਗੇ ਵਧਣ ਤੇ ਕੁਝ ਬਣ ਕੇ ਵਿਖਾਉਣ ਦੀਆਂ ਅਸੀਸਾਂ ਦਿੱਤੀਆਂ। ਇਸ ਦੌਰਾਨ ਉਹ ਕਈ ਵਾਰ ਭਾਵੁਕ ਵੀ ਹੋਈ।

# ਚੁੱਪ ਕਰਵਾਉਣ ਲਈ ਸਰਕਾਰ ਨੇ ਸੁਰੱਖਿਆ ਵਾਪਸ ਲਈ: ਸਿੱਧੂ

### *ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ ਨਾ ਦੇਣ ਸਬੰਧੀ 'ਆਪ' ਸਰਕਾਰ ਨੂੰ ਘੇਰਿਆ*



ਮਾਨਸਾ : ਪਟਿਆਲਾ ਜੇਲ੍ਹ 'ਚੋਂ ਰਿਹਾਅ ਹੋਏ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਮਾਨਸਾ ਜ਼ਿਲ੍ਹੇ ਦੇ ਪਿੰਡ ਮੂਸਾ ਵਿੱਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਸਿੱਧੂ ਨੇ ਕਿਹਾ ਕਿ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣਾ ਪੰਜਾਬ ਸਰਕਾਰ ਦੀ ਵੱਡੀ ਗਲਤੀ ਸੀ ਅਤੇ ਉਸ ਦੇ ਕਤਲ ਤੋਂ ਬਾਅਦ ਮਾਪਿਆਂ ਨੂੰ ਇਨਸਾਫ਼ ਨਾ ਦੇਣਾ ਹੋਰ ਵੀ ਵੱਡੀ ਨਾਲਾਇਕੀ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਚੁੱਪ ਕਰਵਾਉਣ ਲਈ ਵੀ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ, "ਜੋ ਕੁਝ ਸਿੱਧੂ ਮੂਸੇਵਾਲਾ ਨਾਲ ਹੋਇਆ, ਉਹ ਹੀ ਮੇਰੇ ਨਾਲ ਹੋ ਰਿਹਾ ਹੈ ਪਰ ਮੈਂ ਸੱਚ ਬੋਲਣ ਤੋਂ ਰੁਕਣ ਵਾਲਾ ਨਹੀਂ। ਬੇਸ਼ੱਕ ਮੇਰੀ ਸੁਰੱਖਿਆ ਘਟਾ ਦਿੱਤੀ ਜਾਵੇ।" ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਹੁਣ ਸੁਧਾਰ ਘਰ ਨਹੀਂ ਰਹੀਆਂ। ਲਾਰੈਂਸ ਬਿਸ਼ਨੋਈ ਵਰਗੇ ਗੈਂਗਸਟਰ ਜੇਲ੍ਹਾਂ 'ਚੋਂ ਇੰਟਰਵਿਊ ਦੇ ਰਹੇ ਹਨ ਅਤੇ ਜੇਲ੍ਹਾਂ ਵਿੱਚ ਹੀ ਗੈਂਗਸਟਰਾਂ ਦੀ ਆਪਸੀ ਲੜਾਈ ਵਿੱਚ ਗੈਂਗਸਟਰ ਮਾਰੇ ਜਾ ਰਹੇ ਹਨ। ਪੰਜਾਬ ਸਰਕਾਰ ਨੂੰ ਸਾਰਾ ਕੁਝ ਪਤਾ ਹੋਣ ਦੇ ਬਾਵਜੂਦ ਜੇਲ੍ਹਾਂ ਵਿੱਚ ਸੈਟੇਲਾਈਟ ਤੇ ਵੱਡੇ ਜੈਮਰ ਨਹੀਂ ਲਾਏ ਜਾ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਲਾਰੈਂਸ ਬਿਸ਼ਨੋਈ ਵਰਗੇ ਗੈਂਗਸਟਰਾਂ ਨੂੰ ਜ਼ੈੱਡ ਪਲੱਸ ਸੁਰੱਖਿਆ ਦਿੱਤੀ ਹੋਈ ਹੈ ਅਤੇ ਉਨ੍ਹਾਂ ਨੂੰ ਬੁਲਟ ਪਰੂਫ ਗੱਡੀਆਂ ਵਿੱਚ ਪੁਲੀਸ ਦੇ ਵੱਡੇ ਕਾਫ਼ਲਿਆਂ ਨਾਲ ਪੰਜਾਬ ਦੇ ਇੱਕ ਤੋਂ ਦੂਜੇ ਸ਼ਹਿਰ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੂਸੇਵਾਲਾ ਕਾਂਗਰਸ ਪਾਰਟੀ ਦਾ ਵਫ਼ਾਦਾਰ ਸਿਪਾਹੀ ਸੀ। ਉਹ ਮੂਸੇਵਾਲਾ ਨੂੰ ਇਨਸਾਫ਼ ਦਿਵਾਉਣ ਲਈ ਵਿੱਢੀ ਲਹਿਰ ਵਿੱਚ ਅੱਗੇ ਹੋ ਕੇ ਕੰਮ ਕਰਨਗੇ। ਮੂਸੇਵਾਲਾ ਕਤਲ ਪਿੱਛੇ ਕੋਈ ਸਿਆਸੀ ਸਾਜ਼ਿਸ਼ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਵਿੱਚ ਵੀ ਕੁਝ ਆਗੂ ਚੰਗੇ ਹਨ। ਉਨ੍ਹਾਂ ਕਿਹਾ ਕਿ ਪੁਲੀਸ ਵਿੱਚ ਵੀ ਬਹੁਤ ਕਾਬਿਲ ਲੋਕ ਹਨ ਪਰ ਸਰਕਾਰ ਨੂੰ ਉਨ੍ਹਾਂ ਤੋਂ ਕੰਮ ਲੈਣਾ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਹਾਲਤ ਇਹ ਹੋ ਗਈ ਹੈ ਕਿ ਉਸ ਦੇ ਆਪਣੇ ਵਿਧਾਇਕ ਹੀ ਵਿਰੋਧ ਕਰਨ ਲੱਗੇ ਹਨ।

#### ਲਾਰੈਂਸ ਦੀ ਇੰਟਰਵਿਊ ਸਬੰਧੀ ਬਣੀ ਕਮੇਟੀ ਦੀ ਰਿਪੋਰਟ ਕਦੋਂ ਆਵੇਗੀ: ਬਲਕੌਰ ਸਿੰਘ

ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਲਾਰੈਂਸ ਬਿਸ਼ਨੋਈ ਦੀ ਜੇਲ੍ਹ 'ਚੋਂ ਜਾਰੀ ਹੋਈ ਵੀਡਿਓ ਸਬੰਧੀ ਕਿਹਾ ਕਿ ਬੇਸ਼ੱਕ ਇਸ 'ਤੇ ਇੱਕ ਕਮੇਟੀ ਬਣਾ ਦਿੱਤੀ ਗਈ ਹੈ ਪਰ ਹਾਲੇ ਤੱਕ ਇਹ ਨਹੀਂ ਦੱਸਿਆ ਗਿਆ ਕਿ ਇਸ ਦੀ ਰਿਪੋਰਟ ਕਦੋਂ ਆਵੇਗੀ।

# ਨਵਜੋਤ ਸਿੱਧੂ ਦੀ ਰਿਹਾਈ ਤੋਂ ਬਾਅਦ ਕਾਂਗਰਸ ਨੇ ਪਟਿਆਲਾ 'ਚ ਕੀਤਾ ਪ੍ਰਦਰਸ਼ਨ

### *ਸਿੱਧੂ ਨੂੰ ਬੁਲਾਇਆ ਹੀ ਨਹੀਂ*



ਪਟਿਆਲਾ : 10 ਮਹੀਨਿਆਂ ਤੋਂ ਵੱਧ ਸਮਾਂ ਪਟਿਆਲਾ ਦੀ ਕੇਂਦਰੀ ਜੇਲ੍ਹ 'ਚ ਬਿਤਾਉਣ ਤੋਂ ਬਾਅਦ ਜੇਲ੍ਹ 'ਚੋਂ ਰਿਹਾਅ ਹੋਏ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਰਿਹਾਈ ਮੌਕੇ ਵਰਕਰਾਂ ਦਾ ਬੇਮਿਸਾਲ ਇਕੱਠ ਹੋਇਆ ਸੀ। ਬੇਸ਼ੱਕ ਸਰਕਾਰ ਨੇ ਸਿੱਧੂ ਦੇ ਇਸ ਜਲਵੇ ਨੂੰ ਘੱਟ ਕਰਨ ਲਈ ਸਿੱਧੂ ਨੂੰ ਦੁਪਹਿਰ 12 ਵਜੇ ਰਿਹਾਅ ਕਰਨ ਦੀ ਬਜਾਏ ਸ਼ਾਮ ਨੂੰ 6 ਵਜੇ ਰਿਹਾਅ ਕੀਤਾ ਪਰ ਇਸ ਦੇ ਬਾਵਜੂਦ ਵਰਕਰ ਸ਼ਾਮ 7 ਵਜੇ ਤੱਕ ਪਟਿਆਲਾ ਦੀਆਂ ਸੜਕਾਂ 'ਤੇ ਡਟੇ ਰਹੇ। ਸਰਕਾਰ ਦੇ ਨਾਲ-ਨਾਲ ਸਿੱਧੂ ਦੀ ਆਪਣੀ ਕਾਂਗਰਸ ਪਾਰਟੀ ਉਨ੍ਹਾਂ ਦੇ ਇਸ ਸਿਆਸੀ ਸ਼ੋਅ 'ਤੇ ਨਜ਼ਰ ਰੱਖ ਰਹੀ ਸੀ।

ਹਾਲਾਂਕਿ ਪ੍ਰਿਯੰਕਾ ਗਾਂਧੀ ਅਤੇ ਰਾਹੁਲ ਗਾਂਧੀ ਸਿੱਧੂ ਤੋਂ ਬੇਹੱਦ ਖੁਸ਼ ਹਨ ਅਤੇ ਸਮੁੱਚੇ ਗਾਂਧੀ ਪਰਿਵਾਰ ਨੇ ਸਿੱਧੂ ਨੂੰ ਫੋਨ ਵੀ ਕੀਤੇ ਪਰ ਪੰਜਾਬ ਦੀ ਲੀਡਰਸ਼ਿਪ ਸਿੱਧੂ ਤੋਂ ਖੌਫ਼ਜ਼ਦਾ ਦਿਖਾਈ ਦਿੱਤੀ। ਸ਼ਾਇਦ ਇਹੀ ਕਾਰਨ ਹੈ ਕਿ ਸਿੱਧੂ ਦੀ ਰਿਹਾਈ ਤੋਂ ਬਾਅਦ ਕਾਂਗਰਸ ਨੇ ਪਟਿਆਲਾ ਵਿੱਚ ਰੋਸ ਮਾਰਚ ਕੀਤਾ। ਇਹ ਰੋਸ ਮਾਰਚ ਨਵਜੋਤ ਸਿੰਘ ਸਿੱਧੂ ਦੇ ਘਰ ਤੋਂ ਸਿਰਫ਼ 500 ਮੀਟਰ ਦੀ ਦੂਰੀ ਸ਼ੇਰਾਂਵਾਲਾ ਗੇਟ ਤੋਂ ਸ਼ੁਰੂ ਕੀਤਾ ਗਿਆ ਸੀ ਪਰ ਇਸ ਵਿੱਚ ਨਵਜੋਤ ਸਿੰਘ ਸਿੱਧੂ ਨੇ ਸ਼ਿਰਕਤ ਨਹੀਂ ਕੀਤੀ। ਸੂਤਰਾਂ ਅਨੁਸਾਰ ਪੰਜਾਬ ਲੀਡਰਸ਼ਿਪ ਵੱਲੋਂ ਨਵਜੋਤ ਸਿੱਧੂ ਨੂੰ ਬੁਲਾਇਆ ਹੀ ਨਹੀਂ ਗਿਆ ਸੀ। ਜਿਸ ਦਿਨ ਨਵਜੋਤ ਸਿੱਧੂ ਨੇ ਰਿਹਾਅ ਹੋਣਾ ਸੀ, ਉਸ ਦਿਨ ਹੀ ਕਾਂਗਰਸ ਨੇ ਇਹ ਰੋਸ ਮਾਰਚ ਕੱਢਣਾ ਸੀ ਪਰ ਕਾਂਗਰਸ ਪਾਰਟੀ ਵੱਲੋਂ ਉਸ ਦਿਨ ਇਹ ਪ੍ਰੋਗਰਾਮ ਕੈਂਸਲ ਕਰ ਦਿੱਤਾ ਗਿਆ ਸੀ ਕਿਉਂਕਿ ਜ਼ਿਆਦਾਤਰ ਵਰਕਰਾਂ ਦੀ ਦਿਲਚਸਪੀ ਸਿੱਧੂ ਦੀ ਰਿਹਾਈ ਵੱਲ ਬਣੀ ਹੋਈ ਸੀ।

# ਮੌਸਮ ਦੇ ਤੇਵਰ ਦੇਖ ਕੇ ਕਿਸਾਨਾਂ ਦੇ ਫੁੱਲੇ ਸਾਹ, ਅਰਦਾਸਾਂ ਲਈ ਉੱਠੇ ਹੱਥ

### *'ਸਾਰੇ ਸਾਲ ਦੀ ਮਿਹਨਤ ਹੈ ਰੱਬਾ, ਸਾਡੀ ਝੋਲੀ ਖੈਰ ਪਾਈਂ'*

ਲੁਧਿਆਣਾ : ਮੌਜੂਦਾ ਸਮੇਂ ਦੌਰਾਨ ਮੌਸਮ ਦੇ ਲਗਾਤਾਰ ਬਦਲਦੇ ਮਿਜਾਜ਼ ਦੇਖ ਕੇ ਕਿਸਾਨਾਂ ਦੇ ਸਾਹ ਫੁੱਲੇ ਹੋਏ ਹਨ। ਪਿਛਲੇ ਕੁਝ ਦਿਨਾਂ ਤੋਂ ਰੁਕ-ਰੁਕ ਕੇ ਪੈ ਰਹੀ ਬਾਰਿਸ਼ ਅਤੇ ਕੁਝ ਥਾਵਾਂ 'ਤੇ ਹੋਈ ਭਾਰੀ ਬਾਰਿਸ਼ ਤੇ ਗੜੇਮਾਰੀ ਕਾਰਨ ਕਿਸਾਨਾਂ ਦੀ ਕਣਕ ਦੀ ਫਸਲ ਜੋ ਖੇਤਾਂ 'ਚ ਲਗਭਗ ਪੱਕ ਕੇ ਤਿਆਰ ਹੋ ਚੁੱਕੀ ਹੈ, ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਅਜਿਹੇ 'ਚ ਹੁਣ ਕਿਸਾਨਾਂ ਦੇ ਹੱਥ ਪ੍ਰਮਾਤਮਾ ਅੱਗੇ ਅਰਦਾਸ ਕਰਨ ਲਈ ਉੱਠਣ ਲੱਗੇ ਹਨ।



ਬਾਜੜਾ ਪਿੰਡ ਦੇ ਕਿਸਾਨ ਹਰਦੀਪ ਸਿੰਘ ਨੇ ਅਰਦਾਸ ਕਰਦਿਆਂ ਕਿਹਾ ਕਿ 'ਰੱਬਾ ਸਾਡੀ ਝੋਲੀ ਖੈਰ ਪਾਈਂ, ਸਾਰੇ ਸਾਲ ਦੀ ਮਿਹਨਤ ਹੈ' ਦੇਖੀਂ ਕਿਤੇ ਮਿਹਨਤ 'ਤੇ ਪਾਣੀ ਨਾ ਪੈ ਜਾਵੇ'। ਹਰਦੀਪ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਸੋਕਾ ਪੈਣ ਕਾਰਨ ਕਣਕ ਦੀ ਫਸਲ 'ਤੇ ਅਸਰ ਪਿਆ ਹੈ ਅਤੇ ਮੌਜੂਦਾ ਸਮੇਂ ਦੌਰਾਨ ਭਾਰੀ ਬਾਰਿਸ਼ ਪੈਣ ਕਾਰਨ ਕਿਸਾਨਾਂ ਨੂੰ ਲੱਖਾਂ ਰੁਪਏ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਤੇਜ਼ ਹਨੇਰੀ, ਬਾਰਿਸ਼ ਅਤੇ ਗੜੇਮਾਰੀ ਹੋਣ ਕਾਰਨ ਉਨ੍ਹਾਂ ਦੀ ਫਸਲ ਖੇਤਾਂ 'ਚ ਪੂਰੀ ਤਰ੍ਹਾਂ ਵਿਛ ਗਈ ਹੈ। ਉਨ੍ਹਾਂ ਕਿਹਾ ਕਿ ਆਸਮਾਨ 'ਚ ਲਿਸ਼ਕਦੀ ਬਿਜਲੀ ਅਤੇ ਫਸਲ 'ਤੇ ਪੈਂਦੀ ਬਾਰਿਸ਼ ਕਿਸਾਨਾਂ ਦਾ ਕਲੇਜਾ ਚੀਰ ਰਹੀ ਹੈ। ਵਿਭਾਗੀ ਅਧਿਕਾਰੀਆਂ ਮੁਤਾਬਕ ਮੌਸਮੀ ਬਾਰਿਸ਼ ਹੋਣ ਕਾਰਨ ਪੰਜਾਬ ਭਰ 'ਚ ਕਰੀਬ 15 ਤੋਂ 20 ਫੀਸਦੀ ਤੱਕ ਕਣਕ ਦੀ ਫਸਲ 'ਤੇ ਅਸਰ ਪਿਆ ਹੈ। ਮਾਹਿਰਾਂ ਦੀ ਮੰਨੀਏ ਤਾਂ ਬਾਰਿਸ਼ ਦਾ ਸਿੱਧਾ ਅਸਰ ਕਣਕ ਦੇ ਰੰਗ ਅਤੇ ਆਕਾਰ 'ਤੇ ਪੈਣ ਦੀ ਸੰਭਾਵਨਾ ਹੈ, ਜਿਸ ਕਾਰਨ ਜਿੱਥੇ ਕਣਕ ਦਾ ਆਕਾਰ ਆਮ ਤੋਂ ਘੱਟ ਹੋਵੇਗਾ, ਉੱਥੇ ਕਣਕ ਦੇ ਦਾਣੇ ਦਾ ਰੰਗ ਵੀ ਸੁਨਹਿਰੀ ਨਹੀਂ ਰਹੇਗਾ।

ਭਾਰਤੀ ਕਿਸਾਨ ਯੂਨੀਅਨ ਦੇ ਚੜੂਨੀ ਦੇ ਪੰਜਾਬ ਪ੍ਰਧਾਨ ਦਿਲਬਾਗ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੀੜਤ ਕਿਸਾਨਾਂ ਨੂੰ ਜਲਦ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਪੰਜਾਬ ਦਾ ਅੰਨਦਾਤਾ ਮੌਜੂਦਾ ਸਮੇਂ ਦੌਰਾਨ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਬੇਮੌਸਮੀ ਬਾਰਿਸ਼ ਪੈਣ ਕਾਰਨ ਕਿਸਾਨਾਂ ਦੀ ਫਸਲ ਨੂੰ ਵੱਡੇ ਪੱਧਰ 'ਤੇ ਨੁਕਸਾਨ ਪੁੱਜਾ ਹੈ, ਜਿਸ ਦੀ ਭਰਪਾਈ ਹੋਣਾ ਮੁਸ਼ਕਿਲ ਹੈ। ਅਜਿਹੇ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੀੜਤ ਕਿਸਾਨਾਂ ਨੂੰ ਜਲਦ ਮੁਆਵਜ਼ਾ ਦੇ ਕੇ ਰਾਹਤ ਦੇਵੇ। ਪ੍ਰਧਾਨ ਗਿੱਲ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਮੰਡੀਆਂ ਵਿਚ ਕਣਕ ਦੀ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਣਕ ਦੀ ਨਿਰਧਾਰਤ ਕੀਤੀ ਕੀਮਤ 'ਚ ਕੁਝ ਰਾਹਤ ਦਿੱਤੀ ਜਾਵੇ ਤਾਂ ਕਿ ਕਿਸਾਨ ਵਰਗ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੀ ਫਸਲ ਵੇਚ ਸਕੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਜ਼ਿਆਦਾਤਰ ਕਿਸਾਨ ਅਤੇ ਜ਼ਿਮੀਂਦਾਰ ਫਸਲਾਂ ਦੀ ਪੈਦਾਵਾਰ ਅਤੇ ਵੇਚ 'ਤੇ ਹੀ ਨਿਰਭਰ ਰਹਿੰਦੇ ਹਨ। ਅਜਿਹੇ ਵਿਚ ਜੇਕਰ ਫਸਲ ਖਰਾਬ ਹੁੰਦੀ ਹੈ ਤਾਂ ਉਨ੍ਹਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਬੜਾ ਮੁਸ਼ਕਿਲ ਹੋ ਜਾਂਦਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਵਿੱਚ ਸਰਕਾਰ ਖ਼ਿਲਾਫ਼ ਰੋਸ ਮਾਰਚ

### *ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਮੰਗੀ; ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ*

ਅੰਮ੍ਰਿਤਸਰ : 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਪੁਲੀਸ ਵੱਲੋਂ ਹਾਲ ਹੀ ਵਿੱਚ ਗ੍ਰਿਫ਼ਤਾਰ ਕੀਤੇ ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਲਈ ਅਤੇ ਮੁੱਖ ਮੰਤਰੀ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਖ਼ ?ਲਾਫ਼ ਕੀਤੀ ਟਿੱਪਣੀ ਦੇ ਮੁੱਦੇ 'ਤੇ ਅੱਜ ਸ਼ ?ਰੋਮਣੀ ਕਮੇਟੀ ਵੱਲੋਂ ਰੋਸ ਮਾਰਚ ਕੀਤਾ ਗਿਆ। ਇਸ ਸਬੰਧੀ ਡੀਸੀ ਦਫ਼ਤਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਵੀ ਭੇਜਿਆ ਗਿਆ।


ਇਹ ਰੋਸ ਮਾਰਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਦਰਬਾਰ ਸਾਹਿਬ ਕੰਪਲੈਕਸ ਤੋਂ ਆਰੰਭ ਹੋਇਆ ਅਤੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਡਿਪਟੀ ਕਮਿਸ਼ਨਰ ਦਫ਼ਤਰ ਪੁੱਜ ਕੇ ਸਮਾਪਤ ਹੋਇਆ। ਇਸ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ, ਅਧਿਕਾਰੀ ਤੇ ਮੁਲਾਜ਼ਮ ਸ਼ਾਮਲ ਹੋਏ। ਉਹ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਹੋਏ ਡੀਸੀ ਦਫ਼ਤਰ ਪੁੱਜੇ ਅਤੇ ਮੰਗ ਪੱਤਰ ਦਿੱਤਾ। ਇਸ ਤੋਂ ਪਹਿਲਾਂ ਸਥਾਨਕ ਕਚਹਿਰੀ ਚੌਕ ਵਿੱਚ ਸੰਕੇਤਕ ਰੂਪ ਵਿਚ ਧਰਨਾ ਵੀ ਦਿੱਤਾ ਗਿਆ।

ਸ੍ਰੀ ਧਾਮੀ ਨੇ ਕਿਹਾ ਕਿ ਪੁਲੀਸ ਵੱਲੋਂ ਵੱਡੀ ਗਿਣਤੀ 'ਚ ਸਿੱਖ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ ਹਨ। ਕਈਆਂ 'ਤੇ ਕੌਮੀ ਸੁਰੱਖਿਆ ਐਕਟ ਲਾ ਕੇ ਪੰਜਾਬ ਤੋਂ ਬਾਹਰ ਦੀ ਜੇਲ੍ਹ ਵਿੱਚ ਭੇਜਿਆ ਗਿਆ ਹੈ। ਨੌਜਵਾਨਾਂ ਨਾਲ ਉਨ੍ਹਾਂ ਦੇ ਮਾਪਿਆਂ ਨੂੰ ਵੀ ਮਿਲਣ ਨਹੀਂ ਦਿੱਤਾ ਜਾ ਰਿਹਾ। ਮੁੱਖ ਮੰਤਰੀ ਨੂੰ ਭੇਜੇ ਮੰਗ ਪੱਤਰ ਵਿਚ ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਹੈ ਕਿ ਗ੍ਰਿਫ਼ਤਾਰ ਕੀਤੇ ਬੇਕਸੂਰ ਸਿੱਖ ਨੌਜਵਾਨ ਰਿਹਾਅ ਕੀਤੇ ਜਾਣ, ਜਿਨ੍ਹਾਂ ਨੌਜਵਾਨਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਹੇਠ ਕੇਸ ਦਰਜ ਕੀਤੇ ਗਏ ਹਨ, ਉਹ ਵਾਪਸ ਲਏ ਜਾਣ ਤੇ ਗ੍ਰਿਫ਼ਤਾਰ ਨੌਜਵਾਨਾਂ ਦੇ ਮਾਪਿਆਂ ਨੂੰ ਉਨ੍ਹਾਂ ਨੂੰ ਮਿਲਣ ਦਿੱਤਾ ਜਾਵੇ। ਇਸ ਵਿਚ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਖ਼ਿਲਾਫ਼ ਕੀਤੀ ਟਿੱਪਣੀ ਦੀ ਵੀ ਆਲੋਚਨਾ ਕੀਤੀ ਗਈ ਹੈ। ਪੱਤਰ 'ਚ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਗਈ ਕਿ ਉਹ ਮੌਜੂਦਾ ਹਾਲਾਤ 'ਚ ਸੂਬੇ ਦੇ ਹਿੱਤਾਂ ਵਿਰੁੱਧ ਨਾ ਭੁਗਤਣ। ਪੁਲੀਸ ਵੱਲੋਂ ਇਸ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਲਗਭਗ 350 ਸਿੱਖ ਨੌਜਵਾਨ ਜ਼ਮਾਨਤ 'ਤੇ ਛੱਡੇ ਗਏ ਹਨ ਪਰ ਕੇਸ ਖ਼ਤਮ ਨਹੀਂ ਕੀਤੇ ਗਏ।



ਦੇਖ ਤੇਗ ਫਤਹਿ ॥ ਪੰਥ ਦੀ ਜੀਤ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥



## ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਇ ਹੋਏ ਬਹਾਦਰ ਬਾਬਾ ਬਿਧੀ ਚੰਦ ਜੀ ਦੀ ਅੰਸ਼ ਬੰਸ਼ ਦੇ



ਸੰਪਾਦਇ ਦਲ ਬਾਬਾ ਬਿਧੀ ਚੰਦ ਜੀ ਦੇ 11ਵਜੇਂ ਮੁਖੀ
ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ



## 12ਵੇਂ ਜਾਨਸ਼ੀਨ ਸਿੰਘ ਸਾਹਿਬ ਜਥੇਦਾਰ ਸ੍ਰੀਮਾਨ ਬਾਬਾ ਅਵਤਾਰ ਸਿੰਘ ਜੀ

ਮੌਜੂਦਾ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਸਾਹਿਬ ਜੀ ਸੁਰ ਸਿੰਘ ਵਾਲਿਆਂ ਦੀ

## 29 ਮਾਰਚ 2023 ਤੋਂ ਪਹਿਲੀ ਅਮਰੀਕਾ

# ਗੁਰਮਤਿ ਪ੍ਰਚਾਰ ਫੇਰੀ

(ਇਨ੍ਹਾਂ ਗੁਰਦੁਆਰਾ ਸਾਹਿਬ ਵਿਚ ਪਹੁੰਚ ਰਹੇ)

2 ਅਪ੍ਰੈਲ 2023 ਗੁਰਦੁਆਰਾ ਸਾਹਿਬ ਟਰੇਸੀ : ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੱਕ
8 ਅਪ੍ਰੈਲ 2023 ਗੁਰਦੁਆਰਾ ਐਲਸਬਰਾਂਟੇ : ਸ਼ਾਮ 6.00 ਵਜੇ ਤੋਂ 7.30 ਵਜੇ ਤੱਕ
9 ਅਪ੍ਰੈਲ 2023 ਗੁਰਦੁਆਰਾ ਸਾਹਿਬ ਸੈਨਹੋਜ਼ੇ : ਸਵੇਰੇ 10.00 ਵਜੇ ਤੋਂ ਦੁਪਹਿਰ 12. ਵਜੇ
9 ਅਪ੍ਰੈਲ 2023 ਗੁਰਦੁਆਰਾ ਸਾਹਿਬ ਫਰੀਮਾਂਟ : ਸਵੇਰੇ 12.30 ਵਜੇ ਤੋਂ ਦੁਪਹਿਰ 2.00 ਵਜੇ
14 ਅਪ੍ਰੈਲ, 2023 ਗੁਰਦੁਆਰਾ ਸਾਹਿਬ ਮਨਟੀਕਾ : ਸ਼ਾਮ 6.00 ਵਜੇ ਤੋਂ 7.30 ਵਜੇ ਤੱਕ
15 ਅਪ੍ਰੈਲ, 2023 ਗੁਰਦੁਆਰਾ ਸਾਹਿਬ ਸਟਾਕਟਨ : ਸ਼ਾਮ 6.00 ਵਜੇ ਤੋਂ 7.30 ਵਜੇ ਤੱਕ
23 ਅਪ੍ਰੈਲ 2023 ਗੁਰਦੁਆਰਾ ਸਾਹਿਬ ਰੀਵਰਸਾਈਡ : ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ
30 ਅਪ੍ਰੈਲ 2023 ਗੁਰਦੁਆਰਾ ਸਾਹਿਬ ਸੈਨਹੋਜ਼ੇ, ਹੋਲਾ ਮਹੱਲਾ (ਸਾਰਾ ਦਿਨ)

ਸਾਡੇ ਲੋਕ



## ਅੰਮ੍ਰਿਤ ਸੰਚਾਰ :

8 ਅਪ੍ਰੈਲ ਸਵੇਰੇ 9.00
ਗੁਰਦੁਆਰਾ ਸਾਹਿਬ ਸੈਨਹੋਜ਼ੇ, ਮੇਨ ਦਰਬਾਰ ਸਾਹਿਬ

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸੰਗਤਾਂ ਨੂੰ ਵਿਖਾਏ ਜਾਣਗੇ।

ਸੰਪਰਕ ਨੰ.
ਸਤਨਾਮ ਸਿੰਘ ਸੰਗਤਪੁਰੀਆ (209) 992-1052, ਹਰਨਾਮ ਸਿੰਘ (209) 992-8155, ਰਵਿੰਦਰ ਸਿੰਘ ਢਿੱਲੋਂ (925) 525-7653


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਭਾਈਆ ਜੀ ਤੁਸੀਂ ਕਹਿ ਦਿਓ ਗਲਤੀ ਹੋ ਗਈ, ਅੱਗੇ ਨਹੀਂ ਹੋਵੇਗੀ'

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਾਪਾ ਜੀ ਨੇ ਇਸਨੂੰ ਸੁਣ ਲਿਆ ਅਤੇ ਕੁਝ ਨਹੀਂ ਕਿਹਾ। ਅਗਲੀ ਸੰਗਰਾਂਦ ਨੂੰ ਪਾਪਾ ਜੀ ਨੇ ਉਸਦੇ ਪੱਤਰ ਦੇ ਕੁਝ ਹਿੱਸੇ ਸੰਗਤ ਅੱਗੇ ਪੜ੍ਹੇ। ਜਿਵੇਂ ਹੋਰ ਘਪਲਿਆਂ ਬਾਰੇ ਹੁੰਦਾ ਹੈ, ਲੋਕਾਂ ਦੀ ਇਸ ਵਿੱਚ ਦਿਲਚਸਪੀ ਘਟ ਜਾਂਦੀ ਹੈ ਅਤੇ ਉਨ੍ਹਾਂ ਨੂੰ ਕੁਝ ਨਵਾਂ ਚਾਹੀਦਾ ਹੁੰਦਾ ਹੈ। ਪੱਤਰ ਪੜ੍ਹਨ ਤੋਂ ਬਾਅਦ ਇਸ ਮਾਮਲੇ ਵਿੱਚ ਵੀ ਅਜਿਹਾ ਹੀ ਹੋਇਆ।

ਉਹ ਭਾਰਤ ਵਿੱਚ ਛੇ ਹਫ਼ਤੇ ਬਿਤਾਉਣ ਤੋਂ ਬਾਅਦ ਯੂਕੇ ਆਇਆ। ਉਹ ਹਮੇਸ਼ਾਂ ਜਾਣਦਾ ਸੀ ਕਿ ਉਸਨੇ ਪਾਪਾ ਜੀ ਦੇ ਕਰੀਬ ਕਿਵੇਂ ਆਉਣਾ ਹੈ। ਜਦੋਂ ਪਾਪਾ ਜੀ ਉਸ ਨੂੰ ਗੁੱਸੇ ਹੁੰਦੇ ਸੀ ਤਾਂ ਉਹ ਬੈਠ ਜਾਂਦਾ ਅਤੇ ਸਿਰ ਨੀਵਾਂ ਕਰਕੇ ਆਪਣੀ ਟੋਪੀ ਨੂੰ ਹੱਥਾਂ ਵਿੱਚ ਲੈ ਕੇ ਉਦੋਂ ਤੱਕ ਘੁੰਮਾਉਂਦਾ ਰਹਿੰਦਾ, ਜਦੋਂ ਤੱਕ ਪਾਪਾ ਜੀ ਆਪਣੀ ਗੱਲ ਪੂਰੀ ਨਾ ਕਰ ਦੇਣ। ਇਸਤੋਂ ਬਾਅਦ ਉਹ ਆਪਣੇ ਬਿਨਾਂ ਦੰਦਾਂ ਵਾਲੇ ਮੂੰਹ ਨਾਲ ਮੁਸਕਰਾਉਂਦਾ ਅਤੇ ਕੋਈ ਟਿੱਪਣੀ ਕਰਦਾ। ਪਾਪਾ ਜੀ ਮਹਿਸੂਸ ਕਰਦੇ ਕਿ ਇਸਦਾ ਕੋਈ ਫਾਇਦਾ ਨਹੀਂ ਹੈ, ਫਿਰ ਉਹ ਆਪਣੇ ਕੰਮ 'ਤੇ ਚਲਾ ਜਾਂਦਾ।

ਇਸ ਵਾਰ ਵੀ ਕੁਝ ਵੱਖਰਾ ਨਹੀਂ ਸੀ, ਪਰ ਖਾਲਸਾ ਵੀ ਲੂੰਬੜੀ ਸੀ, ਇਸ ਲਈ ਉਸਨੂੰ ਪਤਾ ਸੀ ਕਿ ਪਾਪਾ ਜੀ ਨੂੰ ਖੁਸ਼ ਕਰਨ ਲਈ ਕੁਝ ਕਰਨ ਦੀ ਲੋੜ ਹੈ ਕਿਉਂਕਿ ਉਸਨੂੰ ਇਹ ਪਤਾ ਸੀ ਕਿ ਉਸਨੇ ਜੋ ਕੁਝ ਕੀਤਾ ਹੈ, ਉਹ ਜਲਦੀ ਮਾਫ਼ ਨਹੀਂ ਕੀਤਾ ਜਾ ਸਕਦਾ ਅਤੇ ਦੂਜਿਆਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਦਾ ਜਵਾਬ ਦੇਣਾ ਪਾਪਾ ਜੀ ਲਈ ਸੌਖਾ ਨਹੀਂ ਸੀ। ਇਸ ਲਈ ਉਸਨੇ ਵਧੀਆ ਪੈਂਤੜਾ ਅਪਣਾਇਆ। ਮੈਂ ਜਦੋਂ ਵੀ ਇਸ ਬਾਰੇ ਸੋਚਦਾ ਹਾਂ ਤਾਂ ਮੁਸਕਰਾ ਛੱਡਦਾ ਹਾਂ।

ਇੱਥੇ ਭਾਈਚਾਰੇ ਲਈ ਪੰਜਾਬੀ ਵਿੱਚ ਕਿਤਾਬਾਂ ਦੀ ਬਹੁਤ ਲੋੜ ਸੀ, ਲੋਕ ਪੰਜਾਬੀ ਸਾਹਿਤ ਪੜ੍ਹਨਾ ਚਾਹੁੰਦੇ ਸਨ। ਇਸ ਲਈ ਜਦੋਂ ਖਾਲਸਾ ਭਾਰਤ ਵਿੱਚ ਸੀ ਤਾਂ ਉਸਨੇ ਆਪਣੇ ਘਰ ਦੋ-ਤਿੰਨ ਸੌ ਕਿਤਾਬਾਂ ਪਹੁੰਚਾਈਆਂ ਅਤੇ ਜਦੋਂ ਉਹ ਇੱਥੇ ਵਾਪਸ ਆਇਆ ਤਾਂ ਉਸਨੇ ਇਹ ਕਿਤਾਬਾਂ ਸਿਟੀ ਲਾਇਬ੍ਰੇਰੀ ਨੂੰ ਦਾਨ ਕਰਕੇ ਇਨ੍ਹਾਂ ਨੂੰ ਲਾਇਬ੍ਰੇਰੀ ਵਿੱਚ ਰੱਖਣ ਲਈ ਕਿਹਾ। ਇਸਤੋਂ ਬਾਅਦ ਉਹ ਸਥਾਨਕ ਅਖ਼ਬਾਰ 'ਦਿ ਈਵਨਿੰਗ ਟੈਲੀਗ੍ਰਾਫ' ਦੇ ਦਫ਼ਤਰ ਵਿੱਚ ਗਿਆ ਅਤੇ ਉਨ੍ਹਾਂ ਨੂੰ ਦੱਸਿਆ ਕਿ ਸਿਟੀ ਲਾਇਬ੍ਰੇਰੀ ਵਿੱਚ ਹੁਣ ਪੰਜਾਬੀ ਕਿਤਾਬਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਦੇਸ਼ ਵਿੱਚ ਇਸ ਤਰ੍ਹਾਂ ਦਾ ਪਹਿਲੀ ਵਾਰੀ ਹੋਇਆ ਹੈ।

ਪਾਪਾ ਜੀ ਨੇ ਇਹ ਖ਼ਬਰ ਅਖ਼ਬਾਰ ਵਿੱਚ ਪੜ੍ਹੀ ਅਤੇ ਬੀਜੀ ਨੂੰ ਦੱਸਿਆ ਕਿ ਉਸਨੇ ਕੀ ਕੀਤਾ ਹੈ, ਤਾਂ ਬੀਜੀ ਬੋਲੇ 'ਬਸ ਹੁਣ ਸਾਰਾ ਗੁੱਸਾ ਠੰਢਾ ਹੋ ਜਾਣਾ, ਭਾਈ ਜੀ ਨੂੰ ਸਾਰੀਆਂ ਕੁੰਜੀਆਂ ਦਾ ਪਤਾ।' ਜਦੋਂ ਖਾਲਸਾ ਨੇ ਸੈਂਟਰਲ ਲਾਇਬ੍ਰੇਰੀ ਵਿੱਚ ਕਿਤਾਬਾਂ ਜਮ੍ਹਾਂ ਕਰਵਾ ਦਿੱਤੀਆਂ, ਸ਼ਨਿਚਰਵਾਰ ਦੀ ਸਵੇਰ ਨੂੰ ਉਹ ਸਾਡੇ ਘਰ ਆਇਆ। ਮੈਂ ਦਰਵਾਜ਼ਾ ਖੋਲ੍ਹਿਆ ਅਤੇ ਉਸਨੇ ਮੁਸਕਰਾਉਣਾ ਸ਼ੁਰੂ ਕਰ ਦਿੱਤਾ। ਉਸਨੇ ਆਪਣੇ ਹੱਥਾਂ ਵਿੱਚ ਆਪਣੀ ਹੈਟ ਫੜ ਕੇ ਮੇਰੇ ਵੱਲ ਦੇਖਿਆ ਅਤੇ ਮੁਸਕਰਾਇਆ। ਉਸਨੇ ਆਪਣੇ ਭਰਵੱਟੇ ਉੱਪਰ ਕਰਕੇ ਸਰੀਰਿਕ ਭਾਸ਼ਾ ਨਾਲ ਮੈਨੂੰ ਪੁੱਛਿਆ ਕਿ ਪਾਪਾ ਜੀ ਘਰ ਹਨ? ਮੈਂ ਅੰਗੂਠੇ ਨਾਲ ਆਪਣੇ ਪਰਿਵਾਰਕ ਕਮਰੇ ਵੱਲ ਇਸ਼ਾਰਾ ਕੀਤਾ। ਉਹ ਆਪਣੇ ਹੱਥਾਂ ਵਿੱਚ ਹੈਟ ਫੜਕੇ ਸਾਡੇ ਪਰਿਵਾਰਕ ਕਮਰੇ ਵੱਲ ਨੂੰ ਤੁਰ ਪਿਆ ਜਿੱਥੇ ਪਾਪਾ ਜੀ ਹਮੇਸ਼ਾਂ ਬੈਠ ਕੇ ਅਖ਼ਬਾਰ ਪੜ੍ਹਦੇ ਹਨ। ਖਾਲਸੇ ਨੇ ਪਹਿਲਾਂ ਬੀਜੀ ਵੱਲ ਦੇਖਿਆ ਅਤੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ।

ਉਹ ਵੱਡਾ ਰਣਨੀਤੀਕਾਰ ਸੀ। ਉਸਨੇ ਕਿਹਾ, 'ਬੀਬੀ ਨਸੀਬ ਕੌਰ ਸਤਿ ਸ੍ਰੀ ਅਕਾਲ'। ਬੀਜੀ ਨੇ 'ਸਤਿ ਸ੍ਰੀ ਅਕਾਲ' ਕਹਿ ਕੇ ਉਸਨੂੰ ਜਵਾਬ ਦਿੱਤਾ। ਪਾਪਾ ਜੀ ਉਸ ਦੀ ਚਾਲ ਨੂੰ ਜਾਣਦੇ ਸਨ, ਇਸ ਲਈ ਉਹ ਬੀਜੀ ਵੱਲ ਨੂੰ ਮੁੜੇ ਅਤੇ ਕਿਹਾ, 'ਬਸ, ਬਸ।'

ਪਾਪਾ ਜੀ ਆਪਣਾ ਗੁੱਸਾ ਕੱਢਣਾ ਚਾਹੁੰਦੇ ਸਨ, ਇਸ ਲਈ ਪਾਪਾ ਜੀ ਖਾਲਸਾ ਵੱਲ ਨੂੰ ਹੋਏ ਅਤੇ ਕਿਹਾ, 'ਖਾਲਸਾ ਜੀ ਕੁਝ ਹੋਸ਼ ਹੈ, ਆਹ ਬੱਚਿਆਂ ਵਾਲੀ ਹਰਕਤ ਕਰਨ ਤੋਂ ਪਹਿਲਾਂ ਕੁਝ ਸੋਚਿਆ ਸੀ ਜਾਂ ਜੋ ਮਨ ਵਿੱਚ ਓਹ ਕਰ ਲਿਆ?'

ਪਾਪਾ ਜੀ ਉਸਨੂੰ ਅੱਧਾ ਘੰਟਾ ਝਾੜਦੇ ਰਹੇ। ਪਾਪਾ ਜੀ ਦਾ ਕਰੋਧ ਸਿਖਰ 'ਤੇ ਸੀ। ਮੈਂ ਖਾਲਸਾ ਜੀ ਵੱਲ ਹੱਥ ਨਾਲ ਇਸ਼ਾਰਾ ਕੀਤਾ ਕਿ ਉਹ ਤੂਫ਼ਾਨ ਦੇ ਘਟਣ ਦਾ ਇੰਤਜ਼ਾਰ ਕਰਨ। ਬੀਜੀ, ਕਸ਼ਮੀਰ ਅਤੇ ਮੈਂ ਅਗਲੇ ਕਮਰੇ ਵਿੱਚ ਗਏ, ਅਸੀਂ ਪਾਪਾ ਜੀ ਨੂੰ ਖਾਲਸਾ 'ਤੇ ਵਰ੍ਹਦੇ ਸੁਣ ਸਕਦੇ ਸੀ।

ਬੀਜੀ ਮੁਸਕਰਾਏ ਅਤੇ ਮੈਨੂੰ ਕਿਹਾ, 'ਫੌਜਾਂ ਅੱਜ ਪੂਰੇ ਜ਼ੋਰ ਵਿੱਚ ਨੇ।'

ਆਖਿਰ ਬੀਜੀ ਨੂੰ ਇਹ ਸਭ ਬੰਦ ਕਰਾਉਣ ਲਈ ਦਖਲ ਦੇਣਾ ਪਿਆ। ਫਿਰ ਖਾਲਸਾ ਬੋਲਿਆ ਅਤੇ ਉਸਨੇ ਆਪਣੇ ਕੀਤੇ ਨੂੰ ਸਹੀ ਦਰਸਾਉਣ ਲਈ ਗੁਰੂ ਗ੍ਰੰਥ ਸਾਹਿਬ ਵਿੱਚੋਂ ਹਵਾਲਾ ਦਿੱਤਾ। ਇਸਨੇ ਪਾਪਾ ਜੀ ਦਾ ਪਾਰਾ ਹੋਰ ਵੀ ਵਧਾ ਦਿੱਤਾ। ਫਿਰ ਬੀਜੀ ਨੇ ਖਾਲਸੇ ਨੂੰ ਚੁੱਪ ਰਹਿਣ ਲਈ ਕਿਹਾ।

ਜਦੋਂ ਪਾਪਾ ਜੀ ਹਟ ਗਏ। ਬੀਜੀ ਨੇ ਖਾਲਸੇ ਨੂੰ ਕਿਹਾ, 'ਭਾਈਆ ਜੀ ਤੁਸੀਂ ਕਹਿ ਦਿਓ ਗਲਤੀ ਹੋ ਗਈ, ਅੱਗੇ ਨਹੀਂ ਹੋਵੇਗੀ।'

ਇਸ 'ਤੇ ਖਾਲਸਾ ਨੇ ਜਵਾਬ ਦਿੱਤਾ, 'ਹਾਂ ਠੀਕ ਨਹੀਂ ਹੋਵੇਗੀ।'

ਪਰ ਉਸਨੇ ਗਲਤੀ ਸ਼ਬਦ ਦੀ ਵਰਤੋਂ ਨਹੀਂ ਕੀਤੀ ਕਿਉਂਕਿ ਮਨ ਵਿੱਚ ਉਹ ਆਪਣੇ ਦਿਲ ਦੀ ਹੀ ਸੁਣ ਰਿਹਾ ਸੀ।

ਪਾਪਾ ਜੀ ਉਸਨੂੰ ਆਸਾਨੀ ਨਾਲ ਨਹੀਂ ਛੱਡਣਾ ਚਾਹੁੰਦੇ ਸਨ, ਉਨ੍ਹਾਂ ਨੇ ਉਸਨੂੰ ਕਿਹਾ, 'ਕੀ ਨਹੀਂ ਹੋਵੇਗੀ?'

ਖਾਲਸਾ ਨੂੰ ਪਤਾ ਸੀ ਕਿ ਉਸਨੂੰ ਗਲਤੀ ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਹੈ, ਇਸ ਲਈ ਉਹ ਪਾਪਾ ਜੀ ਅੱਗੇ ਬੱਚਿਆਂ ਦੀ ਤਰ੍ਹਾਂ ਹੱਥ ਜੋੜਕੇ ਖੜ੍ਹਿਆ ਅਤੇ ਬੋਲਿਆ, 'ਗਲਤੀ ਮਾਸਟਰ ਜੀ, ਗਲਤੀ।'

ਖਾਲਸਾ ਪਾਪਾ ਨੂੰ ਹੋਰ ਗੱਲਾਂ ਕਹਿਣੀਆਂ ਚਾਹੁੰਦਾ ਸੀ, ਪਰ ਅਜਿਹਾ ਨਹੀਂ ਹੋਇਆ। ਉਹ ਹਮੇਸ਼ਾਂ ਕੁਝ ਨਾ ਕੁਝ ਕਰਦਾ ਰਹਿੰਦਾ ਸੀ। ਇਸ ਲਈ ਕਸ਼ਮੀਰ ਅਤੇ ਮੈਂ ਕਹਿੰਦੇ, 'ਓਹ ਹੋ, ਜਵਾਲਾਮੁਖੀ ਫਿਰ ਤੋਂ ਫੁੱਟ ਗਿਆ।

ਪਾਪਾ ਜੀ (ਧਰਮ ਸਿੰਘ ਜੀ ਰਾਗੀ ਹੈੜੀਆਂ) ਹਮੇਸ਼ਾਂ ਚਾਹੁੰਦੇ ਸਨ ਕਿ ਗੁਰਦੁਆਰਾ ਖੁਦ ਬਣਾਇਆ ਜਾਵੇ। ਬਾਕੀ ਸਾਰੇ ਗੁਰਦੁਆਰਿਆਂ ਨੂੰ ਹੋਰ ਇਮਾਰਤਾਂ ਤੋਂ ਗੁਰਦੁਆਰਿਆਂ ਵਿੱਚ ਤਬਦੀਲ ਕੀਤਾ ਗਿਆ ਸੀ। ਯੂ.ਕੇ. ਦਾ ਪਹਿਲਾ ਸ਼ੈਪਰਡ ਬੁਸ਼ ਗੁਰਦੁਆਰਾ ਇੱਕ ਘਰ ਸੀ ਜਿਹੜਾ ਮਹਾਰਾਜਾ ਭੁਪਿੰਦਰ ਸਿੰਘ ਨੇ ਅਧਿਗ੍ਰਹਿਣ ਕਰਕੇ ਗੁਰਦੁਆਰੇ ਵਿੱਚ ਤਬਦੀਲ ਕੀਤਾ ਗਿਆ ਸੀ। ਬਰਮਿੰਘਮ ਗੁਰਦੁਆਰਾ ਪੁਰਾਣੀ ਚਰਚ ਨੂੰ ਤਬਦੀਲ ਕਰਕੇ ਬਣਾਇਆ ਗਿਆ ਸੀ ਅਤੇ ਸਾਊਥਹਾਲ ਵਾਲਾ ਪੁਰਾਣੀ ਡੇਅਰੀ ਅਤੇ ਪ੍ਰੋਸੈੱਸ ਪ੍ਲਾਂਟ ਨੂੰ ਬਦਲ ਕੇ ਬਣਾਇਆ ਗਿਆ ਸੀ। ਕੋਵੈਂਟਰੀ ਦਾ ਰਾਮਗੜ੍ਹੀਆ ਗੁਰਦੁਆਰਾ ਵੀ ਪੁਰਾਣਾ ਘਰ ਖਰੀਦ ਕੇ ਬਣਾਇਆ ਗਿਆ ਸੀ। ਇਸ ਵਿੱਚ ਬਾਅਦ ਵਿੱਚ ਹਾਲ ਅਤੇ ਬਾਕੀ ਕਾਫ਼ੀ ਕੁਝ ਬਣਾਇਆ ਗਿਆ। (ਚਲਦਾ)



# ਅਪਰਾਧਿਕ ਦੋਸ਼ਾਂ ਬਾਰੇ ਕੇਸ ਦੀ ਅਗਲੀ ਸੁਣਵਾਈ 4 ਦਸੰਬਰ ਨੂੰ





ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ, ਜੋ ਸਾਲ 2024 ’ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਕਿਸਮਤ ਅਜ਼ਮਾਉਣ ਵਾਲੇ ਹਨ, ਨੇ ਅਪਰਾਧਿਕ ਮਾਮਲੇ ’ਚ ਨਿਊਯਾਰਕ ਦੀ ਮੈਨਹਟਨ ਕੋਰਟ ’ਚ ਆਤਮ-ਸਮਰਪਣ ਕਰ ਦਿੱਤਾ ਹੈ। ਇਸ ਘਟਨਾਕ੍ਰਮ ਨੂੰ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਅਹਿਮ ਮੰਨਿਆ ਜਾ ਰਿਹਾ ਹੈ। ਕੋਰਟ ’ਚ ਉਨ੍ਹਾਂ ’ਤੇ ਰਸਮੀ ਰੂਪ ’ਚ ਦੋਸ਼ ਤੈਅ ਕੀਤੇ ਜਾਣਗੇ, ਨਾਲ ਹੀ ਉਨ੍ਹਾਂ ਦੇ ਫਿੰਗਰ ਪ੍ਰਿੰਟ ਵੀ ਲਏ ਜਾਣੇ ਹਨ।

ਪਿਛਲੇ ਹਫ਼ਤੇ ਟਰੰਪ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਉਹ ਪਹਿਲੇ ਅਜਿਹੇ ਸਾਬਕਾ ਅਮਰੀਕੀ ਰਾਸ਼ਟਰਪਤੀ ਹਨ, ਜਿਨ੍ਹਾਂ ’ਤੇ ਅਪਰਾਧਿਕ ਮੁਕੱਦਮਾ ਦਰਜ ਕੀਤਾ ਗਿਆ ਹੈ। ਟਰੰਪ ਨੂੰ ਸਾਲ 2016 ਦੇ ‘ਹਸ਼ ਮਨੀ’ ਮਾਮਲੇ ਦਾ ਦੋਸ਼ੀ ਠਹਿਰਾਇਆ ਗਿਆ ਹੈ। ਉਨ੍ਹਾਂ ’ਤੇ ਦੋਸ਼ ਹੈ ਕਿ ਉਨ੍ਹਾਂ ਨੇ ਪੋਰਨ ਸਟਾਰ ਸਟਾਰਮੀ ਡੈਨੀਅਲਸ ਨੂੰ ਮੂੰਹ ਬੰਦ ਰੱਖਣ ਲਈ ਪੈਸੇ ਦਿੱਤੇ ਸਨ। ਟਰੰਪ ਨੇ ਖੁਦ ਨੂੰ ਨਿਰਦੋਸ਼ ਦੱਸਿਆ ਹੈ। ਨਿਊਯਾਰਕ ਕੋਰਟ ਦੇ ਬਾਹਰ ਸੁਰੱਖਿਆ ਦੇ ਸਖ਼ਤ ਪ੍ਰਬੰਧ ਹਨ। ਇੱਥੇ ਟਰੰਪ ਦੇ ਸਮਰਥਕ ਵੱਡੀ ਗਿਣਤੀ ’ਚ ਇਕੱਠੇ ਹੋਏ ਹਨ। ਨਿਊਯਾਰਕ ’ਚ ਲਗਭਗ 35000 ਪੁਲਸ ਮੁਲਾਜ਼ਮ ਪ੍ਰਦਰਸ਼ਨ ਨੂੰ ਰੋਕਣ ਲਈ ਤਾਇਨਾਤ ਹਨ।

ਰੰਪ ਦੇ ਖ਼ਿਲਾਫ਼ ਦੋਸ਼ ਤੈਅ ਹੋਣ ਤੋਂ ਬਾਅਦ ਸਾਬਕਾ ਅਮਰੀਕੀ ਰਾਸ਼ਟਰਪਤੀ ਨੂੰ ਰਸਮੀ ਰੂਪ ’ਚ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ’ਤੇ ‘34 ਕਲਾਸ ਈ’ ਦੇ ਤਹਿਤ ਗੁੰਡਾਗਰਦੀ ਦਾ ਦੋਸ਼ ਲੱਗਾ ਹੈ। ਇਸ ਪੂਰੀ ਪ੍ਰਕਿਰਿਆ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਟਰੰਪ ਨੂੰ ਹੱਥਕੜੀ ਨਹੀਂ ਲਾਈ ਜਾਵੇਗੀ, ਨਾ ਉਨ੍ਹਾਂ ਨੂੰ ਜੇਲ੍ਹ ਦੀ ਕੋਠੜੀ ’ਚ ਰੱਖਿਆ ਜਾਵੇਗਾ ਤੇ ਨਾ ਹੀ ਉਨ੍ਹਾਂ ਦੀ ਕੋਈ ਫੋਟੋ ਲਈ ਜਾਵੇਗੀ। ਟਰੰਪ ਅਦਾਲਤ ’ਚ ਪੇਸ਼ ਹੋਣ ਲਈ ਕੱਲ੍ਹ ਨਿਊਯਾਰਕ ਪਹੁੰਚੇ ਸਨ। ਮੁਕੱਦਮੇ ਤੋਂ ਬਾਅਦ ਉਹ ਫਲੋਰੀਡਾ ਵਾਪਸ ਚਲੇ ਜਾਣਗੇ।

ਟਰੰਪ ਅਤੇ ਪੋਰਨ ਸਟਾਰ ਵਿਚਾਲੇ ਇਹ ਵਿਵਾਦ 2006 ਵਿੱਚ ਸ਼ੁਰੂ ਹੋਇਆ ਸੀ। ਦੋਵਾਂ ਦੀ ਮੁਲਾਕਾਤ ਇਕ ਟੂਰਨਾਮੈਂਟ ਦੌਰਾਨ ਹੋਈ ਸੀ। ਉਸ ਸਮੇਂ ਟਰੰਪ 60 ਅਤੇ ਸਟੋਰਮੀ 27 ਸਾਲ ਦੇ ਸਨ। ਦੋਵਾਂ ਵਿਚਾਲੇ ਇਕ ਹੋਟਲ ’ਚ ਸਬੰਧ ਬਣੇ। 2011 ’ਚ ਡੇਨੀਅਲਸ ਨੇ ਇਕ ਇੰਟਰਵਿਊ ਵਿੱਚ ਟਰੰਪ ਨਾਲ ਸਬੰਧਾਂ ਬਾਰੇ ਚਰਚਾ ਕੀਤੀ ਸੀ। ਇਸ ਤੋਂ ਬਾਅਦ ਜਦੋਂ ਟਰੰਪ 2016 ’ਚ ਰਾਸ਼ਟਰਪਤੀ ਚੋਣ ’ਚ ਖੜ੍ਹੇ ਹੋਏ ਤਾਂ ਉਨ੍ਹਾਂ ਨੇ ਸਟੋਰਮੀ ਨੂੰ 1 ਲੱਖ 30 ਹਜ਼ਾਰ ਡਾਲਰ ਦਿੱਤੇ ਤਾਂ ਕਿ ਉਹ ਇਸ ਮਾਮਲੇ ’ਤੇ ਕੁਝ ਨਾ ਬੋਲੇ। ਟਰੰਪ ਨੇ ਇਹ ਪੈਸਾ ਆਪਣੇ ਵਕੀਲ ਮਾਈਕਲ ਕੋਹੇਨ ਰਾਹੀਂ ਭੇਜਿਆ ਸੀ। ਇਸ ਡੀਲ ਦੀ ਖ਼ਬਰ 2018 ’ਚ ਸਾਹਮਣੇ ਆਈ ਸੀ। ਟਰੰਪ ਤੇ ਕੋਹੇਨ ਨੇ ਇਸ ਦਾ ਖੰਡਨ ਕੀਤਾ ਸੀ। ਕੋਹੇਨ ਨੇ ਬਾਅਦ ਵਿੱਚ ਦੋਸ਼ ਸਵੀਕਾਰ ਕਰ ਲਿਆ।

ਟਰੰਪ ’ਤੇ ਪੋਰਨ ਸਟਾਰ ਨੂੰ ਦਿੱਤੇ ਗਏ ਪੈਸੇ ਨੂੰ ਕਾਨੂੰਨੀ ਫ਼ੀਸ ਦੱਸਣ ਦਾ ਦੋਸ਼ ਹੈ। ਅਦਾਲਤ ਨੇ ਇਸ ਨੂੰ ਦਸਤਾਵੇਜ਼ੀ ਧਾਂਦਲੀ ਦਾ ਮਾਮਲਾ ਮੰਨਿਆ। ਅਮਰੀਕਾ ’ਚ ਇਸ ਨੂੰ ਅਪਰਾਧਿਕ ਮਾਮਲਾ ਮੰਨਿਆ ਜਾਂਦਾ ਹੈ। ਪਿਛਲੇ ਸਾਲ ਦਸੰਬਰ ’ਚ ਟਰੰਪ ਆਰਗੇਨਾਈਜ਼ੇਸ਼ਨ ਨੂੰ ਟੈਕਸੀ ਚੋਰੀ ਦਾ ਦੋਸ਼ੀ ਪਾਇਆ ਗਿਆ ਅਤੇ ਕੰਪਨੀ ’ਤੇ 1.6 ਮਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਸੀ। ਉਹ ਆਪਣੇ ’ਤੇ ਲੱਗੇ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸ ਰਹੇ ਹਨ।

## ਸਜ਼ਾ ਦੇ ਬਾਵਜੂਦ ਲੜ ਸਕਣਗੇ ਚੋਣ

ਜੇਕਰ ਟਰੰਪ ਇਸ ਮਾਮਲੇ ’ਚ ਦੋਸ਼ੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ 4 ਸਾਲ ਦੀ ਸਜ਼ਾ ਹੋ ਸਕਦੀ ਹੈ। ਹਾਲਾਂਕਿ, ਉਨ੍ਹਾਂ ਦੇ ਜੇਲ੍ਹ ਜਾਣ ਨਾਲ 2024 ਵਿੱਚ ਰਾਸ਼ਟਰਪਤੀ ਵਜੋਂ ਉਨ੍ਹਾਂ ਦੀ ਚੋਣ ’ਤੇ ਕੋਈ ਅਸਰ ਨਹੀਂ ਪਵੇਗਾ। ਦੋਸ਼ੀ ਪਾਏ ਜਾਣ ਅਤੇ ਸਜ਼ਾ ਹੋਣ ਤੋਂ ਬਾਅਦ ਚੋਣ ਲੜਨ ’ਤੇ ਕੋਈ ਰੋਕ ਨਹੀਂ ਹੈ। ਹਾਲਾਂਕਿ ਜੇਕਰ ਉਹ ਜਿੱਤ ਜਾਂਦੇ ਹਨ ਤਾਂ ਉਨ੍ਹਾਂ ਨੂੰ ਸਜ਼ਾ ਪੂਰੀ ਕਰਨੀ ਪਵੇਗੀ ਅਤੇ ਉਹ ਜੇਲ੍ਹ ਤੋਂ ਸਰਕਾਰ ਚਲਾ ਸਕਦੇ ਹਨ। ਟਰੰਪ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਲੜਨ ਦੀਆਂ ਤਿਆਰੀਆਂ ’ਚ ਲੱਗੇ ਹੋਏ ਹਨ।



## ਮੇਰੇ ’ਤੇ ਲੱਗੇ ਸਾਰੇ ਦੋਸ਼ ਝੂਠੇ, ਮੈਂ ਸੱਚਾ: ਟਰੰਪ




ਨਿਊਯਾਰਕ/ਵਾਸ਼ਿੰਗਟਨ - ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਇੱਕ ਪੋਰਨ ਸਟਾਰ ਨੂੰ ਉਸ ਦਾ ਮੂੰਹ ਬੰਦ ਰੱਖਣ ਲਈ ਭੁਗਤਾਨ ਕਰਨ ਦੇ ਮਾਮਲੇ ਵਿਚ ਖ਼ੁਦ ਨੂੰ ਬੇਕਸੂਰ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦਾ ਇਕਮਾਤਰ ਅਪਰਾਧ ਉਨ੍ਹਾਂ ਲੋਕਾਂ ਤੋਂ ਦੇਸ਼ ਦੀ ਰੱਖਿਆ ਕਰਨ ਦੀ ਵਚਨਬੱਧਤਾ ਹੈ, ਜੋ ਇਸਨੂੰ ਤਬਾਹ ਕਰਨਾ ਚਾਹੁੰਦੇ ਹਨ। ਇਸ ਤੋਂ ਪਹਿਲਾਂ, ਟਰੰਪ ਨੇ ਮੰਗਲਵਾਰ ਨੂੰ ਮੈਨਹਟਨ ਦੀ ਅਦਾਲਤ ਵਿਚ ਪੇਸ਼ੀ ਦੌਰਾਨ ਕਾਰੋਬਾਰੀ ਰਿਕਾਰਡ ਵਿਚ ਹੇਰਫੇਰੀ ਕਰਨ ਸਬੰਧੀ 34 ਸੰਗੀਨ ਦੋਸ਼ਾਂ ਵਿਚ ਖ਼ੁਦ ਨੂੰ ਬੇਕਸੂਰ ਦੱਸਿਆ। ਟਰੰਪ 2016 ਦੇ ਰਾਸ਼ਟਰਪਤੀ ਚੋਣ ਪ੍ਰਚਾਰ ਦੌਰਾਨ ਪੋਰਨ ਸਟਾਰ ਸਟੋਰਮੀ ਡੇਨੀਅਲ ਨੂੰ ਆਪਣਾ ਮੂੰਹ ਬੰਦ ਰੱਖਣ ਲਈ ਭੁਗਤਾਨ ਕੀਤੇ ਜਾਣ ਦੇ ਦੋਸ਼ਾਂ ਨਾਲ ਜੁੜੇ ਅਪਰਾਧਿਕ ਮਾਮਲੇ ਵਿਚ ਸੁਣਵਾਈ ਲਈ ਮੰਗਲਵਾਰ ਨੂੰ ਮੈਨਹਟਨ ਦੀ ਅਦਾਲਤ ਵਿੱਚ ਆਤਮ-ਸਮਰਪਣ ਕਰਨ ਲਈ ਪਹੁੰਚੇ ਸਨ। ਇਸ ਤੋਂ ਪਹਿਲਾਂ ਮੈਨਹਟਨ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਮਰੀਕਾ ਦੇ ਇਤਿਹਾਸ ’ਚ ਇਹ ਪਹਿਲੀ ਵਾਰ ਹੈ ਕਿ ਕਿਸੇ ਸਾਬਕਾ ਰਾਸ਼ਟਰਪਤੀ ਨੂੰ ਕਿਸੇ ਅਪਰਾਧਿਕ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਮਾਮਲੇ ਦੀ ਸੁਣਵਾਈ ਤੋਂ ਬਾਅਦ ਟਰੰਪ ਫਲੋਰੀਡਾ ਸਥਿਤ ਮਾਰ-ਏ-ਲਾਗੋ ਵਿਚ ਆਪਣੀ ਰਿਹਾਇਸ਼ ’ਤੇ ਪਹੁੰਚੇ, ਜਿੱਥੇ ਉਨ੍ਹਾਂ ਨੇ ਕਰੀਬ 25 ਮਿੰਟ ਦੇ ਭਾਸ਼ਣ ’ਚ ਆਪਣੀਆਂ ਗੱਲਾਂ ਨੂੰ ਦੁਹਰਾਇਆ ਅਤੇ ਕਿਹਾ ਕਿ ਡੈਮੋਕ੍ਰੇਟਿਕ ਪਾਰਟੀ ਨੇ ਉਨ੍ਹਾਂ ਦੇ ਖ਼ਿਲਾਫ਼ ਸਾਜ਼ਿਸ਼ ਰਚੀ ਸੀ, ਤਾਂ ਜੋ ਉਨ੍ਹਾਂ ਨੂੰ ਮੁੜ ਰਾਸ਼ਟਰਪਤੀ ਅਹੁਦੇ ਦੀ ਚੋਣ ਲੜਨ ਤੋਂ ਰੋਕਿਆ ਜਾ ਸਕੇ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਨਹੀਂ ਸੋਚਿਆ ਸੀ ਕਿ ਅਮਰੀਕਾ ਵਿਚ ਅਜਿਹਾ ਕੁਝ ਹੋ ਸਕਦਾ ਹੈ। ਟਰੰਪ ਨੇ ਆਪਣੇ ’ਤੇ ਲੱਗੇ ਦੋਸ਼ਾਂ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਉਹ ਇਕ ਫਰਜ਼ੀ ਮਾਮਲੇ ’ਚ ਜਾਂਚ ਦਾ ਸਾਹਮਣਾ ਕਰ ਰਹੇ ਹਨ। ਮੈਂ ਸਪੱਸ਼ਟ ਤੌਰ ’ਤੇ ਦੱਸਣਾ ਚਾਹੁੰਦਾ ਹਾਂ ਕਿ ਮੈਂ ਬੇਕਸੂਰ ਹਾਂ। ਮੇਰਾ ਸਿਰਫ਼ ਇਹੀ ਅਪਰਾਧ ਹੈ ਕਿ ਮੈਂ ਦੇਸ਼ ਨੂੰ ਉਨ੍ਹਾਂ ਲੋਕਾਂ ਤੋਂ ਬਚਾਉਣ ਲਈ ਵਚਨਬੱਧ ਹਾਂ ਜੋ ਇਸ ਨੂੰ ਤਬਾਹ ਕਰਨਾ ਚਾਹੁੰਦੇ ਹਨ। ਅਸੀਂ ਉੱਚ ਪੱਧਰ ’ਤੇ ਚੋਣਾਂ ਵਿਚ ਦਖਲ ਅੰਦਾਜ਼ੀ ਦੇਖੀ ਹੈ। ਟਰੰਪ ਨੇ ਅੱਗੇ ਕਿਹਾ ਕਿ ਮੈਂ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਇਸ ਤੋਂ ਪਹਿਲਾਂ ਇੰਨਾ ਦ੍ਰਿੜ ਸੰਕਲਪ ਕਦੇ ਨਹੀਂ ਰਿਹਾ, ਜਿੰਨਾ ਮੈਂ ਹੁਣ ਹਾਂ। ਉਹ ਮੈਨੂੰ ਹਰਾ ਨਹੀਂ ਸਕਣਗੇ। ਉਹ ਮੈਨੂੰ ਤੋੜ ਨਹੀਂ ਸਕਣਗੇ। ਉਹ ਮੈਨੂੰ ਇਸ ਦੇਸ਼ ਦੀ ਰੱਖਿਆ ਲਈ ਲੜਨ ਤੋਂ ਨਹੀਂ ਰੋਕ ਸਕਣਗੇ। ਜਿੰਨਾ ਜ਼ਿਆਦਾ ਉਹ ਮੈਨੂੰ ਫਸਾਉਣ, ਬਦਨਾਮ ਕਰਨ ਅਤੇ ਤਬਾਹ ਕਰਨ ਦੀ ਕੋਸ਼ਿਸ਼ ਕਰਦੇ ਹਨ, ਮੈਂ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਓਨਾ ਹੀ ਦ੍ਰਿੜ ਹਾਂ। ਉਨ੍ਹਾਂ ਨੇ ਕੇਸ ਦੀ ਸੁਣਵਾਈ ਕਰ ਰਹੇ ਜੱਜ ਜੁਆਨ ਐਮ. ਮਾਰਚੇਨ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਦੋਸ਼ ਲਾਇਆ ਕਿ ਉਹ ‘ਟਰੰਪ ਤੋਂ ਨਫ਼ਰਤ ਕਰਨ ਵਾਲੇ ਜੱਜ’ ਹਨ।

# ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਹੁਤ ਚਿੰਤਾਯੋਗ: ਇਲਹਾਨ ਉਮਰ

*ਪੰਜਾਬ ਦੇ ਮੌਜੂਦਾ ਹਾਲਾਤ ਕਸ਼ਮੀਰ ਵਿੱਚ ਹੋਏ ਧੱਕੇਸ਼ਾਹੀ ਅਤੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਜ਼ਬਰਦਸਤ ਹੁੰਗਾਰੇ ਦੀਆਂ ਅਸਪਸ਼ਟ ਗੂੰਜਾਂ ਹਨ*

ਨਵੀਂ ਦਿੱਲੀ : ਸੰਯੁਕਤ ਰਾਜ ਦੇ ਪ੍ਰਤੀਨਿਧੀ ਇਲਹਾਨ ਉਮਰ ਨੇ ਕਿਹਾ ਹੈ ਕਿ ਉਹ ਭਾਰਤ ਦੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਡੂੰਘੀ ਚਿੰਤਤ ਹੈ। ਉਨ੍ਹਾਂ ਕਿਹਾ ਕਿ 'ਮੈਂ ਪੰਜਾਬ, ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਬਹੁਤ ਚਿੰਤਤ ਹਾਂ। ਭਾਰਤ ਅੰਦਰ ਸਰਕਾਰ ਨੇ ਇੱਕ ਜਰੂਰਤਮੰਦ ਸੰਚਾਰ ਸਰੋਤ ਬੰਦ ਕੀਤਾ ਹੈ, ਸੈਂਕੜੇ ਸਿੱਖ ਗ੍ਰਿਫਤਾਰ ਕੀਤੇ ਹਨ, ਇਸ ਦੇ ਨਾਲ ਹੀ ਬੀਬੀਸੀ ਪੰਜਾਬ, ਇੱਕ ਕੈਨੇਡੀਅਨ ਸੰਸਦ ਮੈਂਬਰ ਸਮੇਤ ਨਾਗਰਿਕ ਨੇਤਾਵਾਂ, ਪੱਤਰਕਾਰਾਂ ਦੇ ਟਵਿੱਟਰ ਖਾਤਿਆਂ ਨੂੰ ਬਲੌਕ ਕਰ ਦਿੱਤਾ ਗਿਆ ਹੈ। ਉਨ੍ਹਾਂ ਵਲੋਂ ਕੀਤੇ ਗਏ ਇਸ ਵਰਤਾਵ ਵਿੱਚ ਕਸ਼ਮੀਰ ਅੰਦਰ ਹੋਏ ਧੱਕੇਸ਼ਾਹੀ ਅਤੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਜ਼ਬਰਦਸਤ ਹੁੰਗਾਰੇ ਦੀਆਂ ਅਸਪਸ਼ਟ ਗੂੰਜਾਂ ਹਨ। ਇਹ ਕਾਰਵਾਈ ਬਹੁਤ ਸਾਰੇ ਪੰਜਾਬੀਆਂ ਅਤੇ ਸਿੱਖਾਂ ਲਈ, 1984 ਵਿੱਚ ਉਨ੍ਹਾਂ ਦੇ ਭਾਈਚਾਰੇ ਦੇ ਵਿਰੁੱਧ ਬੇਰਹਿਮੀ ਦੀਆਂ ਗੂੰਜਾਂ ਵੀ ਚੇਤੇ ਕਰਵਾਉਂਦਾ ਹੈ।



ਉਨ੍ਹਾਂ ਕਿਹਾ ਕਿ ਅਸੀਂ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਦੇ ਬਾਵਜੂਦ ਇਹ ਸੁਣਦੇ ਹਾਂ ਕਿ ਯੂਕਰੇਨ ਦੇ ਹਮਲੇ ਤੋਂ ਬਾਅਦ ਰੂਸ ਨਾਲ ਉਨ੍ਹਾਂ ਦੇ ਚਾਰ ਗੁਣਾ ਵਪਾਰ ਦੇ ਬਾਵਜੂਦ ਕਿਵੇਂ ਭਾਰਤ ਦੀ ਸਰਕਾਰ ਨਾਲ ਸਾਡੇ ਸਬੰਧ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀਆਂ ਆਪਸੀ ਕਦਰਾਂ-ਕੀਮਤਾਂ 'ਤੇ ਅਧਾਰਤ ਹਨ ।

ਉਨ੍ਹਾਂ ਕਿਹਾ ਕਿ 'ਦੁਨੀਆਂ ਭਰ ਵਿੱਚ ਸੱਜੇ-ਖੱਬੇ ਪੱਖੀ ਤਾਨਾਸ਼ਾਹੀ ਦੇ ਵਧਣ ਦੇ ਨਾਲ, ਸੰਯੁਕਤ ਰਾਜ ਨੂੰ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ, ਖਾਸ ਤੌਰ 'ਤੇ ਸਾਰੀਆਂ ਧਾਰਮਿਕ ਅਤੇ ਨਸਲੀ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਸਪੱਸ਼ਟ ਤੌਰ' ਤੇ ਖੜ੍ਹਾ ਹੋਣਾ ਚਾਹੀਦਾ ਹੈ।'

*ਹਾਈ ਕਮਿਸ਼ਨ 'ਤੇ ਹਮਲਾ*

# ਰਾਜਦੂਤ ਦੋਰਾਇਸਵਾਮੀ ਨੇ ਯੂਕੇ ਵਿੱਚ ਭਾਰਤੀ ਭਾਈਚਾਰੇ ਦੇ ਨੇਤਾਵਾਂ ਨਾਲ ਕੀਤੀ ਮੀਟਿੰਗ

ਲੰਡਨ : ਯੂਨਾਈਟਿਡ ਕਿੰਗਡਮ (ਯੂਕੇ) ਵਿੱਚ ਭਾਰਤੀ ਹਾਈ ਕਮਿਸ਼ਨ ਦੀ 19 ਮਾਰਚ ਨੂੰ ਵੱਖਵਾਦੀ ਅਤੇ ਕੱਟੜਪੰਥੀ ਤੱਤਾਂ ਦੁਆਰਾ ਭੰਨਤੋੜ ਕੀਤੇ ਜਾਣ ਤੋਂ ਬਾਅਦ, ਯੂਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੇ ਮੈਂਬਰਾਂ ਨਾਲ ਮੀਟਿੰਗ ਕੀਤੀ। ਭਾਰਤੀ ਭਾਈਚਾਰੇ ਦੇ ਜਿਨ੍ਹਾਂ ਨੂੰ ਇਸ ਘਟਨਾ ਬਾਰੇ ਚਿੰਤਾ ਸੀ।

ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਟਵਿੱਟਰ 'ਤੇ ਲਿਖਿਆ, ਸੋਮਵਾਰ ਨੂੰ ਇੰਡੀਆ ਹਾਊਸ 'ਚ ਹੋਈ ਬੈਠਕ ਦੌਰਾਨ ਡਿਪਟੀ ਹਾਈ ਕਮਿਸ਼ਨਰ ਸੁਜੀਤ ਘੋਸ਼ ਵੀ ਮੌਜੂਦ ਸਨ। ਇਸ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਬ੍ਰਿਟਿਸ਼ ਸੁਰੱਖਿਆ ਦੀ ਪੂਰੀ ਘਾਟ ਦਾ ਜਾਇਜ਼ ਠਹਿਰਾਉਣ ਦੀ ਮੰਗ ਕੀਤੀ ਗਈ ਸੀ ਜਿਸ ਨੇ ਇਨ੍ਹਾਂ ਵਿਅਕਤੀਆਂ ਨੂੰ ਹਾਈ ਕਮਿਸ਼ਨ ਦੇ ਅਹਾਤੇ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਸੀ। ਇਸ ਅਰਥ ਵਿਚ, ਡਿਪਲੋਮੈਟ ਨੂੰ ਵਿਆਨਾ ਕਨਵੈਨਸ਼ਨ ਦੁਆਰਾ ਯੂਕੇ ਸਰਕਾਰ 'ਤੇ ਪਾਈਆਂ ਗਈਆਂ ਬੁਨਿਆਦੀ ਜ਼ਿੰਮੇਵਾਰੀਆਂ ਦੀ ਯਾਦ ਦਿਵਾਈ ਗਈ।



ਵਿਦੇਸ਼ ਮੰਤਰਾਲੇ ਨੇ ਇੱਕ ਅਧਿਕਾਰਤ ਪ੍ਰੈਸ ਬਿਆਨ ਵਿੱਚ ਕਿਹਾ, 'ਭਾਰਤ ਨੂੰ ਯੂਕੇ ਵਿੱਚ ਭਾਰਤੀ ਡਿਪਲੋਮੈਟਿਕ ਕੰਪਲੈਕਸਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਪ੍ਰਤੀ ਯੂਕੇ ਸਰਕਾਰ ਦੀ ਉਦਾਸੀਨਤਾ ਨੂੰ ਅਸਵੀਕਾਰਨਯੋਗ ਲੱਗਦਾ ਹੈ।'

ਬ੍ਰਿਟਿਸ਼ ਹਾਈ ਕਮਿਸ਼ਨਰ ਐਲੇਕਸ ਐਲਿਸ ਨੇ ਅੱਜ ਯੂਨਾਈਟਿਡ ਕਿੰਗਡਮ ਵਿੱਚ ਭਾਰਤੀ ਹਾਈ ਕਮਿਸ਼ਨ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ। ਉਸਨੇ 'ਘਿਣਾਉਣੇ ਕੰਮਾਂ' ਦੀ ਨਿੰਦਾ ਕੀਤੀ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਅਸਵੀਕਾਰਨਯੋਗ ਕਿਹਾ।

ਭਾਰਤ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨਰ ਐਲੇਕਸ ਐਲਿਸ ਨੇ ਟਵੀਟ ਕੀਤਾ, 'ਮੈਂ ਅੱਜ ਭਾਰਤ ਦੇ ਹਾਈ ਕਮਿਸ਼ਨ ਦੇ ਲੋਕਾਂ ਅਤੇ ਇਮਾਰਤਾਂ ਦੇ ਖਿਲਾਫ ਘਿਣਾਉਣੀ ਕਾਰਵਾਈਆਂ ਦੀ ਨਿੰਦਾ ਕਰਦਾ ਹਾਂ - ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ।'

# ਪੁਲਿਸ ਜਾਂ ਪ੍ਰਸ਼ਾਸ਼ਨ ਵੱਲੋਂ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਦਸਤਾਵੇਜ਼ ਜਾਂ ਹੋਰ ਸੂਚਨਾ ਮੰਗਣ 'ਤੇ ਕੋਈ ਵੀ ਪੰਜਾਬੀ ਜਾਂ ਸਿੱਖ ਨਾ ਦੇਵੇ : ਮਾਨ

ਨਵੀਂ ਦਿੱਲੀ : "ਪੁਲਿਸ ਜਾਂ ਪ੍ਰਸ਼ਾਸ਼ਨ ਨੂੰ ਕਿਸੇ ਨਾਗਰਿਕ ਦੀ ਨਿੱਜੀ ਜਿੰਦਗੀ ਨਾਲ ਸੰਬੰਧਤ ਕੋਈ ਦਸਤਾਵੇਜ਼ ਜਾਂ ਹੋਰ ਸੂਚਨਾਂ ਮੰਗਣ ਦਾ ਕੋਈ ਅਧਿਕਾਰ ਨਹੀ ਹੈ । ਜੇਕਰ ਅਜਿਹੀ ਸੂਚਨਾਂ ਜਾਂ ਜਾਣਕਾਰੀ ਕਿਸੇ ਕੇਸ ਵਿਚ ਪੁਲਿਸ ਜਾਂ ਸਿਵਲ ਅਧਿਕਾਰੀ ਨੂੰ ਚਾਹੀਦੀ ਹੈ ਤਾਂ ਉਹ ਪਹਿਲੇ ਅਦਾਲਤ ਤੋਂ ਕਾਨੂੰਨੀ ਰੂਪ ਵਿਚ ਲਿਖਤੀ ਹੁਕਮ ਲਿਆਵੇ, ਫਿਰ ਹੀ ਪੰਜਾਬੀ ਜਾਂ ਸਿੱਖ ਸੋਚ ਸਕਦੇ ਹਨ ਕਿ ਉਨ੍ਹਾਂ ਨੇ ਆਪਣੀ ਨਿੱਜੀ ਜਿੰਦਗੀ ਬਾਰੇ ਕੋਈ ਜਾਣਕਾਰੀ ਸਾਂਝੀ ਕਰਨੀ ਹੈ ਜਾਂ ਨਹੀ ਜਾਂ ਇਸ ਵਿਰੁੱਧ ਅਦਾਲਤ ਵਿਚ ਪਹੁੰਚ ਕਰਨੀ ਹੈ? ਦੂਸਰਾ ਜੋ ਕਿਸੇ ਨਾਗਰਿਕ ਦਾ ਆਧਾਰ ਕਾਰਡ, ਪੈਨ ਕਾਰਡ, ਵੋਟਰ ਕਾਰਡ, ਰਾਸਨ ਕਾਰਡ, ਜਮੀਨੀ ਰਜਿਸਟਰੀਆਂ, ਬੈਂਕ ਦੇ ਖਾਤਾ ਨੰਬਰ, ਮਕਾਨ ਦੇ ਕਾਗਜਾਤ, ਵਹੀਕਲਜ ਜਾਂ ਹਥਿਆਰਾਂ ਦੇ ਦਸਤਾਵੇਜ ਸਭ ਕੁਝ ਪਹਿਲੋ ਹੀ ਸਰਕਾਰੀ ਤੌਰ ਤੇ ਰਜਿਸਟੇਸਨ ਹੁੰਦੀ ਹੈ। ਫਿਰ ਹੀ ਇਹ ਦਸਤਾਵੇਜ ਕਿਸੇ ਨਾਗਰਿਕ ਨੂੰ ਮਿਲਦੇ ਹਨ। ਜੇਕਰ ਕਿਸੇ ਕੇਸ ਵਿਚ ਪੁਲਿਸ ਜਾਂ ਸਰਕਾਰ ਨੂੰ ਅਜਿਹੀ ਜਾਣਕਾਰੀ ਚਾਹੀਦੀ ਹੈ, ਤਾਂ ਸਰਕਾਰ ਦੇ ਕੰਪਿਊਟਰਾਂ ਵਿਚ ਸਭ ਕੁਝ ਦਰਜ ਹੈ। ਉਹ ਆਪਣੇ ਕੰਪਿਊਟਰ ਤੇ ਵਿਭਾਗਾਂ ਦੇ ਦਸਤਾਵੇਜ ਖੰਗੋਲਣ ਨਾ ਕਿ ਪੰਜਾਬੀਆਂ ਤੇ ਸਿੱਖਾਂ ਦੇ ਘਰਾਂ ਵਿਚ ਜਾ ਕੇ ਜਾਂ ਉਨ੍ਹਾਂ ਨੂੰ ਟੈਲੀਫੋਨ ਕਰਕੇ ਗੈਰ ਕਾਨੂੰਨੀ ਢੰਗ ਨਾਲ ਮਾਨਸਿਕ ਤੌਰ ਤੇ ਪੀੜਾ ਜਾਂ ਜ਼ਲਾਲਤ ਦੇਣ ਤਾਂ ਪੁਲਿਸ ਤੇ ਪ੍ਰਸ਼ਾਸ਼ਨ ਲਈ ਚੰਗਾ ਹੋਵੇਗਾ। ਵਰਨਾ ਪੰਜਾਬੀਆਂ ਤੇ ਸਿੱਖਾਂ ਨੂੰ ਪੁਲਿਸ ਜਾਂ ਪ੍ਰਸ਼ਾਸ਼ਨ ਵੱਲੋ ਬਣਾਉਟੀ ਢੰਗ ਨਾਲ ਪੈਦਾ ਕੀਤੀ ਜਾ ਰਹੀ ਦਹਿਸਤ ਜਾਂ ਬਿਨ੍ਹਾਂ ਵਜਹ ਕੀਤੀ ਜਾ ਰਹੀ ਜ਼ਲਾਲਤ ਵਿਰੁੱਧ ਲਾਮਬੰਦ ਹੋ ਕੇ ਸੜਕਾਂ ਤੇ ਉਤਰਣ ਲਈ ਮਜਬੂਰ ਹੋਣਾ ਪਵੇਗਾ। ਸਾਨੂੰ ਵੀ ਬਤੌਰ ਪੰਜਾਬੀਆਂ ਤੇ ਸਿੱਖ ਕੌਮ ਦੀ ਨੁਮਾਇੰਦਗੀ ਕਰਦੇ ਹੋਏ ਅਜਿਹੀ ਕਾਲ ਦੇਣ ਲਈ ਮਜਬੂਰ ਹੋਣਾ ਪਵੇਗਾ ਜਿਸ ਨਾਲ ਕਦਾਚਿੱਤ ਹੁਕਮਰਾਨਾਂ ਤੇ ਸਰਕਾਰਾਂ ਲਈ ਸਹੀ ਸਾਬਤ ਨਹੀ ਹੋ ਸਕੇਗਾ।



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵੱਡੀ ਗਿਣਤੀ ਵਿਚ ਸੰਗਰੂਰ, ਅੰਮ੍ਰਿਤਸਰ, ਕਪੂਰਥਲਾ, ਗੁਰਦਾਸਪੁਰ, ਬਰਨਾਲਾ, ਪਟਿਆਲਾ, ਜਗਰਾਓ, ਮੋਗਾ ਆਦਿ ਜ਼ਿਲ੍ਹਿਆਂ ਤੋਂ ਅਹੁਦੇਦਾਰਾਂ, ਵਰਕਰਾਂ ਅਤੇ ਆਮ ਸਿੱਖਾਂ ਵੱਲੋਂ ਬੀਤੇ ਕੁਝ ਦਿਨਾਂ ਤੋਂ ਘਰਾਂ ਵਿਚ ਜਾ ਕੇ ਜਾਂ ਟੈਲੀਫੋਨ ਕਰਕੇ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਜਾਣਕਾਰੀ ਮੰਗਣ ਦੇ ਗੈਰ ਕਾਨੂੰਨੀ ਅਤੇ ਗੈਰ ਸਮਾਜਿਕ ਹੋ ਰਹੇ ਦਹਿਸਤ ਪੈਦਾ ਕਰਨ ਵਾਲੇ, ਪੰਜਾਬੀਆਂ ਅਤੇ ਸਿੱਖਾਂ ਨੂੰ ਜ਼ਲੀਲ ਕਰਨ ਵਾਲੇ ਅਮਲਾਂ ਪੁਰਜੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਅਤੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਜੋ ਅਮਲੀ ਰੂਪ ਵਿਚ ਇੰਡੀਆ ਦੀ ਮੋਦੀ ਜਾਬਰ ਹਕੂਮਤ ਦੀ ਗੁਲਾਮ ਬਣਕੇ ਅਜਿਹੀਆ ਕਾਰਵਾਈਆ ਕਰ ਰਹੀ ਹੈ ਉਸਨੂੰ ਇਸਦੇ ਨਿਕਲਣ ਵਾਲੇ ਨਤੀਜਿਆ ਤੋਂ ਖਬਰਦਾਰ ਕਰਦੇ ਹੋਏ ਅਤੇ ਇਹ ਜ਼ਲਾਲਤ ਵਾਲਾ ਸਿਲਸਿਲਾ ਤੁਰੰਤ ਬੰਦ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।

# ਮੇਰਠ ਦੇ ਮਲਿਆਣਾ ਕਤਲੇਆਮ ਵਿਚ 63 ਮੁਸਲਮਾਨ ਮਾਰੇ ਗਏ ਸਨ, ਸਬੂਤਾਂ ਦੀ ਘਾਟ, 40 ਨਾਮਜ਼ਦ ਹੋਏ ਬਰੀ

*ਦੰਗਾਕਾਰੀਆਂ ਨੇ ਬੱਚਿਆਂ ਨੂੰ ਵੀ ਨਹੀਂ ਸੀ ਬਖਸ਼ਿਆ, ਸੁਟਿਆ ਗਿਆ ਸੀ ਬਲਦੀ ਅੱਗ ਵਿੱਚ*

ਨਵੀਂ ਦਿੱਲੀ : ਮੇਰਠ ਦੀ ਏਡੀਜੇ 6 ਅਦਾਲਤ ਨੇ ਮਲਿਆਨਾ ਕਤਲੇਆਮ ਮਾਮਲੇ ਵਿੱਚ 36 ਦਿਨਾਂ ਬਾਅਦ ਆਪਣਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ 40 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਮੁਕੱਦਮੇ ਦੌਰਾਨ ਹੀ 23 ਮੁਲਜ਼ਮਾਂ ਦੀ ਮੌਤ ਹੋ ਗਈ ਸੀ। ਜਦਕਿ 30 ਮੁਲਜ਼ਮਾਂ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਲੱਗਾ ਹੈ। ਦੱਸ ਦੇਈਏ ਕਿ 23 ਮਈ 1987 ਨੂੰ ਮਾਲਿਆਨਾ ਦੰਗਿਆਂ 'ਚ 63 ਲੋਕ ਮਾਰੇ ਗਏ ਸਨ, ਜਦਕਿ 100 ਤੋਂ ਵੱਧ ਲੋਕ ਜ਼ਖਮੀ ਹੋਏ ਸਨ। ਹਾਸ਼ਿਮਪੁਰਾ ਕਾਂਡ ਤੋਂ ਇਕ ਦਿਨ ਬਾਅਦ ਹੀ ਮਾਲਿਆਨਾ ਵਿਚ ਦੰਗੇ ਹੋਏ ਸਨ। ਬਦਮਾਸ਼ਾਂ ਨੇ ਕਈ ਘਰਾਂ ਨੂੰ ਅੱਗ ਲਗਾ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਮਾਮਲੇ 'ਚ ਮੁਹੱਲਾ ਨਿਵਾਸੀ ਯਾਕੂਬ ਦੀ ਸ਼ਿਕਾਇਤ 'ਤੇ ਦੰਗਿਆਂ ਦੀ ਰਿਪੋਰਟ ਦਰਜ ਕਰਵਾਈ ਗਈ ਸੀ। ਮੁਦਈ ਦਾ ਇਲਜ਼ਾਮ ਸੀ ਕਿ ਇੱਕ ਵਿਸ਼ੇਸ਼ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਗਈਆਂ ਹਨ। ਇਸ ਸਬੰਧੀ ਥਾਣਾ ਟੀ.ਪੀ.ਨਗਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

22 ਮਈ 1987 ਨੂੰ ਹਾਸ਼ਿਮਪੁਰਾ ਕਤਲੇਆਮ ਵਿੱਚ 42 ਲੋਕਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਸਾਲ 2018 ਵਿੱਚ ਅਦਾਲਤ ਨੇ ਪੀਏਸੀ ਦੇ 16 ਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਦੂਜੇ ਪਾਸੇ 23 ਮਈ ਨੂੰ ਮਲਿਆਣਾ ਵਿੱਚ ਹੋਏ ਕਤਲੇਆਮ ਦੇ ਫੈਸਲੇ ਵਿੱਚ ਕਿਸੇ ਵੀ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ। ਇਸ ਘਟਨਾ ਵਿੱਚ ਕੁੱਲ 63 ਲੋਕਾਂ ਦੀ ਜਾਨ ਚਲੀ ਗਈ ਸੀ। ਮਾਰੇ ਗਏ ਸਾਰੇ ਮੁਸਲਿਮ ਭਾਈਚਾਰੇ ਦੇ ਸਨ।




ਮਲਿਆਣਾ ਵਿੱਚ ਵਾਪਰੇ ਕਤਲੇਆਮ ਦੀ ਘਟਨਾ ਨੂੰ ਸਥਾਨਕ ਲੋਕ ਅੱਜ ਤੱਕ ਭੁੱਲ ਨਹੀਂ ਸਕੇ ਹਨ। ਉਹ ਦੱਸਦੇ ਹਨ ਕਿ ਨੌਚੰਡੀ ਵਿੱਚ ਮੇਲੇ ਦਾ ਪ੍ਰੋਗਰਾਮ ਸੀ। ਇਸ ਦੌਰਾਨ ਇੱਕ ਸਿਪਾਹੀ ਨੂੰ ਬੱਚਿਆਂ ਵਲੋਂ ਚਲਾਇਆ ਗਿਆ ਪਟਾਕਾ ਲੱਗ ਗਿਆ ਜਿਸ'ਤੇ ਸਿਪਾਹੀ ਨੇ ਗੋਲੀ ਚਲਾ ਦਿੱਤੀ। ਇਸ ਦੌਰਾਨ ਦੋ ਮੁਸਲਮਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਤੋਂ ਬਾਅਦ ਵਿਵਾਦ ਹੋਰ ਡੂੰਘਾ ਹੁੰਦਾ ਗਿਆ। ਹਾਸ਼ਿਮਪੁਰਾ ਚੌਰਾਹੇ 'ਤੇ ਇਕ ਧਾਰਮਿਕ ਸਮਾਗਮ 'ਚ ਫਿਲਮੀ ਗੀਤ ਚੱਲ ਰਹੇ ਸਨ, ਜਿਸ ਤੋਂ ਬਾਅਦ ਦੋ ਭਾਈਚਾਰਿਆਂ 'ਚ ਝੜਪ ਹੋ ਗਈ। ਅਜਿਹੇ 'ਚ ਇਸ ਵਿਵਾਦ ਨੇ ਦੰਗੇ ਦਾ ਰੂਪ ਲੈ ਲਿਆ। ਮਾਮਲੇ ਨੂੰ ਗੰਭੀਰਤਾ ਨਾਲ ਦੇਖਦੇ ਹੋਏ ਪੁਲਿਸ ਨੇ 23 ਮਈ ਦੀ ਰਾਤ ਨੂੰ ਪੂਰੇ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਸੀ। ਇੱਥੇ ਗੁੱਸੇ ਵਿੱਚ ਆਏ ਲੋਕਾਂ ਨੇ ਕਰੀਬ 106 ਘਰਾਂ ਨੂੰ ਅੱਗ ਲਾ ਦਿੱਤੀ। ਹਾਲਾਤ ਇੰਨੇ ਵਿਗੜ ਗਏ ਸਨ ਕਿ ਫੌਜ ਤੋਂ ਇਲਾਵਾ ਨੀਮ ਫੌਜੀ ਅਤੇ ਪੀਏਸੀ ਦੇ ਜਵਾਨ ਵੀ ਵੱਡੀ ਗਿਣਤੀ ਵਿਚ ਤਾਇਨਾਤ ਕੀਤੇ ਗਏ ਸਨ। ਦੰਗਾਕਾਰੀਆਂ ਨੇ ਪੁਲਿਸ ਮੁਲਾਜ਼ਮਾਂ ਦੇ ਸਾਹਮਣੇ ਹੀ ਕਈ ਲੋਕਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ। ਪੀੜਤ ਪਰਿਵਾਰਾਂ ਨੇ ਦਰਦ ਜ਼ਾਹਰ ਕਰਦਿਆਂ ਦੱਸਿਆ ਕਿ ਦੰਗਾਕਾਰੀਆਂ ਨੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ।ਉਨ੍ਹਾਂ ਨੂੰ ਅੱਗ ਵਿੱਚ ਸੁੱਟ ਦਿੱਤਾ ਗਿਆ ਸੀ ।

# ਅਮਰੀਕੀ ਸੰਸਦ 'ਚ 14 ਅਪ੍ਰੈਲ ਨੂੰ ਰਾਸ਼ਟਰੀ ਸਿੱਖ ਦਿਵਸ "National Sikh Day" ਵਜੋਂ ਮਨਾਉਣ ਦਾ ਪ੍ਰਸਤਾਵ

ਵਾਸ਼ਿਗਟਨ/ ਅਮਰੀਕਾ : ਅਮਰੀਕਾ ਦੇ ਸੰਸਦ ਮੈਂਬਰਾਂ ਨੇ 14 ਅਪ੍ਰੈਲ ਨੂੰ ਰਾਸ਼ਟਰੀ ਸਿੱਖ ਦਿਵਸ ਵਜੋਂ ਮਨਾਉਣ ਲਈ ਸੰਸਦ ਦੇ ਹੇਠਲੇ ਸਦਨ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ (ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼) ਵਿੱਚ ਇੱਕ ਪ੍ਰਸਤਾਵ ਪੇਸ਼ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਮਜ਼ਬੂਤ ਕਰਨ ਅਤੇ ਪ੍ਰੇਰਿਤ ਕਰਨ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਸੰਸਦ ਮੈਂਬਰਾਂ ਨੇ ਮਤਾ ਪੇਸ਼ ਕੀਤਾ ਹੈ।

ਪ੍ਰਸਤਾਵ ਵਿੱਚ ਲਿਖਿਆ ਗਿਆ ਹੈ ਕਿ ਸਿੱਖ 14 ਅਪ੍ਰੈਲ ਨੂੰ ਖਾਲਸਾ ਦਿਵਸ ਵਿਸਾਖੀ ਵਜੋਂ ਪੂਰੀ ਦੁਨੀਆ 'ਚ ਮਨਾਉਂਦੇ ਹਨ। 1699 ਵਿਚ ਸਾਜੇ ਗਏ ਖ਼ਾਲਸਾ ਪੰਥ ਨੂੰ ਬਦੀ ਖਿਲਾਫ ਨੇਕੀ ਦੀ ਲੜਾਈ ਦੀ ਗਵਾਹੀ ਭਰਦਾ ਹੈ

ਵਿਸਾਖੀ ਦਾ ਸਾਜਨਾ ਦਿਵਸ ਪਵਿੱਤਰ ਤਿਉਹਾਰ ਇਤਿਹਾਸ ਅਤੇ ਸਿੱਖਾਂ ਦੀ ਪਛਾਣ ਨੂੰ ਕਾਇਮ ਰੱਖਣ ਵਿੱਚ ਅਹਿਮ ਰੋਲ ਅਦਾ ਕਰਦਾ ਹੈ।

U.S Congresswoman Mary Gay Scanlon Rep. David Valadao United States Representative for California's 22nd District Rep. Brian Fitzpatrick United States Representative for Pennsylvania's 1st District Rep. Zoe Lofgren Congresswoman Zoe Lofgren United States Representative for California's 18th District ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਸਿੱਖ ਭਾਈਚਾਰਾ ਅਮਰੀਕਾ ਦੇ ਸਿਧਾਂਤਾਂ ਵਾਂਗ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮਾਂ ਰਾਹੀਂ ਲੋਕ ਸੇਵਾ ਕਰਦਾ ਹੈ।

ਮੈਰੀ ਨੇ ਕਿਹਾ ਕਿ ਅਮਰੀਕਾ ਦੇ ਲੋਕ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਸਿੱਖ ਭਾਈਚਾਰੇ ਦਾ ਸਤਿਕਾਰ ਕਰਦੇ ਹਨ। ਮਤੇ ਵਿੱਚ ਕਿਹਾ ਗਿਆ ਹੈ ਕਿ ਵਿਸਾਖੀ ਵਾਲੇ ਦਿਨ ਸਿੱਖ 1699 ਦੇ ਖਾਲਸਾਈ ਹੁਕਮਨਾਮੇ ਨੂੰ ਯਾਦ ਕਰਦੇ ਹਨ। ਮਜਲੂਮਾ ਦੇ ਹੱਕ ਚ ਅਤੇ ਜ਼ੁਲਮ ਵਿਰੁੱਧ ਲੜਨ ਲਈ ਜਮਾਨਾ ਸਿੱਖ ਗੁਰੂ ਸਾਹਿਬਾਨ ਨੂੰ ਯਾਦ ਕਰਦਾ ਹੈ।


Mary Gay Scanlon
Member of the U.S. House of Representatives
from Pennsylvania


Rep. Zoe Lofgren Congresswoman Zoe Lofgren
United States Representative for California's 18th District



Rep. David Valadao
United States Representative for California's 22nd District


Rep. Brian Fitzpatrick
United States Representative for Pennsylvania's 1st District

ਸੰਸਦ ਮੈਂਬਰ US.Congresswoman Mary Gay Scanlon ਨੇ ਕਿਹਾ ਕਿ ਇਹ ਮਤਾ ਵਿਸ਼ਵ ਭਰ ਦੇ ਸਿੱਖਾਂ ਨਾਲ ਵਿਸਾਖੀ ਮਨਾਉਣ ਅਤੇ ਅਮਰੀਕਾ ਵਿੱਚ ਸਿੱਖਾਂ ਵੱਲੋਂ ਪਾਏ ਯੋਗਦਾਨ ਦਾ ਸਨਮਾਨ ਕਰਨ ਲਈ ਢੁਕਵਾਂ ਹੈ। ਇਸ ਬਾਰੇ ਸਿੱਖ ਕਾਕਸ ਕਮੇਟੀ ਦੇ

## ਸਿੱਖ ਕਾਕਸ ਕਮੇਟੀ ਵਲੋਂ ਅਮਰੀਕੀ ਸੰਸਦ ਦਾ ਧੰਨਵਾਦ

ਸੀਨੀਅਰ ਸੇਵਾਦਾਰ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਅਮਰੀਕਨ ਸੰਸਦ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਇਸ ਵਿੱਚ ਸਿੱਖ ਕਾਕਸ ਕਮੇਟੀ ਦੇ ਸੀਨੀਅਰ ਆਗੂਆਂ ਜਿਨ੍ਹਾਂ ਵਿੱਚ ਭਾਈ ਜੁਗਰਾਜ ਸਿੰਘ ਅਤੇ ਭਾਈ ਹਰਜਿੰਦਰ ਸਿੰਘ ਦਾ ਸਮੁੱਚੀ ਸਿੱਖ ਕਾਕਸ ਕਮੇਟੀ ਅਤੇ ਸਿੱਖ ਸੰਗਤਾਂ ਵਲੋਂ ਧੰਨਵਾਦ ਕੀਤਾ ਹੈ ਜਿਨ੍ਹਾਂ ਦੇ ਅਣਥੱਕ ਯਤਨਾਂ ਸਦਕਾ ਇਸ ਇਤਿਹਾਸਕ ਮਤੇ ਨੂੰ ਪੇਸ਼ ਕਰਨ ਵਿੱਚ ਕਾਮਯਾਬੀ ਮਿਲੀ ਹੈ। ਇਥੇ ਇਹ ਜ਼ਿਕਰਯੋਗ ਹੈ ਕਾਂਗਰਸਮੈਨ Rep. David Valadao ਨੇ ਹਮੇਸ਼ਾ ਸਿੱਖ ਹੱਕਾਂ ਅਧਿਕਾਰਾ ਲਈ ਸਿੱਖਾਂ ਨਾਲ ਚੱਟਾਨ ਵਾਂਗ ਖੜਕੇ ਸਿੱਖਾਂ ਦੇ ਅਮਰੀਕਾ ਅਤੇ ਅੰਤਰਰਾਸ਼ਟਰੀ ਲੈਵਲ ਉਪਰ ਅਵਾਜ਼ ਬੁਲੰਦ ਕੀਤੀ ਹੈ। ਜਿਨ੍ਹਾਂ ਅੱਧੀ ਦਰਜਨ ਤੋਂ ਵੱਧ ਮਾਣਯੋਗ ਕਾਂਗਰਸਮੈਨਾਂ ਨੇ ਇਸ ਪ੍ਰਸਤਾਵ ਪੇਸ਼ ਕਰਨ 'ਚ ਮਦਦ ਕੀਤੀ ਅਸੀਂ ਉਨ੍ਹਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਵਿੱਚ U.S Congresswoman Mary Gay Scanlon, Rep. David Valadao United States Representative for California's 22nd District Rep. Brian Fitzpatrick United States Representative for Pennsylvania's 1st District Rep. Zoe Lofgren Congresswoman Zoe Lofgren United States Representative for California's 18th District ਕਾਕਸ ਕਮੇਟੀ ਦੇ ਸੀਨੀਅਰ ਸੇਵਾਦਾਰ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਵਿਸੇਸ਼ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਨਾਲ ਇਕੱਲੇ ਅਮਰੀਕਾ ਕੈਨੇਡਾ ਵਿੱਚ ਹੀ ਨਹੀਂ ਪੂਰੀ ਦੁਨੀਆ ਵਿੱਚ ਸਿੱਖ ਦੀ ਇੱਕ ਵੱਖਰੀ ਵਿਲੱਖਣ ਅਤੇ ਅਜ਼ਾਦ ਹੋਂਦ ਨੂੰ ਬੱਲ ਮਿਲੇਗਾ ਉਨ੍ਹਾਂ ਇਸ ਇਤਿਹਾਸਕ ਮਤੇ ਉਤੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ।


AUTHENTICATED U.S. GOVERNMENT INFORMATION GPO

IV

118TH CONGRESS
1ST SESSION

**H. RES. 275**

Supporting the designation of Vaisakhi, April 14 of each year, as "National Sikh Day".

IN THE HOUSE OF REPRESENTATIVES

APRIL 3, 2023

Ms. SCANLON (for herself, Mr. FITZPATRICK, Ms. SCHAKOWSKY, Mr. TONKO, Ms. LOFGREN, Mr. PALLONE, and Mr. VALADAO) submitted the following resolution; which was referred to the Committee on Oversight and Accountability

**RESOLUTION**

Supporting the designation of Vaisakhi, April 14 of each year, as "National Sikh Day".

Whereas the United States is enriched by the diversity of its residents, who have cultivated a climate of social tolerance and intellectual pluralism that has sustained the Nation throughout its history;

Whereas the Sikh community, which originated in Punjab, India, and began immigrating into the United States over 100 years ago, has played an important role in developing the United States;

Whereas Sikhism is the world's fifth-largest religion with nearly 30,000,000 adherents, roughly 1,000,000 of whom call the United States home;

Whereas, founded by Guru Nanak in the Punjab region of India during the 15th century, the Sikh spiritual tradition is rooted in the belief that every person, regardless of race, gender, sex, or creed, is equal before God;

Whereas believing that every person shares a connection through the oneness of God, the Sikh community emerged as a force for social justice by encouraging female participation in religious services and initiating interfaith efforts to combat oppression and injustice;

Whereas the Sikh religion's central principles of truthful living, service to humanity, and devotion to God also inspire its believers to create inclusive communities where all are respected;

Whereas through leading charitable events, the Sikh community embodies the sense of public service that underlies the founding principles of the United States;

Whereas the people of the United States feel obliged to honor the Sikh community's important role in supporting and enriching the social fabric of the Nation;

Whereas Sikhs celebrate Vaisakhi on the first day of the month of Vaisakh in the Sikh calendar, which typically falls on April 14;

Whereas Vaisakhi is a special occasion in which Sikhs remember the founding in 1699 of the Order of Khalsa, a fellowship of devout saint-soldier Sikhs, by the 10th Sikh Guru to fight tyranny and oppression, which played an important role in shaping the religion's history and identity; and

Whereas it is altogether fitting and proper to celebrate the day of Vaisakhi alongside Sikhs throughout the world and to honor the lasting contributions made by the Sikh community to the United States: Now, therefore, be it

*Resolved,* That the House of Representatives supports the designation of "National Sikh Day" to honor and celebrate the important role played by the Sikh community in strengthening and inspiring the people of the United States.

# ਹਾਈਕੋਰਟ ਨੇ ਅੰਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਨੂੰ ਲਗਾਈ ਫਟਕਾਰ

## ਕਿਹਾ- ਦੋਸ਼ੀ ਆਸਾਮ ਜੇਲ 'ਚ, ਐਨਐਸਏ ਲੱਗਿਆ ਹੋਇਆ ਹੈ, ਕਿਸ ਆਧਾਰ 'ਤੇ ਹੈਬੀਅਸ ਕਾਰਪਸ ਦਾਇਰ ਕੀਤਾ ਸੀ?

ਚੰਡੀਗੜ੍ਹ : ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਵੀਰਵਾਰ ਨੂੰ ਦੋਹਰਾ ਝਟਕਾ ਲੱਗਾ ਹੈ। ਅੰਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਵੱਲੋਂ ਪ੍ਰਧਾਨ ਮੰਤਰੀ ਬਾਜੇਕੇ ਸਮੇਤ 5 ਵਿਅਕਤੀਆਂ ਦੇ ਸਬੰਧ ਵਿੱਚ ਦਾਇਰ ਹੈਬੀਅਸ-ਕਾਰਪਸ ਪਟੀਸ਼ਨ ਦੀ ਸੁਣਵਾਈ ਦੌਰਾਨ ਹਾਈਕੋਰਟ ਨੇ ਅੰਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਨੂੰ ਫਟਕਾਰ ਲਗਾਈ।




ਵਾਰਿਸ ਪੰਜਾਬ ਦੇ ਕਾਨੂੰਨੀ ਸਲਾਹਕਾਰ ਨੇ ਹੈਬੀਅਸ ਕਾਰਪਸ (ਹੈਬੀਅਸ ਕਾਰਪਸ ਪਟੀਸ਼ਨ) ਦਾਇਰ ਕੀਤੀ ਸੀ। ਜਿਸ ਵਿੱਚ ਅੰਮ੍ਰਿਤਪਾਲ ਦੇ ਨਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਭੇਜੇ ਪ੍ਰਧਾਨ ਮੰਤਰੀ ਬਾਜੇਕੇ ਦਾ ਨਾਂ ਵੀ ਸ਼ਾਮਲ ਸੀ। ਵੀਰਵਾਰ ਨੂੰ ਜਦੋਂ ਇਸ ਮੁੱਦੇ 'ਤੇ ਸੁਣਵਾਈ ਹੋਈ ਤਾਂ ਹਾਈਕੋਰਟ ਨੇ ਕਿਹਾ ਕਿ ਬਾਜੇਕੇ 'ਤੇ ਐਨ.ਐਸ.ਏ. ਲਗਾ ਦਿੱਤਾ ਗਿਆ ਅਤੇ ਉਹ ਆਸਾਮ ਦੀ ਜੇਲ੍ਹ ਵਿੱਚ ਹੈ। ਤੁਸੀਂ ਵੀ ਜਾਣਦੇ ਹੋ, ਫਿਰ ਇਹ ਹੈਬੀਅਸ-ਕਾਰਪਸ ਕਿਸ ਆਧਾਰ 'ਤੇ ਦਾਇਰ ਕੀਤਾ ਗਿਆ ਸੀ ਕਿ ਉਸ ਨੂੰ ਪੇਸ਼ ਕੀਤਾ ਜਾਵੇ।

ਅਸਾਮ ਜੇਲ੍ਹ ਦੀ ਲੇਡੀ ਸੁਪਰਡੈਂਟ ਨੂੰ ਕਿਸ ਆਧਾਰ 'ਤੇ ਇਸ 'ਚ ਨਾਮ ਦੀ ਪਾਰਟੀ ਬਣਾਇਆ ਗਿਆ ਹੈ? ਕੀ ਵਕੀਲ ਨੂੰ ਮੁੱਢਲੇ ਕਾਨੂੰਨ ਦਾ ਵੀ ਪਤਾ ਨਹੀਂ ਹੈ। ਵਕੀਲ ਨੇ ਬਚਾਅ ਵਿੱਚ ਕਿਹਾ ਕਿ ਉਹ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ ਅਤੇ ਉਸ ਨੂੰ ਮਿਲਣਾ ਚਾਹੁੰਦਾ ਹੈ। ਇਸ 'ਤੇ ਹਾਈਕੋਰਟ ਨੇ ਕਿਹਾ ਕਿ ਉਹ ਕਿਸੇ ਹੋਰ ਮੈਜਿਸਟ ?ਰੇਟ ਕੋਲ ਗਏ ਹਨ। ਤੁਸੀਂ ਅਸਾਮ ਹਾਈ ਕੋਰਟ ਕਿਉਂ ਨਹੀਂ ਗਏ? ਹਾਈ ਕੋਰਟ ਨੇ ਸਾਫ਼ ਕਿਹਾ ਕਿ ਉਸ ਦੀ ਪਟੀਸ਼ਨ ਦਾ ਆਧਾਰ ਸਹੀ ਨਹੀਂ ਹੈ। ਹੁਣ ਅੰਮ੍ਰਿਤਪਾਲ ਕੇਸ ਦੇ ਨਾਲ ਇਸ ਕੇਸ ਦੀ ਵੀ 11 ਅਪ੍ਰੈਲ ਨੂੰ ਮੁੜ ਸੁਣਵਾਈ ਹੋਵੇਗੀ।

ਦੱਸ ਦੇਈਏ ਕਿ ਉਸ ਮਾਮਲੇ 'ਚ ਹੈਬੀਅਸ ਕਾਰਪਸ ਦਾਇਰ ਕੀਤਾ ਜਾਂਦਾ ਹੈ, ਜਦੋਂ ਦੋਸ਼ੀ ਨੂੰ ਪੁਲਸ ਫੜ ਲੈਂਦੀ ਹੈ ਪਰ ਗ੍ਰਿਫਤਾਰੀ ਨਹੀਂ ਦਿਖਾਉਂਦੀ ਅਤੇ ਪਰਿਵਾਰ ਵਾਲਿਆਂ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ। ਇਸ ਮਾਮਲੇ ਵਿੱਚ ਬਾਜੇਕੇ ਨੂੰ ਡਿਬਰੂਗੜ੍ਹ ਜੇਲ੍ਹ ਭੇਜਣ ਬਾਰੇ ਸਭ ਨੂੰ ਪਤਾ ਸੀ।



ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ।। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।।
ਮੈਨੂ ਮਿਲਿਆ ਨਾ ਮਾਏ ਤੇਰੀ ਗੋਦ ਜਿਹਾ ਸੁਖ ਨੀ
ਮੈਂ ਜਿੰਨੀ ਵਾਰ ਮੁੜਾਂ ਮੈਨੂੰ ਮਿਲੇ ਤੇਰੀ ਹੀ ਕੁੱਖ ਨੀ

## ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਬਿਜ਼ਨਸਮੈਨ ਸ੍ਰ. ਮੱਖਣ ਸਿੰਘ ਬੈਂਸ ਅਤੇ ਬੈਂਸ ਪ੍ਰਵਾਰ ਨੂੰ ਭਾਰੀ ਸਦਮਾ

# ਉਨ੍ਹਾਂ ਦੇ ਸਤਿਕਾਰਯੋਗ ਮਾਤਾ ਚਰਨ ਕੌਰ ਜੀ ਬੈਂਸ ਨਹੀਂ ਰਹੇ



ਸਵ. ਮਾਤਾ ਚਰਨ ਕੌਰ ਬੈਂਸ

ਯੂਨੀਅਨ ਸਿਟੀ/ ਕੈਲੀਫੋਰਨੀਆਂ : ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਮਾਤਾ ਚਰਨ ਕੌਰ ਬੈਂਸ ਇੱਕ ਸੱਚੇ ਸੁਚੇ ਨੇਕ ਠੰਡੇ ਅਤੇ ਮਿਠੇ ਸੁਭਾਅ ਦੇ ਮਾਲਕ ਸਨ। ਹਮੇਸ਼ਾ ਹੱਸਦੇ ਰਹਿਣ ਵਾਲੇ ਹਸਮੁੱਖ ਮਾਤਾ ਜੀ ਆਪਣੇ ਸਵਾਸਾਂ ਦੀ ਪੂੰਜੀ ਭੋਗ ਕੇ ਆਪਣੇ ਪਿਛੇ ਇੱਕ ਵੱਡਾ ਹੱਸਦਾ ਵੱਸਦਾ ਖੁਸ਼ਹਾਲ ਪਰਿਵਾਰ ਛੱਡਕੇ ਸਦੀਵੀ ਵਿਛੋੜਾ ਦੇ ਗਏ। ਇਥੇ ਇਹ ਜ਼ਿਕਰਯੋਗ ਹੈ ਕਿ ਅਜੇ ਕੁਝ ਚਿਰ ਪਹਿਲਾਂ ਹੀ ਸਰਦਾਰ ਮੱਖਣ ਸਿੰਘ ਬੈਂਸ ਦੇ ਪਿਤਾ ਸਰਦਾਰ ਮੇਜਰ ਸਿੰਘ ਬੈਂਸ ਸਦੀਵੀ ਵਿਛੋੜਾ ਦੇ ਗਏ ਸਨ। ਜਦੋ ਜਨਮ ਦੇਣ ਵਾਲੇ ਅਤੇ ਉਂਗਲ ਨਾਲ ਫੜਕੇ ਤੋਰਨ ਵਾਲੇ ਅਤੇ ਜ਼ਿੰਦਗੀ ਦੇਣ ਵਾਲੇ ਮਾਂ-ਪਿਉ ਜਾਂਦੇ ਹਨ ਤਾਂ ਇੱਕ ਵਾਰ ਇਨਸਾਨ ਦੀ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਂਦੀ ਹੈ। ਬੈਂਸ ਪ੍ਰਵਾਰ ਦੇ ਮਾਂ ਅਤੇ ਪਿਤਾ ਨੇ ਸਾਰੀ ਜ਼ਿੰਦਗੀ ਬੰਦਗੀ ਅਤੇ ਗੁਰੂ ਨਾਨਕ ਦੇ ਘਰ ਦੇ ਸੇਵਾ ਕੀਤੀ ਅਤੇ ਆਪਣੀ ਸਾਹਾਂ ਦੀ ਪੂੰਜੀ ਭੋਗਕੇ ਉਸ ਅਕਾਲ ਪੁਰਖ ਦੇ ਚਰਨਾ 'ਚ ਜਾ ਨਿਵਾਜੇ।

ਭਾਵੇਂ ਅੱਜ ਮਾਤਾ ਚਰਨ ਕੌਰ ਬੈਂਸ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਅਸੀਂ ਅਦਾਰਾ ਸਾਡੇ ਲੋਕ ਦੇ ਸਮੂਹ ਪ੍ਰਵਾਰ ਵਲੋਂ ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੀ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੀ।

**Funeral Services**

CHAPEL OF CHIMES
MONDAY 10TH, APRIL 2023, 12 PM TO 2 PM
32992 MISSION BLVD, HAYWARD, CA 94544

**ਅੰਤਿਮ ਅਰਦਾਸ**

GURDWARA FREMONT SAHIB
MONDAY 10TH APRIL 2023, 2.30 PM TO 4.00 PM
300 GURDWARA RD, FREMONT, CA 94536, UNITED STATES

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਸਪੁੱਤਰ**


**ਮੱਖਣ ਸਿੰਘ ਬੈਂਸ (610) 715-1619**

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St, Stockton, CA 95206

(A Historical Land Mark of CA)



ਖਾਲਸਾ ਪੰਥ ਦੇ 323ਵੇਂ ਸਾਜਨਾ ਦਿਵਸ

ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਉਪਰ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ



ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਜੀ ਮਹਾਨ ਗ਼ਦਰੀ ਬਾਬਿਆਂ ਦੇ ਪਾਵਨ ਪਵਿੱਤਰ ਅਸਥਾਨ ਗੁਰਦਆਰਾ ਸਾਹਿਬ ਸਟਾਕਟਨ ਵਿਖੇ

## 24ਵੇਂ ਨਗਰ ਕੀਰਤਨ

ਉਪਰ ਆਪ ਸਮੂਹ ਸੰਗਤ ਨੂੰ ਨਿਮਰਤਾ ਸਾਹਿਤ ਪਹੁੰਚਣ ਦੀ ਬੇਨਤੀ ਹੈ ਜੀ। ਇਸ ਪਵਿੱਤਰ ਦਿਹਾੜੇ ਉਪਰ ਸਮੇਤ ਪਰਿਵਾਰ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣਾ ਜੀਵਨ ਸਫ਼ਲਾ ਕਰੋ ਜੀ।

ਗੁਰੂ ਅਤੇ ਪੰਥ ਦੇ ਦਾਸ

## ਸ੍ਰ. ਮਨਜੀਤ ਸਿੰਘ ਉੱਪਲ

ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ

# ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵੱਖ-ਵੱਖ ਮਨਾਉਣਗੀਆਂ

## *ਸ਼੍ਰੋਮਣੀ ਕਮੇਟੀ ਵੱਲੋਂ 16 ਅਪ੍ਰੈਲ ਨੂੰ ਦਿੱਲੀ ਤੋਂ ਆਰੰਭ ਹੋਵੇਗਾ ਫਤਹਿ ਮਾਰਚ; 5 ਮਈ ਨੂੰ ਅੰਮ੍ਰਿਤਸਰ 'ਚ ਹੋਵੇਗਾ ਮੁੱਖ ਸਮਾਗਮ*



ਅੰਮ੍ਰਿਤਸਰ : ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਸ਼?ਰੋਮਣੀ ਕਮੇਟੀ ਤੇ ਦਿਲੀ ਕਮੇਟੀ ਵੱਖ-ਵੱਖ ਤੌਰ 'ਤੇ ਮਨਾਉਣਗੀਆਂ। ਇਸ ਸਬੰਧ ਵਿੱਚ ਦਿਲੀ ਕਮੇਟੀ ਵੱਲੋਂ 6 ਅਪਰੈਲ ਨੂੰ ਸ੍ਰੀ ਅਕਾਲ ਤਖ਼ਤ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ, ਜੋ 7 ਅਪਰੈਲ ਨੂੰ ਦਿੱਲੀ ਪੁੱਜੇਗਾ। ਇਸ ਮਗਰੋਂ 8 ਤੇ 9 ਅਪਰੈਲ ਨੂੰ ਲਾਲ ਕਿਲ੍ਹੇ ਵਿੱਚ ਇਹ ਦਿਨ ਫ਼ਤਿਹ ਦਿਵਸ ਵਜੋਂ ਮਨਾਇਆ ਜਾਵੇਗਾ। ਦੂਜੇ ਪਾਸੇ ਸ਼?ਰੋਮਣੀ ਕਮੇਟੀ ਵੱਲੋਂ 16 ਅਪਰੈਲ ਨੂੰ ਦਿੱਲੀ ਤੋਂ ਫ਼ਤਿਹ ਮਾਰਚ ਆਰੰਭ ਹੋਵੇਗਾ, ਜੋ 4 ਮਈ ਨੂੰ ਸ੍ਰੀ ਅਕਾਲ ਤਖ਼ਤ ਪਹੁੰਚ ਕੇ ਸਮਾਪਤ ਹੋਵੇਗਾ। ਇਸ ਮਗਰੋਂ ਅੰਮ੍ਰਿਤਸਰ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ 5 ਮਈ ਨੂੰ ਮੁੱਖ ਸਮਾਗਮ ਕਰਵਾਇਆ ਜਾਵੇਗਾ।

ਇਸ ਸਬੰਧੀ ਦਿੱਲੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸ੍ਰੀ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਦਾ ਮੁੱਖ ਸਮਾਗਮ 5 ਮਈ ਨੂੰ ਅੰਮ੍ਰਿਤਸਰ ਵਿੱਚ ਕੀਤਾ ਜਾਣਾ ਹੈ, ਜਦਕਿ ਇਸ ਤੋਂ ਪਹਿਲਾਂ ਦਿੱਲੀ ਵਿੱਚ ਵੀ ਕਈ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਦੇ ਸਮਾਗਮ ਖਾਲਸਾਈ ਜਾਹੋ-ਜਲਾਲ ਨਾਲ ਮਨਾਏ ਜਾਣਗੇ। ਉਹ ਅਜਿਹੇ ਸਿੱਖ ਜਰਨੈਲ ਸਨ, ਜਿਨ੍ਹਾਂ ਮੁਗਲ ਬਾਦਸ਼ਾਹ ਦਾ ਦਿੱਲੀ ਤਖ਼ਤ ਪੁੱਟ ਕੇ ਅੰਮ੍ਰਿਤਸਰ ਲਿਆਂਦਾ। ਉਨ੍ਹਾਂ ਆਖਿਆ ਕਿ 18ਵੀਂ ਸਦੀ ਵਿੱਚ ਸਰਦਾਰ ਜੱਸਾ ਸਿੰਘ ਵੱਲੋਂ ਕੀਤੀ ਗਈ ਦਿੱਲੀ ਫ਼ਤਹਿ ਸਿੱਖ ਇਤਿਹਾਸ ਦਾ ਗੌਰਵਸ਼ਾਲੀ ਪੰਨਾ ਹੈ। 12 ਮਿਸਲਾਂ ਵਿੱਚੋਂ ਇੱਕ ਸ਼ਕਤੀਸ਼ਾਲੀ ਮਿਸਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਹੇਠ ਚੱਲਦੀ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ 16 ਅਪਰੈਲ ਨੂੰ ਗੁਰਦੁਆਰਾ ਸ੍ਰੀ ਰਕਾਬ ਗੰਜ ਦਿੱਲੀ ਤੋਂ ਖਾਲਸਾ ਫ਼ਤਹਿ ਮਾਰਚ ਆਰੰਭ ਹੋ ਕੇ ਡੀਡੀਏ ਮੈਦਾਨ ਹਰੀ ਨਗਰ ਪਹੁੰਚੇਗਾ। ਇਥੇ 17 ਅਪਰੈਲ ਨੂੰ ਕੀਰਤਨ ਦਰਬਾਰ ਹੋਵੇਗਾ ਤੇ 18 ਨੂੰ ਖਾਲਸਈ ਖੇਡਾਂ ਹੋਣਗੀਆਂ। 20 ਅਪਰੈਲ ਨੂੰ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਫ਼ਤਹਿ ਨਗਰ ਦਿੱਲੀ ਤੋਂ ਖ਼ਾਲਸਾ ਫਤਹਿ ਮਾਰਚ ਅਗਲੇ ਪੜਾਅ ਲਈ ਆਰੰਭ ਹੋਵੇਗਾ, ਜੋ ਕਰਨਾਲ 'ਚ ਰਾਤ ਰੁਕ ਕੇ 21 ਅਪਰੈਲ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਪਹੁੰਚੇਗਾ। 22 ਅਪਰੈਲ ਨੂੰ ਖਾਲਸਾ ਮਾਰਚ ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ, 23 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, 24 ਨੂੰ ਸ੍ਰੀ ਮੁਕਤਸਰ ਸਾਹਿਬ, 25 ਨੂੰ ਬਜੀਦਪੁਰ, 26 ਨੂੰ ਆਲਮਗੀਰ ਲੁਧਿਆਣਾ, 27 ਨੂੰ ਸ੍ਰੀ ਫ਼ਹਿਤਗੜ੍ਹ ਸਾਹਿਬ ਤੇ 28 ਅਪਰੈਲ ਨੂੰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਰਾਤ ਦਾ ਵਿਸ਼ਰਾਮ ਕਰੇਗਾ। 29 ਨੂੰ ਫ਼ਤਹਿ ਮਾਰਚ ਗੁਰਦੁਆਰਾ ਸ੍ਰੀ ਮੌ ਸਾਹਿਬ ਫਿਲੌਰ, 30 ਨੂੰ ਜਲੰਧਰ, ਪਹਿਲੀ ਮਈ ਨੂੰ ਕਰਤਾਰਪੁਰ, 2 ਨੂੰ ਸੁਲਤਾਨਪੁਰ ਲੋਧੀ ਤੇ 3 ਮਈ ਨੂੰ ਰਾਤ ਦਾ ਵਿਸ਼ਰਾਮ ਤਰਨ ਤਾਰਨ ਸਾਹਿਬ ਵਿੱਚ ਹੋਵੇਗਾ। 4 ਮਈ ਨੂੰ ਖਾਲਸਾ ਫ਼ਤਹਿ ਮਾਰਚ ਦੀ ਸ੍ਰੀ ਅਕਾਲ ਤਖ਼ਤ ਪਹੁੰਚ ਕੇ ਸੰਪੂਰਨਤਾ ਹੋਵੇਗੀ। ਉਨ੍ਹਾਂ ਦੱਸਿਆ ਕਿ 5 ਮਈ ਨੂੰ ਅੰਮ੍ਰਿਤਸਰ ਵਿੱਚ ਮੁੱਖ ਸਮਾਗਮ ਹੋਵੇਗਾ।

# ਆਫ਼ਤਾਂ ਮੌਕੇ ਪ੍ਰਤੀਕਿਰਿਆ ਸੰਗਠਿਤ ਹੋਣੀ ਚਾਹੀਦੀ ਹੈ : ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਨੇੜਿਓਂ ਜੁੜੀ ਦੁਨੀਆ 'ਚ ਆਫਤਾਂ ਦਾ ਪ੍ਰਭਾਵ ਸਿਰਫ ਸਥਾਨਿਕ ਨਹੀਂ ਹੁੰਦਾ, ਅਜਿਹੇ ਦੇਸ਼ਾਂ ਦੀ ਪ੍ਰਤੀਕਿਰਿਆ ਏਕਾਕ੍ਰਿਤ (ਸੰਗਠਿਤ) ਹੋਣੀ ਚਾਹੀਦੀ ਹੈ ਨਾ ਕਿ ਵੱਖ-ਵੱਖ। 'ਕੋਲੀਸ਼ਨ ਫਾਰ ਡਿਸਾਸਟਰ ਰਿਸੀਲੈਂਟ ਇੰਫਰਾਸਟਰੱਕਚਰ ਵਲੋਂ ਕਰਵਾਏ ਅੰਤਰਰਾਸ਼ਟਰੀ ਸੰਮੇਲਨ ਨੂੰ ਵੀਡੀਓ ਸੰਦੇਸ਼ ਜ਼ਰੀਏ ਸੰਬੋਧਿਤ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਆਫਤ ਦੀ ਸਥਿਤੀ 'ਚ ਸਥਾਨਿਕ ਅੰਤਦਿ?ਸ਼ਟੀ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਨੇੜਿਓਂ ਜੁੜੀ ਦੁਨੀਆ 'ਚ ਆਫਤਾਂ ਦਾ ਪ੍ਰਭਾਵ ਸਿਰਫ ਸਥਾਨਿਕ ਨਹੀਂ ਹੋਵੇਗਾ, ਬਲਕਿ ਇਕ ਖੇਤਰ 'ਚ ਆਫਤ ਦਾ ਵੱਖਰੇ ਖੇਤਰ 'ਚ ਵੱਡਾ ਪ੍ਰਭਾਵ ਪੈ ਸਕਦਾ ਹੈ। ਇਸ ਲਈ ਸਾਡੀ ਪ੍ਰਤੀਕਿਰਿਆ ਸੰਗਠਿਤ ਹੋਣੀ ਚਾਹੀਦੀ ਹੈ, ਵੱਖ-ਵੱਖ ਨਹੀਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰੇਕ ਰਾਸ਼ਟਰ ਅਤੇ ਖੇਤਰ ਵੱਖ-ਵੱਖ ਪ੍ਰਕਾਰ ਦੀਆਂ ਆਫਤਾਂ ਦਾ ਸਾਹਮਣਾ ਕਰਦਾ ਹੈ ਤੇ ਇਸ ਹਾਲਾਤ 'ਚ ਸਮਾਜ ਬੁਨਿਆਦੀ ਢਾਂਚੇ ਨਾਲ ਸੰਬੰਧਿਤ ਸਥਾਨਿਕ ਗਿਆਨ ਵਿਕਸਿਤ ਕਰਦਾ ਹੈ। ਉਨ੍ਹਾਂ ਨੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਕਰਦੇ ਸਮੇਂ ਇਸ ਤਰਾਂ ਦੇ ਗਿਆਨ ਦੀ ਬੁੱਧੀਮਾਨੀ ਨਾਲ ਵਰਤੋਂ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਥਾਨਕ ਅੰਤਦ੍ਰਿਸ਼ਟੀ ਦੇ ਨਾਲ ਆਧੁਨਿਕ ਤਕਨੀਕ ਲਚਕੀਲੇਪਣ ਲਈ ਬਹੁਤ ਵਧੀਆ ਹੋ ਸਕਦੀ ਹੈ। ਇਸ ਦੇ ਇਲਾਵਾ ਜੇਕਰ ਚੰਗੀ ਤਰਾਂ ਨਾਲ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਸਥਾਨਿਕ ਗਿਆਨ ਇਕ ਕੌਮਾਂਤਰੀ ਸਰਬੋਤਮ ਅਭਿਆਸ ਬਣ ਸਕਦਾ ਹੈ। ਭਾਰਤ ਦੀ ਅਗਵਾਈ ਵਾਲਾ ਸੀ. ਡੀ. ਆਰ. ਆਈ. ਨਵੀਂ ਦਿੱਲੀ 'ਚ ਆਫਤ ਰੋਕੂ ਬੁਨਿਆਦੀ ਢਾਂਚੇ 'ਤੇ ਦੋ ਦਿਨਾ ਸੰਮੇਲਨ ਕਰਵਾ ਰਿਹਾ ਹੈ। ਮੋਦੀ ਨੇ ਕਿਹਾ ਕਿ ਕੁਝ ਹੀ ਸਾਲਾਂ 'ਚ 40 ਤੋਂ ਜ਼ਿਆਦਾ ਦੇਸ਼ ਸੀ. ਡੀ. ਆਰ. ਆਈ. ਦਾ ਹਿੱਸਾ ਬਣ ਗਏ ਹਨ ਅਤੇ ਇਸ ਪ੍ਰਕਾਰ ਇਹ ਸੰਮੇਲਨ ਇਕ ਮਹੱਤਵਪੂਰਨ ਮੰਚ ਬਣਦਾ ਜਾ ਰਿਹਾ ਹੈ।

# ਸ. ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਤੀਜੀ ਜਨਮ ਸ਼ਤਾਬਦੀ ਮਨਾਉਣ ਸਬੰਧੀ



ਸ. ਹਰਜਿੰਦਰ ਸਿੰਘ ਧਾਮੀ,
ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।
ਵਿਸ਼ਾ : ਸ. ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਤੀਜੀ ਜਨਮ ਸ਼ਤਾਬਦੀ।

ਸ. ਹਰਜਿੰਦਰ ਸਿੰਘ ਧਾਮੀ ਜੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਸ. ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਤੀਜੀ ਜਨਮ ਸ਼ਤਾਬਦੀ ਸਬੰਧੀ ਉਲੀਕੇ ਗਏ ਪ੍ਰੋਗਰਾਮ (16 ਅਪ੍ਰੈਲ ਤੋਂ 5 ਮਈ) ਬਾਰੇ ਜਾਣ ਕੇ ਖੁਸ਼ੀ ਹੋਈ ਹੈ। ਸਿੱਖ ਸਰਦਾਰਾਂ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਮਨਾਉਣਾ ਕੌਮ ਦਾ ਫਰਜ਼ ਹੈ। ਆਪ ਜੀ ਦੀ ਅਗਵਾਈ ਵਿੱਚ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਜਿੰਮੇਵਾਰੀ ਨਿਭਾ ਰਹੀ ਹੈ। ਆਪ ਜੀ ਦੀ ਸਮੁੱਚੀ ਟੀਮ ਦਾ ਧੰਨਵਾਦ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਕੈਲੰਡਰ (ਸੰਮਤ 555 ਨਾਨਕਸ਼ਾਹੀ) ਵਿੱਚ ਸ. ਜੱਸਾ ਸਿੰਘ ਰਾਮਗੜ੍ਹੀਆਂ ਦੀ ਤੀਜੀ ਜਨਮ ਸ਼ਤਾਬਦੀ, 22 ਵੈਸਾਖ/5 ਮਈ ਦਰਜ ਹੈ। ਹੁਣ ਜੇ 22 ਵੈਸਾਖ ਨੂੰ ਸਹੀ ਮੰਨੀਏ ਤਾਂ ਇਸ ਦਿਨ ਅੱਜ ਤੋਂ 300 ਸਾਲ ਪਹਿਲਾ, 22 ਵੈਸਾਖ ਸੰਮਤ 1780 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ 19 ਅਪ੍ਰੈਲ 1723 ਈ: (ਜੂਲੀਅਨ) ਬਣਦੀ ਹੈ। ਪਰ ਆਮ ਤੌਰ 'ਤੇ (On Line) ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਜਨਮ ਤਾਰੀਖ 5 ਮਈ 1723 ਈ: ਹੀ ਮਿਲਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਇਹ ਸ਼ਤਾਬਦੀ ਅੰਗਰੇਜੀ ਤਾਰੀਖ ਮੁਤਾਬਕ, 5 ਮਈ ਨੂੰ ਮਨਾ ਰਹੀ ਹੈ। ਪ੍ਰਧਾਨ ਜੀ, ਇਹ ਤਾਰੀਖ ਉਸ ਕੈਲੰਡਰ (ਜੂਲੀਅਨ) ਦੀ ਹੈ ਜਿਹੜਾ ਕਦੇ ਆਪਣੇ ਖਿੱਤੇ ਵਿੱਚ ਲਾਗੂ ਹੀ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਵਿੱਚ ਇਤਿਹਾਸ ਕਿਵੇਂ ਲਿਖਿਆ ਗਿਆ ਹੋਵੇਗਾ? ਇਹ ਠੀਕ ਹੈ ਕਿ ਜੂਲੀਅਨ ਕੈਲੰਡਰ ਵਿਚ ਸੋਧ ਅਕਤੂਬਰ 1582 ਈ: ਵਿੱਚ ਹੋ ਗਈ ਸੀ ਪਰ ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਵਿੱਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿੱਚ ਅੰਗਰੇਜੀ ਕੈਲੰਡਰ, ਗੋਰਿਆਂ ਦੇ ਆਉਣ ਨਾਲ ਹੀ ਆਇਆ ਸੀ। ਉਹ ਕੈਲੰਡਰ ਗਰੈਗੋਰੀਅਨ ਸੀ। ਆਪਣੇ ਦੇਸ਼ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਪ੍ਰਚੱਲਤ ਸੀ। ਗੁਰੂ ਕਾਲ ਤੋਂ ਸਾਰੀਆਂ ਤਾਰੀਖ ਇਸੇ ਕੈਲੰਡਰ ਮੁਤਾਬਕ ਹੀ ਮਿਲਦੀਆਂ ਹਨ।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ, ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਜਨਮ ਤਾਰੀਖ 7 ਜੇਠ, ਸੰਮਤ 1723 ਬਿਕ੍ਰਮੀ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਵਿੱਚ, 7 ਜੇਠ, 21 ਮਈ ਦੀ ਦਰਜ ਹੈ। ਪਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਦਿਹਾੜਾ 5 ਮਈ ਨੂੰ ਮਨਾ ਰਹੀ ਹੈ। ਕੀ ਕਾਰਨ ਹੈ, ਸ਼੍ਰੋਮਣੀ ਕਮੇਟੀ ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਜਨਮ ਸ਼ਤਾਬਦੀ ਅਸਲ ਪ੍ਰਵਿਸ਼ਟੇ 7 ਜੇਠ (21 ਮਈ) ਨੂੰ ਮਨਾਉਣ ਦੀ ਬਿਜਾਏ 5 ਮਈ (22 ਵੈਸਾਖ) ਨੂੰ ਮਨਾ ਰਹੀ ਹੈ? ਕੀ ਇਸ ਤਰ੍ਹਾਂ ਇਤਿਹਾਸਕ ਤਾਰੀਖ ਨੂੰ ਮਨਮਰਜ਼ੀ ਨਾਲ ਬਦਲੀ ਕਰਨਾ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸ਼ੋਭਾ ਦਿੰਦਾ ਹੈ? ਕੀ ਸ਼੍ਰੋਮਣੀ ਕਮੇਟੀ ਦੇ ਵਿਦਵਾਨ, ਇਸ ਤਾਰੀਖ ਨੂੰ ਬਦਲੀ ਕਰਨ ਦੇ ਕਾਰਨਾਂ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕਰਨਗੇ?

ਸ. ਹਰਜਿੰਦਰ ਸਿੰਘ ਧਾਮੀ ਜੀ, ਨਿਮਰਤਾ ਸਹਿਤ ਬੇਨਤੀ ਹੈ ਕਿ ਇਤਿਹਾਸਿਕ ਤਾਰੀਖ ਨਾਲ ਛੇੜ ਛਾੜ ਕਰਨ ਪਿਛੇ ਕੰਮ ਕਰਦੀ ਸਾਜ਼ਿਸ਼ ਦੀ ਪੜਤਾਲ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਤੀਜੀ ਜਨਮ ਸ਼ਤਾਬਦੀ ਗਲਤ ਤਾਰੀਖ (5 ਮਈ) ਨੂੰ ਮਨਾਉਣ ਦੀ ਬਿਜਾਏ, ਗੁਰੂ ਕਾਲ ਤੋਂ ਪ੍ਰਚੱਲਤ ਕੈਲੰਡਰ ਭਾਵ ਬਿਕ੍ਰਮੀ ਕੈਲੰਡਰ ਮੁਤਾਬਕ, 7 ਜੇਠ (21 ਮਈ) ਨੂੰ ਮਨਾਉਣ ਦਾ ਐਲਾਨ ਕੀਤਾ ਜਾਵੇ।

**ਧੰਨਵਾਦ ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
**21 ਚੇਤ, ਸੰਮਤ 555 ਨਾਨਕਸ਼ਾਹੀ**
**(3 ਅਪ੍ਰੈਲ, 2023 ਈ:)**

# ਭਾਰਤ-ਭੂਟਾਨ ਸਬੰਧਾਂ ਨੂੰ ਅੱਗੇ ਵਧਾਉਣ 'ਤੇ ਜ਼ੋਰ

## *ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭੂਟਾਨ ਨਰੇਸ਼ ਨਾਲ ਕੀਤੀ ਗੱਲਬਾਤ*



ਨਵੀਂ ਦਿੱਲੀ : ਭੂਟਾਨ 'ਤੇ ਚੀਨ ਦੇ ਵਧਦੇ ਪ੍ਰਭਾਵ ਦਰਮਿਆਨ ਭਾਰਤ ਦੇ ਦੌਰੇ 'ਤੇ ਆਏ ਭੂਟਾਨ ਦੇ ਰਾਜਾ ਜਿਗਮੇ ਖੇਸਰ ਵਾਂਗਚੁਕ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਆਰਥਿਕ ਸਹਿਯੋਗ ਸਮੇਤ ਵੱਖ-ਵੱਖ ਮੁੱਦਿਆਂ 'ਤੇ ਦੁਵੱਲੇ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ 'ਤੇ ਗੱਲਬਾਤ ਕੀਤੀ। ਭਾਰਤ ਨੇ ਭੂਟਾਨ ਦੀ 13ਵੀਂ ਪੰਜ ਸਾਲਾ ਯੋਜਨਾ ਅਤੇ ਉਸ ਦੇ ਸੁਧਾਰ ਪ੍ਰਾਜੈਕਟਾਂ ਨੂੰ ਲੋੜੀਂਦੀ ਮਾਲੀ ਸਹਾਇਤਾ ਦੇਣ ਅਤੇ ਦੋਵਾਂ ਦੇਸ਼ਾਂ ਦਰਮਿਆਨ ਆਰਥਿਕ ਅਤੇ ਵਿਕਾਸ ਸਹਿਯੋਗ ਮਜ਼ਬੂਤ ਕਰਨ 'ਤੇ ਰਜ਼ਾਮੰਦੀ ਪ੍ਰਗਟਾਈ। ਦੋਵਾਂ ਨੇਤਾਵਾਂ ਨੇ ਵਪਾਰ ਸੰਪਰਕ ਅਤੇ ਨਿਵੇਸ਼ ਸਹਿਯੋਗ 'ਤੇ ਵੀ ਚਰਚਾ ਕੀਤੀ ਜਿਸ 'ਚ ਵਧੇਰੇ ਧਿਆਨ ਬੁਨਿਆਦੀ ਢਾਂਚਾ ਜਿਸ 'ਚ ਰੇਲ, ਹਵਾਈ, ਡਿਜੀਟਲ, ਜਹਾਜ਼ਰਾਨੀ ਅਤੇ ਲੋਕਾਂ ਤੋਂ ਲੋਕਾਂ ਦਾ ਸੰਪਰਕ ਸ਼ਾਮਿਲ ਸੀ 'ਤੇ ਰਿਹਾ। ਦੋਵਾਂ ਦੇਸ਼ਾਂ ਦਰਮਿਆਨ ਊਰਜਾ ਸਹਿਯੋਗ ਜਿਸ 'ਚ ਮੌਜੂਦਾ ਪਣ ਬਿਜਲੀ ਪ੍ਰਾਜੈਕਟ ਅਤੇ ਨਵਿਆਉਣਯੋਗ ਪੁਲਾੜ ਪ੍ਰਾਜੈਕਟ ਸ਼ਾਮਲ ਹਨ 'ਤੇ ਚਰਚਾ ਕੀਤੀ। ਇਸ ਤੋਂ ਇਲਾਵਾ ਪੁਲਾੜ, ਸਟਾਰਟ ਅਪ ਅਤੇ ਸਿੱਖਿਆ ਸਮੇਤ ਨਵੇਂ ਖੇਤਰਾਂ 'ਚ ਸਹਿਯੋਗ 'ਤੇ ਵੀ ਚਰਚਾ ਕੀਤੀ। ਇਸ ਤੋਂ ਇਲਾਵਾ ਭਾਰਤ ਨੇ ਭੂਟਾਨ ਦੀ ਪੰਜ ਸਾਲਾ ਯੋਜਨਾ 'ਚ ਹੋਰ ਕਰਜ਼ਾ ਦੇਣ ਅਤੇ ਭੂਟਾਨ ਤੋਂ ਖੇਤੀਬਾੜੀ ਉਤਪਾਦਾਂ ਦੇ ਨਿਰਯਾਤ ਸੰਬੰਧੀ ਸਮਰਥਨ ਵਧਾਉਣ 'ਤੇ ਵੀ ਸਹਿਮਤੀ ਪ੍ਰਗਟਾਈ। ਭਾਰਤ ਨੇ ਭੂਟਾਨ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਬਣਾਉਣ ਦਾ ਵੀ ਭਰੋਸਾ ਦਿਵਾਇਆ। ਦੋਵਾਂ ਦੇਸ਼ਾਂ ਨੇ ਭਾਰਤ ਅਤੇ ਭੂਟਾਨ ਦਰਮਿਆਨ ਪਹਿਲਾ ਰੇਲ ਲਿੰਕ ਕੋਕਰਾਝਾੜ-ਜੇਲੀਫੂ ਰੇਲ ਪ੍ਰਾਜੈਕਟ ਨੂੰ ਹੋਰ ਵਧਾਉਣ 'ਤੇ ਵੀ ਰਜ਼ਾਮੰਦੀ ਪ੍ਰਗਟਾਈ।

ਭਾਰਤ ਆਪਣੇ ਰਾਸ਼ਟਰੀ ਹਿਤਾਂ ਦੀ ਰਾਖੀ ਲਈ ਸਾਰੇ ਲੋੜੀਂਦੇ ਕਦਮ ਚੁੱਕੇਗਾ-ਵਿਦੇਸ਼ ਸਕੱਤਰ

ਭਾਰਤ ਦੇ ਵਿਦੇਸ਼ ਸਕੱਤਰ ਵਿਨੈ ਮੋਹਨ ਕਵਾਤਰਾ ਨੇ ਕਿਹਾ ਕਿ ਭਾਰਤ ਉਨ੍ਹਾਂ ਸਾਰੀਆਂ ਕਾਰਵਾਈਆਂ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ, ਜਿਨ੍ਹਾਂ ਦਾ ਰਾਸ਼ਟਰੀ ਹਿਤਾਂ 'ਤੇ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਆਪਣੇ ਰਾਸ਼ਟਰੀ ਹਿਤਾਂ ਦੀ ਰਾਖੀ ਲਈ ਸਾਰੇ ਲੋੜੀਂਦੇ ਕਦਮ ਚੁੱਕੇਗਾ। ਵਿਦੇਸ਼ ਸਕੱਤਰ ਵਿਨੈ ਮੋਹਨ ਕਵਾਤਰਾ ਦਾ ਇਹ ਬਿਆਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਦੌਰੇ 'ਤੇ ਆਏ ਭੂਟਾਨ ਦੇ ਰਾਜਾ ਖੇਸਰ ਵਾਂਗਚੁਕ ਦੀ ਦੁਵੱਲੀ ਮੀਟਿੰਗ ਤੋਂ ਬਾਅਦ ਆਇਆ। ਕਵਾਤਰਾ ਨੇ ਭੂਟਾਨ, ਭਾਰਤ ਅਤੇ ਚੀਨ ਦੀ ਸਰਹੱਦ 'ਤੇ ਡੋਕਲਾਮ ਨੂੰ ਲੈ ਕੇ ਭਾਰਤ ਦਾ ਸਟੈਂਡ ਮੁੜ ਦੁਹਰਾਇਆ। ਕਵਾਤਰਾ ਵਲੋਂ ਇਹ ਬਿਆਨ ਉਸ ਵੇਲੇ ਦਿੱਤਾ ਗਿਆ ਹੈ ਜਦੋਂ ਹਾਲ ਹੀ 'ਚ ਭੂਟਾਨ ਦੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਡੋਕਲਾਮ 'ਚ ਸਰਹੱਦੀ ਮੁੱਦਾ ਸੁਲਝਾਉਣ 'ਚ ਚੀਨ ਦਾ ਵੀ ਬਰਾਬਰ ਦਾ ਹਿੱਸਾ ਹੈ । ਭੂਟਾਨ ਦੇ ਪ੍ਰਧਾਨ ਮੰਤਰੀ ਦੇ ਇਸ ਬਿਆਨ ਨੂੰ ਭੂਟਾਨ 'ਤੇ ਚੀਨ ਦੇ ਵਧਦੇ ਪ੍ਰਭਾਵ ਦੇ ਸੰਕੇਤ ਵਜੋਂ ਲਿਆ ਜਾ ਰਿਹਾ ਹੈ। ਹਾਲਾਂਕਿ ਵਿਦੇਸ਼ ਸਕੱਤਰ ਨੇ ਇਸ 'ਤੇ ਸਿੱਧੀ ਟਿੱਪਣੀ ਨਾ ਕਰਦਿਆਂ ਇਹ ਹੀ ਕਿਹਾ ਕਿ ਭਾਰਤ ਅਤੇ ਭੂਟਾਨ ਸੁਰੱਖਿਆ ਹਿੱਤਾਂ ਸਮੇਤ ਸਾਰੇ ਸਾਂਝੇ ਹਿਤਾਂ ਨੂੰ ਲੈ ਕੇ ਆਪਸੀ ਸੰਪਰਕ 'ਚ ਹਨ। ਦੱਸਣਯੋਗ ਹੈ ਕਿ 2017 'ਚ ਡੋਕਲਾਮ ਦੇ ਇਲਾਕੇ 'ਚ ਚੀਨ ਨੇ ਸੜਕ ਬਣਾਉਣੀ ਸ਼ੁਰੂ ਕੀਤੀ ਸੀ ਜੋ ਕਿ ਭੂਟਾਨ ਦੇ ਦਾਅਵੇ ਮੁਤਾਬਿਕ ਉਸ ਦੀ ਸੀ। ਭਾਰਤ ਨੇ ਇਸ ਉਸਾਰੀ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਦੱਸਣਯੋਗ ਹੈ ਕਿ ਭੂਟਾਨ ਦੀ ਚੀਨ ਨਾਲ 400 ਕਿੱਲੋਮੀਟਰ ਲੰਬੀ ਸਰਹੱਦ ਹੈ ਅਤੇ ਦੋਵਾਂ ਦੇਸ਼ਾਂ ਦਰਮਿਆਨ 24 ਗੇੜਾਂ ਦੀ ਗੱਲਬਾਤ ਹੋ ਚੁੱਕੀ ਹੈ।




ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ



ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ
ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ

24ਵੇਂ ਮਹਾਨ ਨਗਰ ਕੀਰਤਨ

'ਤੇ ਸਮੂਹ ਸੰਗਤਾਂ ਨੂੰ ਨਗਰ ਕੀਰਤਨ
'ਚ ਪਹੁੰਚਣ ਦੀ ਬੇਨਤੀ

ਸ. ਰਵਿੰਦਰ ਸਿੰਘ ਧਾਲੀਵਾਲ
ਅਮਰੀਕਾ ਦੇ ਨੌਜਵਾਨ ਸਿੱਖ ਆਗੂ
ਪ੍ਰਧਾਨ : ਗੁਰਦੁਆਰਾ ਸਾਹਿਬ
ਸਟਾਕਟਨ ਕੈਲੀਫੋਰਨੀਆ




ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ

ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ

# 24ਵੇਂ ਮਹਾਨ ਨਗਰ ਕੀਰਤਨ

'ਤੇ ਸਮੂਹ ਸੰਗਤਾਂ ਨੂੰ ਨਗਰ ਕੀਰਤਨ 'ਚ ਪਹੁੰਚਣ ਦੀ ਬੇਨਤੀ

# VANCO TRUCK & AUTO PLAZA

TEL : 208-466-0833, FAX : 209-466-2740



# ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)

# ‘ਖਾਲਸਾਈ ਜਾਹੋ-ਜਲਾਲ’ ਦੇ ਪ੍ਰਤੀਕ ਹੋਲੇ ਮਹੱਲੇ ਨੂੰ ਸਮਰਪਿਤ 25ਵਾਂ ਨਗਰ ਕੀਰਤਨ ਲਵਿੰਗਸਟਨ ਵਿਖੇ ਸਜਾਇਆ












ਲਵਿੰਗਸਟਨ : ਗੁਰਦੁਆਰਾ ਸਾਹਿਬ ਲਵਿੰਗਸਟਨ ਵਿਖੇ ਬੀਤੇ ਦਿਨੀਂ ਖਾਲਸਾਈ ‘ਜਾਹੋ-ਜਲਾਲ’ ਦੇ ਪ੍ਰਤੀਕ ‘ਹੋਲੇ-ਮਹੱਲੇ’ ਨੂੰ ਸਮਰਪਿਤ 25ਵਾਂ ਨਗਰ ਕੀਰਤਨ ਸਜਾਇਆ ਗਿਆ। ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜ਼ਰੀ ਲਗਾਈ। ਪਿਛਲੇ ਦੋ ਹਫ਼ਤਿਆਂ ਤੋਂ ਚੱਲ ਰਹੇ ਸਮਾਗਮਾਂ ਦੀ ਸਮਾਪਤੀ ਐਤਵਾਰ ਨੂੰ ਕੀਤੀ ਗਈ। ਮਿਤੀ 24, 25 ਅਤੇ 26 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ-ਕੀਰਤਨ ਦੇ ਪ੍ਰਵਾਹ ਚੱਲੇ। ਐਤਵਾਰ ਸਵੇਰੇ 10 ਵਜੇ ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਕੀਰਤਨ ਦੀ ਆਰੰਭਤਾ ਕੀਤੀ ਗਈ ਜਿਸ ਵਿਚ ਹਜ਼ੂਰੀ ਰਾਗੀ ਭਾਈ ਕਰਮਜੀਤ ਸਿੰਘ ਖਡੂਰ ਵਾਲੇ, ਬੀਬੀ ਜਸਵਿੰਦਰ ਜੀ ਰਾਮਾਂ ਮੰਡੀ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਅਤੇ ਹੋਰ ਜਥਿਆਂ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਲਗਵਾਈ। 25 ਤਰੀਕ ਨੂੰ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿਚ ਸਾਰੀਆਂ ਸੰਗਤਾਂ ਨੇ ਇਕੱਤਰ ਹੋ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਬੱਚਿਆਂ ਵਲੋਂ ਰਹਿਰਾਸ ਜੀ ਦੇ ਪਾਠ ਉਪਰੰਤ ਬੱਚਿਆਂ ਵਲੋਂ ਕੀਰਤਨ ਗਾਇਨ ਕੀਤਾ ਗਿਆ। ਐਤਵਾਰ ਦੇ ਵਿਸ਼ੇਸ਼ ਸਮਾਗਮਾਂ ਵਿਚ ਭੋਗ ਪੈਣ ਉਪਰੰਤ ਦੀਵਾਨ ਸਜਾਏ ਗਏ ਅਤੇ ਜਥਿਆਂ ਦਾ ਸਨਮਾਨ ਵੀ ਕੀਤਾ ਗਿਆ। ਉਪਰੰਤ 11.30 ਵਜੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ, ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਜੀ ਦੀ ਸਵਾਰੀ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤੀ ਗਈ, ਸਾਰੇ ਨਗਰ ਵਿਚ ਸੰਗਤਾਂ ਵਲੋਂ ਗੁਰਬਾਣੀ ਕੀਰਤਨ ਗਾਇਨ ਕਰਦਿਆਂ ਵਾਪਸ ਗੁਰਦੁਆਰਾ ਸਾਹਿਬ ਵਿਖੇ ਪਹੁੰਚੀਆਂ। ਰਸਤੇ ਵਿਚ ਗੁਰਦੁਆਰਾ ਸਾਹਿਬ ਜੋ B ਸਟਰੀਟ ’ਤੇ ਹੈ, ਉਥੇ ਸੰਗਤਾਂ ਕੁਝ ਸਮੇਂ ਲਈ ਰੁਕੀਆਂ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦਾ ਪੰਜ-ਪਿਆਰਿਆਂ ਦਾ, ਗੁਰੂ ਸਾਹਿਬ ਜੀ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ। ਨਗਰ ਕੀਰਤਨ ਦੀ ਪ੍ਰਕਰਮਾ ਦੌਰਾਨ ਸਾਰੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਗਾਇਨ ਕੀਤਾ। ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਸੇਵਾਦਾਰਾਂ ਵਲੋਂ ਕਈ ਪ੍ਰਕਾਰ ਦੇ ਲੰਗਰ ਲਗਾਏ








# 'ਖਾਲਸਾਈ ਜਾਹੋ-ਜਲਾਲ' ਦੇ ਪ੍ਰਤੀਕ ਹੋਲੇ ਮਹੱਲੇ ਨੂੰ ਸਮਰਪਿਤ 25ਵਾਂ ਨਗਰ ਕੀਰਤਨ ਲਵਿੰਗਸਟਨ ਵਿਖੇ ਸਜਾਇਆ





















ਗਏ ਅਤੇ ਸੰਗਤਾਂ ਦੀ ਸੇਵਾ ਕੀਤੀ ਜਿਨ੍ਹਾਂ ਵਿਚ ਪਕੌੜੇ, ਛੋਲੇ-ਭਟੂਰੇ, ਗੰਨੇ ਦਾ ਰਸ, ਜੂਸ, ਮੱਕੀ ਦੀ ਰੋਟੀ ਅਤੇ ਸਾਗ, ਟਿੱਕੀਆਂ, ਬਰੀਟੋ, ਗੋਲ-ਗੱਲੇ ਅਤੇ ਹੋਰ ਕਈ ਤਰ੍ਹਾਂ ਦੇ ਲੰਗਰ ਦੇਖਣ ਨੂੰ ਮਿਲੇ। ਇਸ ਨਗਰ ਕੀਰਤਨ ਵਿਚ ਸਮੂਹ ਇਲਾਕੇ ਦੀਆਂ ਸੰਗਤਾਂ ਨੇ ਦੂਰੋਂ-ਦੂਰੋਂ ਆ ਕੇ ਹਾਜ਼ਰੀ ਭਰੀ, ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਸੇਵਾਦਾਰਾਂ, ਸੰਗਤਾਂ ਦਾ ਸਨਮਾਨ ਕੀਤਾ ਗਿਆ ਅਤੇ ਧੰਨਵਾਦ ਕੀਤਾ ਗਿਆ।
















# ਗੁਰਦੁਆਰਾ ਸਾਹਿਬ ਲਵਿੰਗਸਟਨ ਵਲੋਂ ਹੋਲੇ-ਮਹੱਲੇ ਨੂੰ ਸਮਰਪਿਤ 25ਵੇਂ ਨਗਰ ਕੀਰਤਨ ਦੀ ਸਰਬਤ ਸੰਗਤਾਂ ਨੂੰ ਲੱਖ-ਲੱਖ ਵਧਾਈ






ਗੁਰਦੁਆਰਾ ਸਾਹਿਬ ਲਵਿੰਗਸਟਨ (ਕੈਲੀਫੋਰਨੀਆ) ਵਲੋਂ ਹੋਲੇ-ਮਹੱਲੇ ਨੂੰ ਸਮਰਪਿਤ 25ਵੇਂ ਸਲਾਨਾ ਨਗਰ ਕੀਰਤਨ ਕੱਢਿਆ ਗਿਆ। ਸਲਾਨਾ ਨਗਰ ਕੀਰਤਨ ਮੌਕੇ ਸਮੂਹ ਸੰਗਤਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਗੁਰਦੁਆਰਾ ਸਾਹਿਬ ਵਿਖੇ ਪਹੁੰਚੀਆਂ ਸੰਗਤਾਂ ਲਈ LTA Bros. ਵਲੋਂ ਲੰਗਰ ਵਰਤਾਏ ਗਏ। ਤਸਵੀਰ ਵਿਚ ਹੈਰੀ ਭੰਗੂ, ਰਾਜਾ ਧਾਮੀ ਅਤੇ ਉਨ੍ਹਾਂ ਦਾ ਪਰਿਵਾਰ ਅਤੇ ਹੋਰ ਸੇਵਾਦਾਰ ਸੇਵਾ ਕਰਦੇ ਹੋਏ।

- ਵਲੋਂ -

# LTA Bros.

## Livingston, California

# ਗੁਰਦੁਆਰਾ ਸਾਹਿਬ ਲਵਿੰਗਸਟਨ ਵਲੋਂ ਹੋਲੇ-ਮਹੱਲੇ ਨੂੰ ਸਮਰਪਿਤ 25ਵੇਂ ਨਗਰ ਕੀਰਤਨ ਦੀ ਸਰਬਤ ਸੰਗਤਾਂ ਨੂੰ ਲੱਖ-ਲੱਖ ਵਧਾਈ












ਹੋਲੇ-ਮਹੱਲੇ ਦੇ ਪਾਵਨ ਦਿਹਾੜੇ ਨੂੰ ਸਮਰਪਿਤ 25ਵੇਂ ਸਲਾਨਾ ਨਗਰ ਕੀਰਤਨ ਗੁਰਦੁਆਰਾ ਸਾਹਿਬ ਲਵਿੰਗਸਟਨ ਵਲੋਂ ਬੀਤੇ ਐਤਵਾਰ ਨੂੰ ਸਜਾਇਆ ਗਿਆ। ਗੁਰੂ ਘਰ ਦੇ ਸੇਵਾਦਾਰ ਸ੍ਰ. ਤਰਲੋਚਨ ਸਿੰਘ ਬਡਵਾਲ ਅਤੇ ਸਮੂਹ ਪਰਿਵਾਰ ਜਿਨ੍ਹਾਂ ਨੇ ਤਾਜੇ ਗੰਨੇ ਦੇ ਰਸ ਨਾਲ ਸੰਗਤਾਂ ਦੀ ਸੇਵਾ ਕੀਤੀ।

ਵੱਲੋਂ : T.S. Truck & Trailer Repair

TS TRUCK&TRAILER INC.

7860 AZUSA AVE DOS PALOS,CA 93620

. Annual DOT Inspection , 90 Days BIT inspection
. Computer Diagnostics .Full break services
. Welding ,Fuel Delivery ,Hoses, Suspension
. Truck / trailer alignment ,Tire Repairs
. DPF Filter Cleaning, Air conditioning
biginvest2004@yahoo.com



ਤਰਲੋਚਨ ਸਿੰਘ ਬਡਵਾਲ

209-587-6064
209-509-9861

# ਪੰਥ ਤੇਰੇ ਦੀਆਂ ਗੂੰਜਾਂ ਦਿਨੋ-ਦਿਨ ਪੈਂਦੀਆਂ ਰਹਿਣਗੀਆਂ

## ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ 12ਵੇਂ ਨਗਰ ਕੀਰਤਨ 'ਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ, ਪਹੁੰਚੀਆਂ ਪੰਥ ਦੀਆਂ ਮਹਾਨ ਸ਼ਖਸੀਅਤਾਂ












### ਇਸ ਇਲਾਹੀ ਕੀਰਤਨ ਦੀਆਂ ਇਲਾਹੀ ਝਲਕੀਆਂ ਤਸਵੀਰਾਂ ਦੀ ਜੁਬਾਨੀ





ਟਰੇਸੀ/ਕੈਲੀਫੋਰਨੀਆ, (ਸਾਡੇ ਲੋਕ) : ਜਿਵੇਂ ਹੀ ਖਾਲਸੇ ਦਾ ਸਿਰਜਣਾ ਦਿਵਸ ਅਪ੍ਰੈਲ ਮਹੀਨਾ ਸ਼ੁਰੂ ਹੁੰਦਾ ਹੈ ਪੂਰੀ ਦੁਨੀਆ 'ਚ ਵਿਸਾਖੀ ਅਤੇ ਹੋਲੇ ਮਹੱਲੇ ਦੀਆਂ ਰੌਣਕਾਂ ਲੱਗ ਜਾਂਦੀਆਂ ਹਨ। ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ 'ਚ ਨਗਰ ਕੀਰਤਨ ਸ਼ੁਰੂ ਹੋ ਜਾਂਦੇ ਹਨ। ਇਸ ਸੰਦਰਭ 'ਚ ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ ਕੈਲੀਫੋਰਨੀਆ ਵਿਖੇ 12ਵਾਂ ਮਹਾਨ ਨਗਰ ਕੀਰਤਨ ਹੋਇਆ ਜਿਸ ਵਿਚ ਅਣਗਿਣਤ ਸੰਗਤਾਂ ਦਾ ਸਮੁੰਦਰ ਵਹਿ ਰਿਹਾ ਸੀ। ਪੰਥ ਦੀਆਂ ਮਹਾਨ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ ਜਿਨ੍ਹਾਂ ਵਿਚ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ 16ਵੇਂ ਮੁਖੀ ਦਮਦਮੀ ਟਕਸਾਲ, ਪੰਥ ਦੇ ਮਹਾਨ ਕੀਰਤਨੀਏ ਭਾਈ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਸਿੱਖ ਸਕਾਲਰਰ ਇਤਿਹਾਸਕਾਰ ਪੰਥ ਦੇ ਸਿਰਮੌਰ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ, ਦਰਬਾਰ ਸਾਹਿਬ, ਭਾਈ ਲਖਵਿੰਦਰ ਸਿੰਘ ਸੋਹਲ ਢਾਡੀ, ਭਾਈ ਸਿਰੀਪਾਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਜਿੰਦਰ ਸਿੰਘ ਜੀ ਦਮਦਮੀ ਟਕਸਾਲ, ਗਿ. ਦਿਲਬਾਗ ਸਿੰਘ ਜੀ ਦਮਦਮੀ ਟਕਸਾਲ, ਭਾਈ ਕੁਲਦੀਪ ਸਿੰਘ ਜੀ ਦਮਦਮੀ ਟਕਸਾਲ। ਇਸ ਸਮੇਂ ਵੱਖ-ਵੱਖ ਗੁਰੂ ਕੇ ਲੰਗਰਾਂ ਦੀ ਸੇਵਾ ਹੋ ਰਹੀ ਸੀ। ਵੱਡਾ ਬਜ਼ਾਰ ਲੱਗਿਆ ਹੋਇਆ ਸੀ। ਵੱਡੀ ਤਾਦਾਦ 'ਚ ਖਰੀਦੋ-ਫਰੋਖਤ ਹੋ ਰਹੀ ਸੀ। ਇਕ ਪਾਸੇ ਖੇਡਾਂ ਚੱਲ ਰਹੀਆਂ ਸਨ। ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਦੀਪ ਸਿੰਘ, ਪੰਥਕ ਸ਼ਖਸੀਅਤ ਬਾਬਾ ਧਰਮ ਸਿੰਘ ਅਤੇ ਹੋਰ ਸਿੱਖ ਆਗੂਆਂ ਨੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ। ਇਹ ਨਗਰ ਕੀਰਤਨ ਵਾਕਿਆ ਹੀ ਇਕ ਇਤਿਹਾਸਕ ਅਤੇ ਯਾਦਗਾਰੀ ਹੋ ਨਿਬੜਿਆ।












# ਪੰਥ ਤੇਰੇ ਦੀਆਂ ਗੂੰਜਾਂ ਦਿਨੋ-ਦਿਨ ਪੈਂਦੀਆਂ ਰਹਿਣਗੀਆਂ

## ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ 12ਵੇਂ ਨਗਰ ਕੀਰਤਨ 'ਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ, ਪਹੁੰਚੀਆਂ ਪੰਥ ਦੀਆਂ ਮਹਾਨ ਸ਼ਖਸੀਅਤਾਂ



ਇਸ ਇਲਾਹੀ ਕੀਰਤਨ ਦੀਆਂ ਇਲਾਹੀ ਝਲਕੀਆਂ ਤਸਵੀਰਾਂ ਦੀ ਜੁਬਾਨੀ



ਪੰਥ ਤੇਰੇ ਦੀਆਂ ਗੂੰਜਾਂ ਦਿਨੋ-ਦਿਨ ਪੈਂਦੀਆਂ ਰਹਿਣਗੀਆਂ

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ 12ਵੇਂ ਨਗਰ ਕੀਰਤਨ 'ਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ, ਪਹੁੰਚੀਆਂ ਪੰਥ ਦੀਆਂ ਮਹਾਨ ਸ਼ਖਸੀਅਤਾਂ



















### ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਬੋਇਲ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਸ੍ਰ. ਅਵਤਾਰ ਸਿੰਘ ਬੋਇਲ ਨਹੀਂ ਰਹੇ



ਸਵ. ਸ੍ਰ. ਅਵਤਾਰ ਸਿੰਘ ਬੋਇਲ

ਬੋਇਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਸਤਿਕਾਰਯੋਗ ਅਵਤਾਰ ਸਿੰਘ ਬੋਇਲ ਜੋ ਕਿ 1 ਅਪ੍ਰੈਲ 2023 ਦਿਨ ਐਤਵਾਰ ਨੂੰ ਅਕਾਲ ਚਲਾਣਾ ਕਰ ਗਏ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਸ੍ਰ. ਅਵਤਾਰ ਸਿੰਘ ਜੀ ਬੋਇਲ ਇੱਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਸਰਦਾਰ ਸ੍ਰ. ਅਵਤਾਰ ਸਿੰਘ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ

**Dads Funeral**

4/15/23 SATURDAY 11:00AM TO 1:00PM
4800 E CLAYTON AVE
FOWLER, CA 93625
SHANT BHAVAN

**ਭੋਗ ਤੇ ਅੰਤਿਮ ਅਰਦਾਸ**

AT GURDWARA GUR NANAK PARKASH
4250 E LINCOLN AVE. FRESNO, CA 93725

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਅਮਰਜੀਤ ਸਿੰਘ (510) 827-6231, (559) 860-8611**

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥


# ਐਕੂਪਰੈਸ਼ਰ ਸਪੈਸ਼ਲਿਸਟ ਸਰਦਾਰ ਭੁਪਿੰਦਰ ਸਿੰਘ ਵਲੋਂ ਟਰੇਸੀ ਕੈਲੀਫੋਰਨੀਆ ਨਗਰ ਕੀਰਤਨ 'ਚ ਸੰਗਤਾਂ ਦੀ ਐਕੂਪ੍ਰੈਸ਼ਰ ਨਾਲ ਸੇਵਾ

## ਬਿਨਾ ਦਵਾਈ ਦੇ ਐਕੂਪ੍ਰੈਸ਼ਰ ਇੱਕ ਚਮਤਕਾਰੀ ਇਲਾਜ



ਟਰੇਸੀ ਕੈਲੀਫੋਰਨੀਆ : ਐਕੂਪਰੈਸ਼ਰ ਸਪੈਸ਼ਲਿਸਟ ਭੁਪਿੰਦਰ ਸਿੰਘ ਵਲੋਂ ਟਰੇਸੀ ਕੈਲੀਫੋਰਨੀਆ ਵਲੋਂ ਗੁਰਦੁਆਰਾ ਸਾਹਿਬ ਗੁਰੂ ਨਾਨਾਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ 12ਵੇਂ ਨਗਰ ਕੀਰਤਨ ਨੂੰ ਸਮਰਪਿਤ ਹੁੰਦੇ ਹੋਏ ਐਕੂਪ੍ਰੈਸ਼ਰ ਕੈਂਪ ਲਗਾਇਆ ਗਿਆ। ਜਿਥੇ ਸਵੇਰੇ ਤੋਂ ਲੈ ਕੇ ਸੈਂਕੜੇ ਮਰੀਜ਼ਾਂ ਦੀਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਬੜੇ ਚਮਤਕਾਰੀ ਤਰੀਕੇ ਨਾਲ ਕੀਤਾ ਗਿਆ। ਸੰਗਤ ਨੂੰ ਫਰੀ ਐਕੂਪ੍ਰੈਸ਼ਰ ਮੈਗਨਟਸ ਅਤੇ ਐਕੂਪ੍ਰੈਸ਼ਰ ਰਿੰਗ ਵੀ ਵੰਡੇ ਗਏ। ਮਰੀਜ 10 ਮਿੰਟ ਦੀ ਟਰੀਟਮੈਂਟ ਤੋਂ ਬਾਅਦ ਆਪ ਮੁਹਾਰੇ ਕਹਿੰਦੇ ਸਨ ਕਿ ਚਿਰਾਂ ਤੋਂ ਦਵਾਈ ਖਾ ਰਹੇ ਸੀ ਪਰ ਅਰਾਮ ਨਹੀਂ ਆ ਰਿਹਾ ਸੀ। ਅੱਜ ਐਕੂਪ੍ਰੈਸ਼ਰ ਨਾਲ ਅਰਾਮ ਆ ਗਿਆ ਹੈ। ਸੰਗਤਾਂ ਜਿਥੇ ਇਲਾਹੀ ਗੁਰੂ ਦੇ ਦਰਸ਼ਨ ਕਰ ਰਹੇ ਸਨ, ਉਥੇ ਦੁਅਵਾਂ ਦੇ ਰਹੇ ਸਨ। 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆ ਐਕੂਪ੍ਰੈਸ਼ਰ ਸਪੈਸ਼ਲਿਸਟ ਭੁਪਿੰਦਰ ਸਿੰਘ ਨੇ ਕਿਹਾ ਕਿ ਜਦੋਂ ਕਿਸੇ ਨੂੰ ਦੁੱਖ ਦਰਦ ਤੋਂ ਅਰਾਮ ਆਉਂਦਾ ਹੈ ਤਾਂ ਇਸ ਤੋਂ ਵੱਡੀ ਮਨ ਨੂੰ ਕੋਈ ਸ਼ਾਂਤੀ ਨਹੀਂ ਮਿਲਦੀ। ਉਨ੍ਹਾਂ ਗੁਰੂ ਸਾਹਿਬ ਅਤੇ ਸੰਗਤਾ ਦਾ ਧੰਨਵਾਧ ਕੀਤਾ ਅਤੇ ਨਗਰ ਕੀਰਤਨ ਦੀਆ ਵਧਾਈਆ ਦਿੱਤੀਆ
















# ਐਕਯੂਪ੍ਰੈਸ਼ਰ ਦੇ ਚਮਤਕਾਰ

ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ-ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:-



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ-ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards

# ਹੋਮਿਓਪੈਥੀ ਦੇ ਚਮਤਕਾਰ

ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

**ਸਿੰਘ ਹੋਮਿਓਪੈਥੀ: Ph : 209 -505-1988**

Call Only 9am to 6pm

We Accept All major Credit Cards

*Homeopathy Medicine Not FDA Approved*

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਸ਼ੁਰੂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਛੇਵੇਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ 200 ਸਾਲਾ ਸ਼ਹੀਦੀ ਦਿਹਾੜੇ ਅਤੇ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ 300 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ 'ਦਿੱਲੀ ਫਤਿਹ ਦਿਵਸ' ਲਈ 'ਮਹਾਨ ਨਗਰ ਕੀਰਤਨ' ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ। ਇਹ ਨਗਰ ਕੀਰਤਨ ਵੱਖ ਵੱਖ ਸ਼ਹਿਰਾਂ ਰਾਹੀਂ ਹੁੰਦਾ ਹੋਇਆ ਜੀ. ਟੀ. ਰੋਡ ਰਾਹੀਂ ਰਾਤ ਨੂੰ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਿਖੇ ਪਹੁੰਚੇਗਾ, ਜਿੱਥੇ ਰਾਤ ਵਿਸ਼ਰਾਮ ਕੀਤਾ ਜਾਏਗਾ।












APCA is excited to announce its

# 9TH ANNUAL BUYER'S TRADE SHOW IN MODESTO

on Thursday, April 27th, 2023
From 12:30pm to 5:30pm
at Modesto Centre Plaza 1010, L Street, Modesto, CA 95354

**FREE ADMISSION**

*Special Vendor Deals + New Items*

- 90+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

10 YEARS ANNIVERSARY

## APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

**April 27th, From 12:30pm to 5:30pm**
**at Modesto Centre Plaza 1010, L Street, Modesto, CA 95354**

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

# ੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## 27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ

**ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ ੯ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।



Copyright @ Punjab Mail USA

Host

Jot Ranjit Kaur

*Live Performance*

## Malkit Singh

*Venue:*
*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

FOR FREE TICKET POLICY & PRICING INFORMATION

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS: $50 Each

Grand sponsor

Dosanjh Family AUTO GROUP

Media Partners

PUNJAB MAIL USA TV Channel · Radio Punjab · Prime ASIA · ਸਾਂਝੀ ਸੋਚ · ਸਾਡੇ ਲੋਕ · PTC PUNJABI

For More Information

| | | | |
|---|---|---|---|
| PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006 |
| JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023 |

# ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ 12ਵੇਂ ਨਗਰ ਕੀਰਤਨ ਦੀ ਸਮੂਹ ਲੁਕਾਈ ਨੂੰ ਲੱਖ-ਲੱਖ ਵਧਾਈ



ਗੁਰੂਘਰ ਕੇ ਨਿਸ਼ਕਾਮ ਸੇਵਕ ਅਤੇ ਪੰਥ ਦਾ ਦਾਸ

**ਸਮੂਹ ਬਾਸੀ ਪ੍ਰਵਾਰ**

Bahadur Singh Bassi, Loverdeep Singh Bassi, Kulwant Singh Madahar, Ajit Singh Madahar, Aman Sidhu, SP Balvir Singh Bisla, Jaswinder Bisla, Karan Bisla, Inder Bisla, Baljinder Singh Uppal, Jarnail singh, Nirmal Singh, Kanwardeep kailey and Lathrop Sewa kamaitee





# ਵਿਰੋਧੀ ਪਾਰਟੀਆਂ ਵੱਲੋਂ ਦਾਇਰ ਪਟੀਸ਼ਨ ’ਤੇ ਸੁਪਰੀਮ ਕੋਰਟ ਵੱਲੋਂ ਸੁਣਵਾਈ ਤੋਂ ਇਨਕਾਰ

## *ਕੇਂਦਰੀ ਏਜੰਸੀਆਂ ਦੀ ਆਪਹੁਦਰੇ ਢੰਗ ਨਾਲ ਵਰਤੋਂ ਦਾ ਦੋਸ਼*

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਾਂਗਰਸ ਦੀ ਅਗਵਾਈ ਵਾਲੀ 14 ਸਿਆਸੀ ਪਾਰਟੀਆਂ ਦੀ ਉਸ ਅਪੀਲ ’ਤੇ ਅੱਜ ਸੁਣਵਾਈ ਤੋਂ ਨਾਂਹ ਕਰ ਦਿੱਤੀ, ਜਿਸ ਵਿੱਚ ਵਿਰੋਧੀ ਧਿਰਾਂ ਦੇ ਆਗੂਆਂ ਖਿਲਾਫ਼ ਕੇਂਦਰੀ ਜਾਂਚ ਏਜੰਸੀਆਂ ਦੀ ਕਥਿਤ ਆਪਹੁਦਰੇ ਢੰਗ ਨਾਲ ਵਰਤੋਂ ਕੀਤੇ ਜਾਣ ਦਾ ਦੋਸ਼ ਲਗਾਇਆ ਗਿਆ ਸੀ। ਸਿਖਰਲੀ ਕੋਰਟ ਨੇ ਜ਼ੋਰ ਦੇ ਕੇ ਆਖਿਆ ਕਿ ਬਿਨਾਂ ਤੱਥਾਂ ਦੇ ਫੌਜਦਾਰੀ ਕੇਸ ਲਈ ਦਿਸ਼ਾ-ਨਿਰਦੇਸ਼ ਨਿਰਧਾਰਿਤ ਕੀਤੇ ਜਾਣਾ ‘ਖ਼ਤਰਨਾਕ’ ਹੋਵੇਗਾ।

ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ ਤੇ ਜਸਟਿਸ ਜੇ.ਬੀ.ਪਾਰਦੀਵਾਲਾ ਦੇ ਬੈਂਚ ਨੇ ਪਟੀਸ਼ਨ ’ਤੇ ਸੁਣਵਾਈ ਲਈ ਸੰਕੋਚ ਜਤਾਉਂਦਿਆਂ ਕਿਹਾ ਕਿ ਅਦਾਲਤਾਂ ਸਿਆਸੀ ਆਗੂਆਂ ਦੀਆਂ ਸ਼ਿਕਾਇਤਾਂ ਸੁਣਨ ਲਈ ਹਮੇਸ਼ਾਂ ਮੌਜੂਦ ਰਹਿੰਦੀਆਂ ਹਨ, ਜਿਵੇਂ ਕਿ ਉਹ ਆਮ ਨਾਗਰਿਕਾਂ ਦੇ ਮਾਮਲੇ ਵਿੱਚ ਰਹਿੰਦੀ ਹੈ। ਬੈਂਚ ਨੇ ਕਿਹਾ, “ਸਿਆਸੀ ਆਗੂਆਂ ਨੂੰ ਆਮ ਨਾਗਰਿਕਾਂ ਨਾਲੋਂ ਵੱਧ ਛੋਟ ਨਹੀਂ ਮਿਲ ਸਕਦੀ... ਇੱਕ ਵਾਰ ਜਦੋਂ ਅਸੀਂ ਇਹ ਸਵੀਕਾਰ ਕਰ ਲੈਂਦੇ ਹਾਂ ਕਿ ਸਿਆਸੀ ਆਗੂ ਵੀ ਆਮ ਨਾਗਰਿਕਾਂ ਦੇ ਬਰਾਬਰ ਹਨ ਤੇ ਇਨ੍ਹਾਂ ਨੂੰ ਕੋਈ ਵਾਧੂ ਛੋਟ ਹਾਸਲ ਨਹੀਂ ਹੈ, ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਉਦੋਂ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋ ਸਕਦੀ ਜਦੋਂ ਤੱਕ ਤਿੰਨ ਮਾਪਦੰਡਾਂ ’ਤੇ ਅਧਾਰਿਤ ਜਾਂਚ ਤੋਂ ਤਸੱਲੀ ਨਹੀਂ ਹੋ ਜਾਂਦੀ।” ਪਟੀਸ਼ਨ ’ਤੇ ਗੌਰ ਕਰਨ ਵਿੱਚ ਸਿਖਰਲੀ ਅਦਾਲਤ ਦੇ ਸੰਕੋਚ ਨੂੰ ਸਮਝਦਿਆਂ ਸਿਆਸੀ ਪਾਰਟੀਆਂ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਪਟੀਸ਼ਨ ਵਾਪਸ ਲੈਣ ਦੀ ਪ੍ਰਵਾਨਗੀ ਮੰਗੀ,



ਜਿਸ ਨੂੰ ਕੋਰਟ ਨੇ ਮਨਜ਼ੂਰੀ ਦੇ ਦਿੱਤੀ। ਬੈਂਚ ਨੇ ਹੁਕਮ ਦਿੱਤਾ, “ਵਕੀਲ ਇਸ ਪੜਾਅ ’ਤੇ ਪਟੀਸ਼ਨ ਵਾਪਸ ਲੈਣ ਦੀ ਇਜ਼ਾਜਤ ਮੰਗ ਰਿਹਾ ਹੈ। ਲਿਹਾਜ਼ਾ ਪਟੀਸ਼ਨ ਨੂੰ ਵਾਪਸ ਲਈ ਗਈ ਮੰਨ ਕੇ ਖਾਰਜ ਕੀਤਾ ਜਾਂਦਾ ਹੈ।” ਬੈਂਚ ਨੇ ਕਿਹਾ, “ਮਿਹਰਬਾਨੀ ਕਰਕੇ ਤੁਸੀਂ ਸਾਡੇ ਕੋਲ ਉਦੋਂ ਆਇਓ ਜਦੋਂ ਤੁਹਾਡੇ ਕੋਲ ਕੋਈ ਵਿਅਕਤੀਗਤ ਅਪਰਾਧਿਕ ਮਾਮਲਾ ਜਾਂ ਮਾਮਲੇ ਹੋਣ। ਬਿਨਾਂ ਤੱਥਾਂ ਦੇ ਫੌਜਦਾਰੀ ਕੇਸ ਲਈ ਦਿਸ਼ਾ-ਨਿਰਦੇਸ਼ ਨਿਰਧਾਰਿਤ ਕੀਤੇ ਜਾਣਾ ‘ਖ਼ਤਰਨਾਕ’ ਹੋਵੇਗਾ।” ਸ਼ੁਰੂਆਤ ਵਿੱਚ ਸਿੰਘਵੀ ਨੇ ਕੁਝ ਅੰਕੜਿਆਂ ਦੇ ਹਵਾਲੇ ਨਾਲ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂਆਂ ਨੂੰ 2014 ਤੋਂ 2022 ਤੱਕ ਸੰਘੀ ਜਾਂਚ ਏਜੰਸੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ ਤੇ ਸੀਬੀਆਈ ਤੇ ਈਡੀ ਦੇ ਕੇਸਾਂ ਵਿੱਚ 600 ਫੀਸਦ ਦਾ ਇਜ਼ਾਫ਼ਾ ਹੋਇਆ ਹੈ। ਉਨ੍ਹਾਂ ਦਾਅਵਾ ਕੀਤਾ, “2014 ਤੇ 2002 ਦਰਮਿਆਨ ਈਡੀ ਵੱਲੋਂ 121 ਆਗੂਆਂ ਖਿਲਾਫ਼ ਜਾਂਚ ਕੀਤੀ ਗਈ ਹੈ, ਜਿਨ੍ਹਾਂ ਵਿਚੋਂ 95 ਫੀਸਦ ਵਿਰੋਧੀ ਪਾਰਟੀਆਂ ’ਚੋਂ ਹਨ।” ਨਰਿੰਦਰ ਮੋਦੀ ਸਰਕਾਰ ਪਹਿਲੀ ਵਾਰ ਮਈ 2014 ਵਿੱਚ ਸੱਤਾ ’ਚ ਆਈ ਸੀ। ਸਿੰਘਵੀ ਨੇ ਦਾਅਵਾ ਕੀਤਾ ਕਿ ਸੀਬੀਆਈ ਨੇ 124 ਸਿਆਸੀ ਆਗੂਆਂ ਦੀ ਜਾਂਚ ਕੀਤੀ ਹੈ ਤੇ ਇਨ੍ਹਾਂ ਵਿਚੋਂ 108 ਵਿਰੋਧੀ ਸਿਆਸੀ ਪਾਰਟੀਆਂ ਦੇ ਹਨ।

ਬੈਂਚ ਨੇ ਕਿਹਾ ਕਿ ਇਥੋਂ ਤੱਕ ਕਿ ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਮੀਡੀਆ ਕੋਲ ਵੱਧ ਤਾਕਤਾਂ ਨਹੀ ਹਨ ਤੇ ‘ਸਿਆਸੀ ਵਿਅਕਤੀ ਵੀ ਨਾਗਰਿਕ ਹਨ ਤੇ ਇਕ ਨਾਗਰਿਕ ਵਜੋਂ ਉਹ ਵੀ ਬਰਾਬਰ ਦੇ ਨੇਮਾਂ ਅਧੀਨ ਹਨ।” ਸੀਨੀਅਰ ਵਕੀਲ ਨੇ ਕਿਹਾ ਕਿ ਉਹ ਕਿਸੇ ਵਿਸ਼ੇਸ਼ ਮਾਮਲੇ ਵਿੱਚ ਕਿਸੇ ਵਿਸ਼ੇਸ਼ ਰਾਹਤ ਦੀ ਅਪੀਲ ਨਹੀਂ ਕਰ ਰਹੇ ਹਨ ਤੇ ਦੇਸ਼ ਵਿੱਚ 42 ਫੀਸਦ ਵੋਟਰਾਂ ਦਾ ਪ੍ਰਤੀਨਿਧ ਕਰਨ ਵਾਲੀਆਂ ਪਾਰਟੀਆਂ ਕੇਂਦਰੀ ਜਾਂਚ ਏਜੰਸੀ ਵੱਲੋਂ ਗ੍ਰਿਫਤਾਰੀ ਤੋਂ ਪਹਿਲਾਂ ਤੇ ਬਾਅਦ ਦੇ ਅਮਲ ਦੇ ਸੰਭਾਵੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਚਾਹੁੰਦੀਆਂ ਹਨ। ਇਸ ਤੋਂ ਪਹਿਲਾਂ ਸਿੰਘਵੀ ਵੱਲੋਂ 24 ਮਾਰਚ ਨੂੰ ਫੌਰੀ ਸੁਣਵਾਈ ਲਈ ਸਾਂਝੀ ਅਪੀਲ ਰੱਖੀ ਗਈ ਸੀ। ਸੰਘੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਖਿਲਾਫ਼ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕਰਨ ਵਾਲੀਆਂ ਹੋਰਨਾਂ ਪਾਰਟੀਆਂ ਵਿੱਚ ਕਾਂਗਰਸ ਤੋਂ ਇਲਾਵਾ ਡੀਐੱਮਕੇ, ਆਰਜੇਡੀ, ਭਾਰਤੀ ਰਾਸ਼ਟਰ ਸਮਿਤੀ, ਟੀਐੱਮਸੀ, ਆਪ, ਐੱਨਸੀਪੀ, ਸ਼ਿਵ ਸੈਨਾ (ਯੂਬੀਟੀ), ਜੇਐੱਮਐੱਮ, ਜੇਡੀਯੂ, ਸੀਪੀਐੱਮ, ਸੀਪੀਆਈ, ਸਮਾਜਵਾਦੀ ਪਾਰਟੀ ਤੇ ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ ਸ਼ਾਮਲ ਸਨ।

ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਕੇਂਦਰੀ ਜਾਂਚ ਏਜੰਸੀਆਂ ਦੀ ਕਥਿਤ ‘ਦੁਰਵਰਤੋਂ’ ਦੇ ਦੋਸ਼ਾਂ ਲਈ ਵਿਰੋਧੀ ਧਿਰਾਂ ਨੂੰ ਘੇਰਦਿਆਂ ਅੱਜ ਕਿਹਾ ਕਿ ਭ੍ਰਿਸ਼ਟਾਚਾਰ ਵਿੱਚ ਗਲਤਾਨ ਲੋਕਾਂ ਨੇ ਹੱਥ ਮਿਲਾਉਣ ਦੀ ਕੋਸ਼ਿਸ਼ ਕੀਤੀ, ਪਰ ਕੋਰਟ ਵਿੱਚ ਉਨ੍ਹਾਂ ਦੀ ਸੱਚਾਈ ਜੱਗ ਜ਼ਾਹਿਰ ਹੋ ਗਈ। ਸੂਚਨਾ ਤੇ ਪ੍ਰਸਾਰਣ ਮੰਤਰੀ ਨੇ ਪੱਤਰਕਾਰਾਂ ਨੂੰ ਦੱਸਿਆ, “ਸਾਰੇ ਭ੍ਰਿਸ਼ਟ ਵਿਅਕਤੀਆਂ ਨੇ ਇਕ ਮੰਚ ’ਤੇ ਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਤੋਂ ਪਰਦਾ ਚੁੱਕਿਆ ਗਿਆ ਹੈ ਤੇ ਹੁਣ ਕੋਰਟ ਵਿੱਚ ਸੱਚਾਈ ਸਾਹਮਣੇ ਆ ਗਈ ਹੈ।” ਠਾਕੁਰ ਨੇ ਦਾਅਵਾ ਕੀਤਾ ਕਿ ਕਾਂਗਰਸ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ’ਚ ਖੁ?ਦ ਮੋਹਰੀ ਰਹੀ ਹੈ ਤੇ ਭ੍ਰਿਸ਼ਟਾਚਾਰ ’ਚ ਸ਼ਾਮਲ ਲੋਕਾਂ ਵਿਚੋਂ ਇਕ ਹੈ। ਸੀਨੀਅਰ ਭਾਜਪਾ ਆਗੂ ਨੇ ਕਿਹਾ, “ਇਹ ਮੰਦਭਾਗਾ ਹੈ ਕਿ ਜਾਂਚ ਵਿੱਚ ਸ਼ਾਮਲ ਹੋਣ ਦੀ ਥਾਂ ਉਹ ਬਹਾਨੇ ਘੜ ਰਹੀ ਹੈ ਤੇ ਮਸਲੇ ਨੂੰ ਲਮਕਾ ਰਹੀ ਹੈ।

## ‘ਪ੍ਰਧਾਨ ਮੰਤਰੀ ਖ਼ਿਲਾਫ਼ ਇਕਜੁੱਟ ਹੋਏ ‘ਭ੍ਰਿਸ਼ਟ’ ਆਗੂਆਂ ਨੂੰ ਸ਼ੀਸ਼ਾ ਦਿਖਾਇਆ’

ਨਵੀਂ ਦਿੱਲੀ: ਸੁਪਰੀਮ ਕੋਰਟ ਵੱਲੋਂ 14 ਪਾਰਟੀਆਂ ਦੀ ਇਕ ਅਰਜ਼ੀ ’ਤੇ ਸੁਣਵਾਈ ਕਰਨ ਤੋਂ ਨਾਂਹ ਕੀਤੇ ਜਾਣ ਤੋਂ ਬਾਅਦ ਅੱਜ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੇ ਕਿਹਾ ਕਿ ਅਦਾਲਤ ਨੇ ਇਨ੍ਹਾਂ ਵਿਰੋਧੀ ਪਾਰਟੀਆਂ ਨੂੰ ਸ਼ੀਸ਼ਾ ਦਿਖਾਇਆ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਪਾਰਟੀਆਂ ਨੇ ਸਿਖ਼ਰਲੀ ਅਦਾਲਤ ’ਚ ਇਕ ਅਰਜ਼ੀ ਦਾਇਰ ਕਰ ਕੇ ਦੋਸ਼ ਲਾਇਆ ਸੀ ਕਿ ਸਰਕਾਰ ਜਾਂਚ ਏਜੰਸੀਆਂ ਦਾ ਇਸਤੇਮਾਲ ਉਨ੍ਹਾਂ ਦੇ ਆਗੂਆਂ ਖ਼ਿਲਾਫ਼ ਕਰ ਰਹੀ ਹੈ। ਸੱਤਾਧਾਰੀ ਪਾਰਟੀ ਨੇ ਕਿਹਾ ਕਿ ਸਿਖ਼ਰਲੀ ਅਦਾਲਤ ਨੇ ਆਪਣੇ ਪਵਿੱਤਰ ਫ਼ੈਸਲੇ ਨਾਲ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ’ਤੇ ਮੋਹਰ ਲਗਾ ਦਿੱਤੀ ਹੈ। ਇਕ ਟਵੀਟ ਵਿੱਚ ਸ੍ਰੀ ਨੱਢਾ ਨੇ ਕਿਹਾ, “ਵਿਰੋਧੀ ਧਿਰ ਦੀ ਆਜ਼ਾਦ ਜਾਂਚ ਏਜੰਸੀਆਂ ਖ਼ਿਲਾਫ਼ ਦੋਸ਼ ਲਾਉਣ ਦੀ ਆਦਤ ਹੈ। ਸਮੁੱਚਾ ਦੇਸ਼ ਵਿਰੋਧੀ ਧਿਰ ਦੇ ਆਗੂਆਂ ਦੀਆਂ ਕਾਰਵਾਈਆਂ ਦੇਖ ਰਿਹਾ ਹੈ।”

# ਵਿਦਿਆ ਵੀਚਾਰੀ ਤਾਂ ਪਰਉਪਕਾਰੀ






ਗੁਰਬਾਣੀ ਦੇ ਇਲਾਹੀ ਫਰਮਾਨ ਮੁਤਾਬਿਕ ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥ ਕਮਿਊਨਟੀ ਦੇ ਨਿਸ਼ਕਾਨ ਸੇਵਕ ਅਤੇ ਸੰਤਾਂ ਮਹਾਪੁਰਖਾਂ ਦੀ ਚਰਨ ਛੋਹ ਪ੍ਰਾਪਤ ਗੁਰੂ ਦੇ ਸੇਵਾਦਾਰ ਭਾਈ ਸਾਹਿਬ ਭਾਈ ਰਜਿੰਦਰਪਾਲ ਸਿੰਘ ਅਤੇ ਭਾਈ ਸਾਹਿਬ ਭਾਈ ਰਾਜਬੀਰ ਸਿੰਘ ਜੀ ਹਮੇਸ਼ਾ ਹਰ ਨਗਰ ਕੀਰਤਨ ਵਿੱਚ ਅਤੇ ਹਰ ਗੁਰੂਘਰ ਵਿੱਚ ਆਪਣਾ ਕੀਮਤੀ ਸਮਾਂ ਸਿੱਖ ਇਤਿਹਾਸ ਨਾਲ ਅਤੇ ਪੰਜਾਬੀ ਸਭਿਆਚਾਰ ਸਬੰਧੀ ਕਿਤਾਬਾਂ ਦੀ ਸੇਵਾ ਕਰਦੇ ਹਨ ਜਿਸਨੇ ਆਪਣੀ ਮਰਜ਼ੀ ਨਾਲ ਸੇਵਾ ਕਰਨੀ ਕਰ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਆਸਾ ਰਾਗ ਵਿੱਚ ਫੁਰਮਾਉਂਦੇ ਹਨ

"ਵਿਦਿਆ ਵੀਚਾਰੀ ਤਾਂ; ਪਰਉਪਕਾਰੀ ਸੰਤਾ ਮਹਾਮੁਰਖ ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੀ ਬਖਸਿਸ਼ ਸਦਕਾ ਕਦੇ ਵੀ ਕਿਤਾਬਾਂ ਦੀ ਕਮੀ ਨਹੀਂ ਆਈ। ਗੁਰਦੁਆਰਾ ਸਾਹਿਬ ਗੁਰੂ ਨਾਨਾਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ 12ਵੇਂ ਨਗਰ ਕੀਰਤਨ ਨੂੰ ਸਮਰਪਿਤ ਕਿਤਾਬਾਂ ਦੇ ਸਟਾਲ ਉਪਰ ਨਿਸ਼ਕਾਮ ਸੇਵਾ ਕਰਦੇ ਹੋਏ।

ਹੋਰ ਜਾਣਕਾਰੀ ਜਾ ਕਿਸੇ ਕਿਤਾਬ ਲਈ ਸਪੰਰਕ ਕਰੋ

**ਭਾਈ ਰਜਿੰਦਰਪਾਲ ਸਿੰਘ (209) 456-6813**  **ਭਾਈ ਰਾਜਬੀਰ ਸਿੰਘ (408) 960-3200**

# ਵਿਦਿਅਕ ਸੰਸਥਾਵਾਂ ਦਾ ਘਾਟਾ ਪੂਰਨ ਦੇ ਰੌਅ 'ਚ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੀਆਂ ਵਿਦਿਅਕ ਸੰਸਥਾਵਾਂ ਪਿਛਲੇ ਕੁੱਝ ਸਮੇਂ ਤੋਂ ਘਾਟੇ ਵਿੱਚ ਚੱਲ ਰਹੀਆਂ ਹਨ। ਨਵੇਂ ਵਿੱਤੀ ਵਰ੍ਹੇ 2023-24 ਵਿੱਚ ਵਿਦਿਅਕ ਸੰਸਥਾਵਾਂ ਦਾ ਘਾਟਾ ਲਗਪਗ ਤੀਹ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਵਿਦਿਅਕ ਸੰਸਥਾਵਾਂ ਦਾ ਘਾਟਾ ਪੂਰਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਬਜਟ ਵਿੱਚ ਲਗਪਗ 30 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਸ਼ ?ਰੋਮਣੀ ਕਮੇਟੀ ਵੱਲੋਂ ਇਸ ਸਾਲ ਲਈ ਲਗਪਗ 1138 ਕਰੋੜ ਰੁਪਏ ਦਾ ਬਜਟ ਪਾਸ ਕੀਤਾ ਗਿਆ ਹੈ, ਜੋ ਕਿ ਲਗਪਗ 32 ਕਰੋੜ ਰੁਪਏ ਦੇ ਘਾਟੇ ਵਾਲਾ ਬਜਟ ਹੈ। ਇਸ ਘਾਟੇ ਵਿੱਚ ਲਗਪਗ 30 ਕਰੋੜ ਰੁਪਏ ਦਾ ਸਭ ਤੋਂ ਵੱਧ ਅਤੇ ਵੱਡਾ ਘਾਟਾ ਵਿਦਿਅਕ ਸੰਸਥਾਵਾਂ ਦਾ ਹੈ। ਬਜਟ ਵਿੱਚ ਲਾਏ ਗਏ ਅਨੁਮਾਨ ਮੁਤਾਬਕ ਇਸ ਵਿੱਤੀ ਵਰ੍ਹੇ ਦੌਰਾਨ ਵਿਦਿਅਕ ਸੰਸਥਾਵਾਂ 'ਤੇ ਲਗਪਗ 242 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਦੋਂ ਕਿ ਅਨੁਮਾਨਤ ਆਮਦਨ ਸਿਰਫ਼ 213 ਕਰੋੜ ਰੁਪਏ ਦੀ ਹੋਵੇਗੀ।

ਪਿਛਲੇ ਵਿੱਤੀ ਵਰ੍ਹੇ ਦੌਰਾਨ ਜਦੋਂ ਸ਼੍ਰੋਮਣੀ ਕਮੇਟੀ ਦਾ ਕੁੱਲ ਬਜਟ 988.15 ਕਰੋੜ ਰੁਪਏ ਦਾ ਸੀ ਤਾਂ ਉਸ ਵੇਲੇ ਵਿਦਿਅਕ ਸੰਸਥਾਵਾਂ ਲਈ ਅਨੁਮਾਨਤ ਖਰਚਾ 231.83 ਕਰੋੜ ਰੁਪਏ ਰੱਖਿਆ ਗਿਆ ਸੀ। ਬੀਤੇ ਵਰ੍ਹੇ ਵੀ ਅਨੁਮਾਨ ਦੇ ਮੁਤਾਬਕ ਵਿਦਿਅਕ ਸੰਸਥਾਵਾਂ ਤੋਂ ਆਮਦਨ ਘੱਟ ਹੋਈ ਸੀ ਅਤੇ ਲਗਪਗ 37 ਕਰੋੜ ਰੁਪਏ ਗੋਲਕਾਂ ਤੋਂ ਵਿੱਦਿਅਕ ਸੰਸਥਾਵਾਂ ਦੇ ਘਾਟੇ ਨੂੰ ਪੂਰਾ ਕਰਨ ਵਾਸਤੇ ਖਰਚੇ ਗਏ ਸਨ। ਸ਼ ?ਰੋਮਣੀ ਕਮੇਟੀ ਨੂੰ ਇਤਰਾਜ਼ ਹੈ ਕਿ ਪੰਜਾਬ ਸਰਕਾਰ ਵਿਦਿਅਕ ਸੰਸਥਾਵਾਂ ਸਬੰਧੀ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਹੀਂ ਨਿਭਾਅ ਰਹੀ। ਸ਼ ?ਰੋਮਣੀ ਕਮੇਟੀ ਦੇ ਕਈ ਸਕੂਲਾਂ ਵਿੱਚ ਸਰਕਾਰੀ ਸਹਾਇਤਾ ਪ੍ਰਾਪਤ ਅਸਾਮੀਆਂ ਹਨ, ਜਿਨ੍ਹਾਂ ਲਈ 95 ਫੀਸਦ ਤਨਖਾਹ ਦਾ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਅਸਾਮੀਆਂ ਕਈ ਸਾਲਾਂ ਤੋਂ ਖਾਲੀ ਹਨ। ਸਕੂਲਾਂ ਦਾ ਪ੍ਰਬੰਧ ਚਲਾਉਣ ਵਾਸਤੇ ਸ਼ ?ਰੋਮਣੀ ਕਮੇਟੀ ਵੱਲੋਂ ਇਨ੍ਹਾਂ ਆਸਾਮੀਆਂ ਨੂੰ ਭਰਿਆ ਗਿਆ ਹੈ ਪਰ ਸਰਕਾਰ ਵੱਲੋਂ ਹੁਣ ਇਨ੍ਹਾਂ ਵਾਸਤੇ ਤਨਖ਼ਾਹਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ।



**ਵਿਦਿਅਕ ਸੰਸਥਾਵਾਂ ਦਾ ਰਲੇਵਾਂ ਕਰਨ ਦਾ ਸੁਝਾਅ :** ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਇਸ ਨਵੇਂ ਵਿੱਤੀ ਵਰ੍ਹੇ ਦੌਰਾਨ ਸ਼ ?ਰੋਮਣੀ ਕਮੇਟੀ ਨੂੰ ਮੁੜ ਵਿੱਦਿਅਕ ਸੰਸਥਾਵਾਂ ਦੇ 29.88 ਕਰੋੜ ਰੁਪਏ ਦਾ ਘਾਟਾ ਪੂਰਾ ਕਰਨਾ ਪਵੇਗਾ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਵਿੱਤੀ ਘਾਟੇ ਤੋਂ ਬਚਣ ਲਈ ਕਈ ਕਮਜ਼ੋਰ ਵਿਦਿਅਕ ਸੰਸਥਾਵਾਂ ਦਾ ਆਪਸ ਵਿੱਚ ਰਲੇਵਾਂ ਕਰਨਾ ਹੀ ਇੱਕ ਹੱਲ ਹੈ।

# ਜਥੇਦਾਰ ਵੱਲੋਂ 'ਸਰਬੱਤ ਖਾਲਸਾ' ਸੱਦਣ ਦੀ ਸੰਭਾਵਨਾ ਖ਼ਤਮ

## *12 ਤੋਂ 15 ਅਪਰੈਲ ਤੱਕ ਵਿਸਾਖੀ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦਾ ਐਲਾਨ*

ਅੰਮ੍ਰਿਤਸਰ : ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ 12 ਤੋਂ 13 ਅਪਰੈਲ ਤੱਕ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਹੈ। ਜਥੇਦਾਰ ਵੱਲੋਂ ਵਿਸਾਖੀ ਨੂੰ ਸਮਰਪਿਤ ਗੁਰਮਤਿ ਸਮਾਗਮ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਇਸ ਮੌਕੇ ਸਰਬੱਤ ਖਾਲਸਾ ਸੱਦਣ ਦੀ ਸੰਭਾਵਨਾ ਲਗਪਗ ਖਤਮ ਹੋ ਗਈ ਹੈ।

ਜ਼ਿਕਰਯੋਗ ਹੈ ਕਿ ਜਥੇਬੰਦੀ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਸੀ ਕਿ ਮੌਜੂਦਾ ਹਾਲਾਤਾਂ ਨੂੰ ਵਿਚਾਰਨ ਵਾਸਤੇ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਿਆ ਜਾਵੇ। ਅੰਮ੍ਰਿਤਪਾਲ ਸਿੰਘ ਇਸ ਵੇਲੇ ਪੁਲੀਸ ਦੀ ਗ੍ਰਿਫਤਾਰੀ ਤੋਂ ਬਚਣ ਲਈ ਰੂਪੋਸ਼ ਹੈ। ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ 12 ਤੋਂ 15 ਅਪਰੈਲ ਤਕ ਗੁਰਮਤਿ ਸਮਾਗਮ ਉਲੀਕੇ ਹਨ। ਉਨ੍ਹਾਂ ਸੰਗਤ ਨੂੰ ਸਮਾਗਮਾਂ ਵਿੱਚ ਵੱਡੇ ਪੱਧਰ 'ਤੇ ਹਾਜ਼ਰੀ ਲਗਵਾਉਣ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਵਿਚਾਰ ਚਰਚਾ ਕਰਨ ਲਈ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 7



ਅਪਰੈਲ ਨੂੰ ਤਖ਼ਤ ਦਮਦਮਾ ਸਾਹਿਬ ਵਿਖੇ ਸਮਾਗਮ ਰੱਖਿਆ ਗਿਆ ਹੈ, ਜਿਸ ਵਿਚ ਪੱਤਰਕਾਰ ਭਾਈਚਾਰੇ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ।

ਜਥੇਦਾਰ ਨੇ ਕਿਹਾ ਕਿ ਅੰਮ੍ਰਿਤਪਾਲ ਮਾਮਲੇ ਵਿੱਚ ਜਿਹੜੇ ਪੱਤਰਕਾਰਾਂ ਤੇ ਚੈਨਲਾਂ ਨੇ ਨਿਰਦੋਸ਼ ਸਿੱਖਾਂ ਦੇ ਹੱਕ ਵਿੱਚ ਆਵਾਜ਼ ਚੁੱਕੀ ਸੀ, ਪੰਜਾਬ ਸਰਕਾਰ ਨੇ ਉਨ੍ਹਾਂ ਦੀ ਆਵਾਜ਼ ਕਾਰਵਾਈ ਕਰਕੇ ਬੰਦ ਕਰ ਦਿੱਤੀ ਹੈ। ਇਸੇ ਲਈ ਹੁਣ ਮੀਟਿੰਗ ਵਿੱਚ ਕੌਮੀ ਹਿੱਤਾਂ ਦੀ ਪਹਿਰੇਦਾਰੀ ਵਾਸਤੇ ਸਿੱਖ ਮੀਡੀਆ ਦਾ ਯੋਗਦਾਨ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਸਿੱਖ ਮੀਡੀਆ ਨੂੰ ਚਣੌਤੀਆਂ ਅਤੇ ਭਵਿੱਖ ਦੀ ਰਣਨੀਤੀ ਦੇ ਵਿਸ਼ੇ 'ਤੇ ਚਰਚਾ ਕੀਤੀ ਜਾਵੇਗੀ।

# ਅਕਾਲੀ ਫੂਲਾ ਸਿੰਘ ਜੀ ਨਿਹੰਗ



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਰੂਹਾਨੀਅਤ, ਕੁਰਬਾਨੀ, ਚੜ੍ਹਦੀਕਲਾ ਅਤੇ ਆਪਾ ਵਾਰਨ ਦੀ ਮਿਸ਼ਾਲ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੀ ਜਗਾ ਦਿੱਤੀ ਸੀ। ਉਪਰੰਤ ਇਸ ਵਿਚ ਗੁਰੂ ਸਾਹਿਬਾਨ ਨੇ ਆਪਣਾ ਸਭ ਕੁਝ ਵਾਰ ਕੇ ਰੱਬੀ ਪੈਗਾਮ ਦਾ ਸਦੀਵੀ ਸੋਮਾ ਬਣਾ ਦਿੱਤਾ। ਗੁਰੂ ਸਾਹਿਬ ਦੇ ਬਾਅਦ ਇਸ ਸ਼ਮਾਂ ਦੇ ਪ੍ਰਵਾਨਿਆਂ ਨੇ ਹਿਸਲੋਅ ਨੂੰ ਨਾ ਕੇਵਲ ਬੁਝਣ ਹੀ ਦਿੱਤਾ ਬਲਕਿ ਇਸ ਨੂੰ ਹੋਰ ਪ੍ਰਚੰਡ ਕੀਤਾ।

ਇਸ ਪ੍ਰਚੰਡ ਕੌਮੀ ਲਹਿਰ ਵਿਚ ਅਣਗਿਣਤ ਪ੍ਰਵਾਨੇ ਆਏ ਪਰ ਕੁਝ ਐਸੀਆਂ ਰੂਹਾਂ ਵੀ ਪ੍ਰਗਟ ਹੋਈਆਂ ਜਿਨ੍ਹਾਂ ਵਲੋਂ ਸਿਰਜੇ ਇਤਿਹਾਸ ਨੇ ਸਾਰੇ ਜਗਤ ਨੂੰ ਚਕਾਚੌਂਧ ਕਰ ਦਿੱਤਾ। ਇਨ੍ਹਾਂ ਵਿਚ ਅਕਾਲੀ ਫੂਲਾ ਸਿੰਘ ਇਕ ਐਸਾ ਧਰੂ-ਤਾਰਾ ਸੀ। ਬਾਬਾ ਜੀ ਨੇ ਆਉਣ ਵਾਲੀਆਂ ਨਸਲਾਂ ਲਈ ਗੁਰਸਿੱਖੀ ਅਤੇ ਚੜ੍ਹਦੀਕਲਾ ਦੇ ਪੈਮਾਨੇ ਨਿਸਚਤ ਕਰ ਦਿੱਤੇ। ਬਾਬਾ ਜੀ ਵਲੋਂ ਜੀਵਨ ਦੇ ਹਰ ਖੇਤਰ ਵਿਚ ਕੀਤੇ ਕਾਰਨਾਮੇ ਆਉਣ ਵਾਲੇ ਇਤਿਹਾਸ ਲਈ ਇਕ ਆਦਰਸ਼ ਅਤੇ ਚੁਣੌਤੀਰਹਿਣਗੇ।

**ਜ਼ੋਰ ਦੇ ਸ਼ੋਰ ਦਾ ਜਕਿਰ ਸੁਣ ਲਓ,**
**ਹੈਸੀ ਨਾਲ ਸਕਾਰ ਦੇ ਸੰਗ ਯਾਰੋ।**
**ਇਕ ਨਾਮ ਗਰਾਮੀ ਸਰਦਾਰ ਭਾਰਾ,**
**ਹੁਸ਼ਿਆਰ ਮਾਨਿੰਦ ਪਲੰਗ ਯਾਰੋ।**
**ਮਸਤ ਜੰਗ ਦੇ ਵਿਚ ਅਨੰਦ ਰਹਿੰਦਾ,**
**ਮਸ਼ਹੂਰ ਜਹਾਨ ਅੰਦਰ।**
**ਫੂਲਾ ਸਿੰਘ ਅਕਾਲੀ ਨਿਹੰਗ ਯਾਰੋ॥ ੧੨॥**
(ਕਾਦਰਯਾਰ)

ਅਕਾਲੀ ਫੂਨਾ ਸਿੰਘ ਜੀ ਨੇ ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥ ਦੇ ਪਾਵਨ ਗੁਰਵਾਕ ਨੂੰ ਸਰਸ਼ਾਰ ਕੀਤਾ। ਇਸ ਮੁਤਾਬਕ ਅਕਾਲੀ ਜੀ ਦੇ ਜੀਵਨ ਦੇ ਕਿਸ ਪੱਖ ਨੂੰ ਚੇਤੇ ਕੀਤਾ ਜਾਏ ਅਤੇ ਕਿਸ ਪੱਖ ਨੂੰ ਛੱਡਿਆ ਜਾਏ। ਉਨ੍ਹਾਂ ਦੇ ਜੀਵਨ ਦੀ ਜਿਸ ਵੀ ਘਟਨਾ ਨੂੰ ਯਾਦ ਕੀਤਾ ਜਾਏ ਉਹ ਪ੍ਰੇਰਣਾ ਦਾਇਕ ਹੋ ਨਿਬੜਦੀ ਹੈ। ਵਿਸ਼ੇਸ਼ ਤੌਰ ’ਤੇ ਅਕਾਲੀ ਫੂਲਾ ਸਿੰਘ ਜੀ ਦੇ ਜੀਵਨ ਕਾਲ ਦੇ ਦੋ ਪੰਖ ਪ੍ਰਮੁੱਖਤਾ ਨਾਲ ਉਜਾਗਰ ਹੁੰਦੇ ਹਨ। ਇਕ ਉਨ੍ਹਾਂ ਦੀ ਬਤੌਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਅਗਵਾਈ ਅਤੇ ਦੂਸਰਾ ਇਕ ਸੂਰਮੇ ਦੇ ਤੌਰ ’ਤੇ ਉਨ੍ਹਾਂ ਦੀ ਸ਼ਹਾਦਤ।

ਅਕਾਲੀ ਫੂਲਾ ਸਿੰਘ ਇਤਿਹਾਸ ਦੇ ਉਸ ਦੌਰ ਵਿਚ ਆਏ ਜਦੋਂ ਇਕ ਪਾਸੇ ਮੁਗ਼ਲ-ਪਠਾਣ ਸਨ ਅਤੇ ਦੂਸਰੇ ਪਾਸੇ ਫਿਰੰਗੀ ਪੰਜਾਬ ਦੇ ਦਸਤਕ ਦੇ ਰਹੇ ਸਨ। ਪੱਛਮ ਅਤੇ ਪੂਰਬ ਦੋਨੋਂ ਪਾਸਿਆਂ ਤੋਂ ਪੰਥ ਹਮੇਸ਼ਾ ਹੀ ਇਕ ਤਿਕੋਨੀ ਲੜਾਈ ਵਿਚ ਉਲਝਾਇਆ ਜਾ ਰਿਹਾ ਹੈ। 1818 ਦੀ ਮੁਲਤਾਨ ਦੀ ਜੰਗ ਅਕਾਲੀ ਫੂਲਾ ਸਿੰਘ ਜੀ (1761-1832) ਦੀ ਕਮਾਨ ਵਿਚ ਹੋਈ। ਇਸ ਨੇ ਸਮੁੱਚੇ ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਲਿਆਉਣ ਅਤੇ ਬਾਅਦ ਵਿਚ ਪਠਾਣਾਂ ਦੇ ਅੱਤਿਆਚਾਰਾਂ ਨੂੰ ਵੀ ਠੱਲ੍ਹ ਪਾਉਣ ਵਿਚ ਅਕਾਲੀ ਫੂਲਾ ਸਿੰਘ ਜੀ ਦੇ ਨਾਲ ਸਰਦਾਰ ਹਰੀ ਸਿੰਘ ਨਲੂਆ (1791-1837) ਦੀ ਅਹਿਮ ਭੂਮਿਕਾ ਰਹੀ।

ਇਕ ਜਥੇਦਾਰ, ਇਕ ਜਰਨੈਲ ਅਤੇ ਸਾਧਾਰਣ ਸਿੱਖ ਦੇ ਰੂਪ ਵਿਚ ਆਪ ਨੇ ਜੋ ਪੂਰਨੇ ਪਾਹੇ ਅਤੇ ਪੈੜਾਂ ਸਿਰਜੀਆਂ ਉਹ ਹਮੇਸ਼ਾ ਹੀ ਪੰਥ ਦੀ ਅਗਵਾਈ ਕਰਦੀਆਂ ਰਹਿਣਗੀਆਂ। ਬਾਬਾ ਜੀ ਦੇ ਜੀਵਨ ਕਾਲ ਦੇ ਇਹ ਐਸੇ ਦੋ ਪੈਮਾਨੇ ਹਨ ਜੋ ਕਿ ਕੌਮੀ ਸਿਹਤ ਦੇ ਮਿਆਰ ਨੂੰ ਦਰਸਾਉਂਦੇ ਹਨ।

ਨਿਤਾਪ੍ਰਤਿ ਅਰਦਾਸ ਵਿਚ ਜਿਨ੍ਹਾਂ ਸੂਰਮਿਆਂ ਦਾ ਧਿਆਨ ਧਰ ਕੇ ਜੈਕਾਰ ਗਜਾਇਆ ਜਾਂਦਾ ਹੈ ਉਸਦਾ ਮਕਸਦ ਕੇਵਲ ਇਕ ਰਸਮ ਦੀ ਅਦਾਇਗੀ ਨਹੀਂ ਹੈ। ਇਹ ਬੀਤ ਚੁੱਕੇ ਇਤਿਹਾਸ ਨੂੰ ਯਾਦ ਕਰਕੇ ਵਰਤਮਾਨ ਨੂੰ ਉਸਦੇ ਮੇਚ ਦਾ ਬਣਾਉਣ ਦੀ ਸਦਾਅ ਹੁੰਦੀ ਹੈ। ਇਸ ਤਰ੍ਹਾਂ ਜੇਕਰ ਜਾਤੀ ਅਤੇ ਜੀਵਨ ਵਿਚ ਕੋਈ ਤਬਦੀਲੀ ਨਜ਼ਰ ਨਹੀਂ ਆਈ ਪਰ ਕੇਵਲ ਪਿਛਲੇ ਇਤਿਹਾਸ ਨੂੰ ਯਾਦ ਮਾਤਰ ਕਰ ਲਿਆ ਤਾਂ ਇਹ ਫਖ਼ਰ ਨਹੀਂ ਬਲਕਿ ਨਮੋਸ਼ੀ ਦਾ ਕਾਰਨ ਹੈ। ਇਸ ਹਵਾਲੇ ਨਾਲ ਅਕਾਲੀ ਬਾਬਾ ਫੂਲਾ ਸਿੰਘ ਜੀ ਨੂੰ ਯਾਦ ਕਰਨਾ ਲਾਹੇਵੰਦ ਹੈ।

ਅਕਾਲੀ ਜੀ ਨੇ ਬਤੌਰ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ ਦੇ ਜਿਹੜੇ ਸਿਰੜ ਅਤੇ ਦ੍ਰਿੜ੍ਹਤਾ ਵਿਖਾਈ ਉਹ ਆਉਣ ਵਾਲੇ ਹਮੇਸ਼ ਕਾਲ ਤੱਕ ਇਕ ਐਸੇ ਪੈਮਾਨੇ ਦੇ ਤੌਰ ’ਤੇ ਰਹੇਗੀ ਜੋ ਆਉਣ ਵਾਲੇ ਹਰ ਜਥੇਦਾਰ ਦੀ ਕਾਰਵਾਈ ਅਤੇ ਫੈਸਲੇ ਨੂੰ ਮਾਪਦੀ ਤੋਲਦੀ ਰਹੇਗੀ। ਅਕਾਲ ਤਖਤ ਸਾਹਿਬ ਦੇ ਹਰ ਫੈਸਲੇ ਨੂੰ ਪੰਥ ਆਪ ਵਲੋਂ ਲਏ ਗਏ ਨਿਰਣੇ ਨਾਲ ਨਾਪੇਗਾ। ਮੋਰਾਂ ਨਾਚੀ ਦੇ ਕਾਂਡ ਕਰਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਜਿਸ ਤਰੀਕੇ ਨਾਲ ਆਪ ਨੇ ਇਮਲੀ ਦੀ ਬੇਰੀ ਨਾਲ ਬੰਨ੍ਹ ਕੇ ਸਜ਼ਾ ਦੇਣ ਦਾ ਫੈਸਲਾ ਐਲਾਨਿਆ। ਇਸ ਮੰਨਜ਼ਰ ਨੂੰ ਪੰਥਕ ਕਵੀਗੁਰਦੇਵ ਸਿੰਘ ਮਾਨ ਨੇ ਬਾਖੂਬੀ ਅੰਕਤ ਕੀਤਾ ਹੈ।

**ਅਕਾਲਤਖਤ ਦਾ ਹੁਕਮ ਮਹਾਰਾਜੇ ਉਤੇ**
**॥ ਦੋਹਿਰਾ॥ ਹੁਕਮ ਹੋ ਗਿਆ ਤਖਤ ਤੋਂ,**
**ਹਾਜ਼ਰ ਹੋਣ ਹਜ਼ੂਰ।**
**ਮਹਾਰਾਜਾ ਰਣਜੀਤ, ਵੱਡਾ ਸੂਰਬੀਰ,**
**ਲੋਕ ਰਹਿਣ ਭੈ ਭੀਤ, ਜਿਸ ਦੇ ਰੁਹਬ ਤੋਂ,**
**ਅਕਾਲ ਤਖਤ ਦੀ ਸ਼ਾਨ, ਸਾਹਵੇਂ ਤੁੱਛ ਸੀ, ਵਾਂਗ**
**ਮੁਲਜ਼ਮਾਂ ਆਨ, ਹੱਥ ਬੰਨ੍ਹ ਖੜ੍ਹ ਗਿਆ,**
**ਤਖਤ ਦੇ ਜਥੇਦਾਰ, ਫੂਲਾ ਸਿੰਘ ਨੇ, ਉੱਚੀ ਕਿਹਾ**
**ਵੰਗਾਰ, ਇਉਂ ਮਹਾਰਾਜ ਨੂੰ,**
**“ਪੜ੍ਹਦਾ ਹੈ ਫ਼ਰਮਾਨ, ਤਖਤ ਅਕਾਲ ਦਾ”,**
**“ਤਨਖਾਹ ਦਾ ਐਲਾਨ, ਤੁਹਾਨੂੰ ਕਰ ਰਿਹਾਂ।”**
**ਮਹਾਰਾਜੇ ਨੇ ਆਖਿਆ ਸੀਸ ਝੁਕਾਂਦਿਆਂ ਆਪਣਾ, ਸਤਿਗੁਰ ਦੀ ਬਖਸ਼ੀਸ਼, ਸਜ਼ਾ ਮੈਂ ਸਮਝਦਾਂ।”**
**“ਮੈਂ ਹਾਂ ਤਾਬਿਆਦਾਰ, ਸਾਰੇ ਪੰਥ ਦਾ**
**“ਜੋ ਤੁਹਾਨੂੰ ਦਰਕਾਰ, ਸਜ਼ਾ ਮਨਜ਼ੂਰ**
**ਇਹ ਹੈ ਅਦਬ ਅਦਾਬ, ਤਖਤ ਅਕਾਲ ਦਾ,**
**ਵਸਦਾ ਹੈ ਪੰਜਾਬ, ਇਹਦੀ ਮਿਹਰ ਥੀਂ।**
**ਐਸਾ ਮਹਾਂ ਦਲੇਰ, ਜਿਹਾ ਸਨਿਮਰ ਸੀ,**
**ਮਹਾਰਾਜਾ ਦੂਲਾ ਸ਼ੇਰ, ਸੇਵਕ ਪੰਥ ਦਾ।**

ਅਕਾਲੀ ਫੂਲਾ ਸਿੰਘ ਦੇ ਕਾਲ ਤੱਕ ਕੈਮਰੇ ਦੀ ਆਮਦ ਤਾਂ ਨਹੀਂ ਸੀ ਹੋਈ ਪਰ ਉਸ ਸਮੇਂ ਦੇ ਨਾਮਵਰ ਮੁਸੱਵਰ ਅਤੇ ਚਿੱਤਰਕਾਰਾਂ ਨੇ ਉਨ੍ਹਾਂ ਨੂੰ ਕੈਨਵਸ ਤੇ ਅੰਕਤ ਕੀਤਾ। ਬਾਬਾ ਫੂਲਾ ਸਿੰਘ ਜੀ ਦੀ ਇਕ ਮਸ਼ਹੂਰ ਪੇਂਟਿੰਗ ਗੀਮਟ ਨੈਸ਼ਨਲ ਮਿਊਜਿਯਮ ਆਫ਼ ਏਸ਼ੀਅਨ ਆਰਟਸ, ਪੈਰਿਸ, ਫਰਾਂਸ ਵਿਚ ਸਾਂਭੀ ਹੋਈ ਹੈ। ਇਹ ਪੇਂਟਿੰਗ ਲਾਹੌਰ ਦੇ ਇਮਾਮ ਬਖਸ਼ ਨੇ ਤਿਆਰ ਕੀਤੀ ਸੀ। ਇਸ ਵਿਚ ਅਕਾਲੀ ਜੀ ਪੂਰੇ ਜਾਹੋ ਜਲਾਲ ਵਿਚ ਅਸਤ੍ਰ ਸ਼ਸਤਰਾਂ ਨਾਲ ਲੈਸ ਤਿਆਰ ਬਰ ਤਿਆਰ ਹਨ। ਇਨ੍ਹਾਂ ਦੇ ਇਸ ਰੂਪ ਨੂੰ ਵੇਖ ਕੇ ਫਿਰੰਗੀ ਇਤਿਹਾਸਕਾਰ ਅਕਾਲੀਆਂ ਨੂੰ ਨੋਟੋਰੁਸੋ ਇਸ਼ਤਿਆਲ ਪਸੰਦ ਜਾਂ ਅਮਨ ਲਈ ਖ਼ਤਰਾ ਕਰ ਕੇ ਲਿਖਦੇ ਰਹੇ। ਇਕ ਅੰਗਰੇਜ਼ ਲਿਖਾਰੀਨੇ ਲਿਖਿਆ ਕਿ ਅਕਾਲੀਆਂ ਦੀ ਦਸਤਾਰ ਦੇ ਚੱਕਰ ਬਹੁਤ ਹੀ ਖ਼ਤਰਨਾਕ ਅਤੇ ਮਾਰੂ ਹਥਿਆਰ ਹਨ। ਇਹ ਹੋ ਸਕਦਾ ਹੈ ਕਿ ਕਈ ਵਾਰ ਇਨ੍ਹਾਂ ਦਾ ਨਿਸ਼ਾਨਾ ਥਾਂ ’ਤੇ ਨਾ ਲੱਗੇ ਪਰ ਤਮਾਸ਼ਬੀਨ ਲਈ ਜਾਨਲੇਵਾ ਹੋ ਸਕਦਾ ਹੈ। ਇਸ ਲਈ ਇਨ੍ਹਾਂ ਤੋਂ ਦੂਰੀ ਬਣਾ ਕੇ ਰੱਖਣ ਦੀ ਲੋੜ ਹੈ। ਹਰ ਦੁਸ਼ਮਣ ਨੂੰ ਸਿੱਖ ਇਸੇ ਰੂਪ ਵਿਚ ਨਜ਼ਰ ਆਉਂਦੇ ਰਹੇ ਹਨ।

ਇਸ ਦੇ ਇਲਾਵਾ ਗੁਰਦੁਆਰਾ ਅਕਾਲਗੜ੍ਹ ਸਾਹਿਬ, ਦੀਨੇ ਵਿਚ ਵੀ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਹਾਥੀ ’ਤੇ ਸਵਾਰ ਰੂਪ ਵਿਚ ਇਕ ਸ਼ਾਨਦਾਰ ਚਿੱਤਰ ਦੀਵਾਰ ’ਤੇ ਉਕਰਿਆ ਹੈ। ਇਤਿਹਾਸ ਨੂੰ ਸਾਂਭਦੇ ਹੋਏ ਇਨ੍ਹਾਂ ਚਿੱਤਰਾਂ ਵਿਚ ਇਕ ਤੱਥ ਉਜਾਗਰ ਹੁੰਦਾ ਹੈ ਕਿ ਸਿੰਘਾਂ ਦੀ ਦਸਤਾਰ ਕੇਵਲ ਵਿਖਾਣ ਮਾਤਰ ਜਾਂ ਦਿਖਾਵਟੀ ਨਹੀਂ ਸੀ ਹੁੰਦੀ ਬਲਕਿ ਇਹ ਕ੍ਰਿਪਾਨ ਦੇ ਮਿਆਨ ਅਤੇ ਤੀਰਾਂ ਦੇ ਭੱਥੇ ਦੀ ਤਰ੍ਹਾਂ ਮਾਰੂ ਅਸਤ੍ਰ ਚੱਕ੍ਰਾਂ ਨੂੰ ਸਾਂਭਣ ਦਾ ਸਾਧਨ ਵੀ ਹੁੰਦੀ ਸੀ। ਸਿੱਖ ਇਤਿਹਾਸ ਦੀ ਇਹ ਸ਼ਾਨਦਾਰ ਪ੍ਰੰਪਰਾ ਅਤੇ ਗੌਰਵ ਭਾਰਤੀ ਫੌਜ ਵਿਚ ਹੁਣ ਤੱਕ ਸਿੱਖ ਫੌਜੀਆਂ ਦੀ ਦਸਤਾਰ ’ਤੇ ਚੱਕਰ ਦੇ ਰੂਪ ਵਿਚ ਸੁਸ਼ੋਭਿਤ ਹੁੰਦਾ ਹੈ। ਹੁਣ ਤਾਂ ਸਿੰਘਾਂ ਦੀ ਦਸਤਾਰ ਨੂੰ ਵੀ ਖ਼ਤਰਾ ਨਜ਼ਰ ਆ ਰਿਹਾ ਹੈ।

**ਆਵਨੁ ਜਾਨੁ ਇਕੁ ਖੇਲੁ ਬਨਾਇਆ॥**

**ਪਰ ਆਵਣਾ ਉਸੇ ਦਾ ਫਸਲਾ ਗਣਿਆ ਗਿਆ ਹੈ ਜਿਸ ਦਾ ਜਾਵਣਾ ਸ.ਫਲਾ ਹੋ ਗਿਆ। ਕਲਗੀਧਰ ਪਿਤਾ ਦੀ ਅਰਦਾਸ ਵੀ ਤਾਂ ਇਹੀ ਹੈ,**

**ਅਉਰ ਨ ਮਾਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ॥**
**ਸਸਤ੍ਰਨ ਸੋ ਅਤਿ ਹੀ ਰਨ ਭੀਤਰ**
**ਜੂਝਿ ਮਰੋ ਕਹਿ ਸਾਚ ਪਤੀਜੈ॥**
**(ਸ੍ਰੀ ਦਸਮ ਗ੍ਰੰਥ ਸਾਹਿਬ)**

**ਹੱਲਾ ਬੋਲਿਆ ਅਕਾਲੀ ਬਾਬਾ ਫੂਲਾ ਸਿੰਘ ਨੇ, ਨਾਅਰੇ ਸਤਿ ਸ੍ਰੀ ਅਕਾਲ ਦੇ ਮਾਰੇ।**
**ਖਾ ਕੇ ਫੱਟ ਸਿੰਘ ਸ਼ੇਰ ਸਦਾ ਜਾਗਦੇ, ਜਾਗ ਪੈਣ ਤਾਂ ਨਾ ਰੱਖਦੇ ਉਧਾਰ।**
**ਫਿਰ ਗਿਣ ਗਿਣ ਮੋੜਦੇ ਭਾਜੀਆਂ, ਸਾਰੇ ਦੇਣ ਕੌਮੀ ਕਰਜ਼ ਉਤਾਰ।**
**ਧਾਵਾ ਬੋਲ ਗਲ ਵੈਰੀਆਂ ਦੇ ਜਾ ਪਏ, ਅੰਧਾ ਧੁੰਧ ਚੱਲ ਪਏ ਤਲਵਾਰ।**
**ਤੋਪਾਂ ਬੱਦਲਾਂ ਦੇ ਵਾਂਗ ਫਿਰ ਗੱਜੀਆਂ, ਤੇ.ਗ ਫਿਰੇ ਜਿਵੇਂ ਬਿਜਲੀ ਦੀ ਤਾਰ।**
**ਵੱਜੇ ਢੋਲ ਕਲਜੋਗਣਾ ਨੱਚੀਆਂ, ਤਾਲ ਦੇਣ ਉਹ ਕਟਾਰੀਆਂ ਉਤਾਰ।**
**ਸਿੰਘ ਭਾਲ ਭਾਲ ਗਾਜ਼ੀਆਂ ਨੂੰ ਮਾਰਦੇ, ਸ਼ੇਰ ਜੰਗਲੀ ਜਿਉਂ ਖੇਡਦੇ ਸ਼ਕਾਰ।**
**ਉਹਨਾਂ ਮੋੜ ਲਈਆਂ ਦੋਵੇਂ ਤੋਪਾਂ ਖੁੱਸੀਆਂ, ਕਈ ਹੋਰਨਾ ਤੇ ਬੈਠੇ ਮੱਲ ਮਾਰ।**
**ਵਾਗਾਂ ਪਿਛਾਂਹ ਨੂੰ ਪਠਾਣਾਂ ਤਦ ਮੋੜੀਆਂ, ਹੁੰਦੀ ਡਿੱਠੀ ਜਾਂ ਮੈਦਾਨ ਵਿਚ ਹਾਰ।**
**ਸਿੰਘ ਜੰਗ ਵਿਚ ਰੂਪ ਜਮਰਾਜ ਦਾ, ਵਿਚ ਅਮਨ ਧਰਮ ਅਵਤਾਰ॥੧੧॥**

ਅਕਾਲੀ ਫੂਲਾ ਸਿੰਘ ਜੀ ਨੇ ਜੀਵਨ ਵਿਚ ਇਸ ਨੂੰ ਪੂਰੀ ਤਰ੍ਹਾਂ ਚਰਿਤ੍ਰਾਰਥ ਕੀਤਾ। ਅਕਾਲੀ ਫੂਲਾ ਸਿੰਘ ਜੀ ਦੀ ਸ਼ਹਾਦਤ ਨੂੰ ਕਵੀ ਕਾਦਰਯਾਰ ਨੇ ਬਖੂਬੀ ਅੰਕਤ ਕੀਤਾ ਹੈ। ਬਾ-ਹੈਸੀਅਤ ਜਥੇਦਾਰ ਅਕਾਲ ਤਖਤ ਸਾਹਿਬ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਦਾ ਵੀ ਕੋਈ ਨਿਹਾਜ਼ ਨਹੀਂ ਕੀਤਾ ਪਰ ਮੈਦਾਨੇ ਜੰਗ ਵਿਚ ਅਕਾਲੀ ਫੂਲਾ ਸਿੰਘ ਇਕ ਸਿੱਖ ਅਤੇ ਸਿਪਾਹੀ ਦੇ ਰੂਪ ਵਿਚ ਨਜ਼ਰ ਆਏ। ਇਥੇ ਮਹਾਰਾਜਾ ਰਣਜੀਤ ਸਿੰਘ ਖਾਲਸਾ ਫੌਜ ਦਾ ਸਿਪਾਹ ਸਾਲਾਰ ਸੀ। ਹੁਣ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਨਮੁੱਖ ਹੋ ਕੇ ਇਕ ਹੈਰਾਨਕੁਨ ਆਗਿਆ ਮੰਗੀ ਕਿ ਉਨ੍ਹਾਂ ਦੀ ਇੱਛਾ ਹੈ ਕਿ ਉਹ ਇਕੱਲੇ ਹੀ ਦੁਸ਼ਮਣ ਵੱਲ ਵਧ ਕੇ ਕੁਰਬਾਨੀ ਦੇਣ। ਸਵਾ ਲਾਖ ਸੇ ਏਕ ਲੜਾਊਂ

**ਅੱਜ ਫਿਰ ਪ੍ਰਤੱਖ ਹੋ ਰਿਹਾ ਸੀ।**
**ਕਬੀਰ ਜਉ ਤੁਹਿ ਸਾਧ ਪਿਰੰਮ**
**ਕੀ ਸੀਸੁ ਕਾਟਿ ਕਰਿ ਗੋਇ॥**
**ਖੇਲਤ ਖੇਲਤ ਹਾਲ ਕਰਿ ਜੋ ਕਿਛੁ**
**ਹੋਇ ਤ ਹੋਇ॥ ੨੩੯॥ (ਗੁ.ਗ੍ਰ.ਸ. ੧੩੭੭)**

ਇਸ ਸੂਰਮਗਤੀ ਦੀ ਅਰੰਭਤਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਅਤੇ ਬਾਅਦ ਵਿਚ ਬਾਬਾ ਦੀਪ ਸਿੰਘ ਅਤੇ ਬਾਬਾ ਗੁਰਬਖਸ਼ ਸਿੰਘ ਨਿਹੰਗ ਵੀ ਤਾਂ ਕਰ ਚੁੱਕੇ ਸਨ। ਅਕਾਲੀ ਫੂਲਾ ਸਿੰਘ ਜੀ ਦੀ ਗੁਜ਼ਾਰਿਸ਼ ਸੀ,

**ਸ਼ੁਕਰ ਹਜ਼ਾਰ ਗੁਜ਼ਾਰਸਾਂ ਮੈਂ,**
**ਦਿਓ ਹੁਕਮ ਚਲ ਵੜਾਂ ਮੈਦਾਨ ਦੇ ਵਿਚ**
**ਪਹਿਲੋਂ ਸਭਨਾਂ ਦੇ ਸੀਸ ਭੇਟ ਦੇ ਕੇ,**
**ਰੱਖਾਂ ਤੀਰ ਨੂੰ ਚਿੱਲੇ ਕਮਾਨ ਦੇ ਵਿਚ**
**ਸਤਿ ਸਿਰੀ ਅਕਾਲ ਦਾ ਨਾਮ ਲੈ ਕੇ,**
**ਮਾਰਾਂ ਖਿੱਚ ਕੇ ਸੀਨੇ ਪਠਾਣ ਦੇ ਵਿਚ।**
**ਕਾਦਰਯਾਰ, ਤੇਰੇ ਕਦਮਾਂ ਵਿਚ ਕੁੱਸਾਂ,**
**ਰਹਿਸੀ ਨਾਮ ਤਦ ਮੇਰਾ ਮਹਾਨ ਦੇ ਵਿਚ॥ ੧੫॥**

ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਦਿਲ ’ਤੇ ਕੀ ਬੀਤ ਰਹੀ ਹੋਏਗੀ।

ਹੁਣ ਪਠਾਣ ਅਤੇ ਖਾਲਸਾ ਫੌਜਾਂ ਆਹਮੋ-ਸਾਹਮਣੇ ਸਨ। ਪਰ ਇਨ੍ਹਾਂ ਦੇ ਵਿਚਕਾਰ ਅਕਾਲੀ ਫੂਲਾ ਸਿੰਘ ਕਾਲੇ ਬਾਣੇ ਅਤੇ ਸਿਆਹ ਹਾਥੀ ’ਤੇ ਸਵਾਰ ਹੋ ਕੇ ਇਕੱਲੇ ਹੀ ਦੁਸ਼ਮਣ ਵੱਲ ਵਧੇ।

**ਤੋਏ ਤਰਫ ਦੁੱਰਾਨੀਆ ਰਵਾਂ ਹੋਇਆ,**
**ਫੂਲਾ ਸਿੰ ਅਕਾਲੀ ਤਨਹਾ ਯਾਰੋ।**
**ਡਾਢੀ ਸ਼ਕਲ ਮਤਵਾਲੀ ਸੀ ਖ਼ੌਫ਼ ਵਾਲੀ,**
**ਨਾਲ ਪਹਿਨੀ ਪੌਸ਼ਾਕ ਹੈ ਕਾਲੀ ਯਾਰ।**
**ਖ਼ੂਨੀ ਅੱਖੀਆਂ ਕਹਿਰ ਦੇ ਨਾਲ ਭਰੀਆਂ,**
**ਮੂੰਹ ਤੋਂ ਚੋਂਵਦੀ ਕਹਿਰ ਦੀ ਲਾਲੀ ਯਾਂਰੋ।**
**ਕਾਦਰਯਾਰ ਅਸਵਾਰ ਹੋ ਫ਼ੀਲ ਉੱਤੇ,**
**ਟੁਰਿਆ ਮੌਤ ਦੇ ਵੱਲ ਸਵਾਲੀ ਯਾਰੋ॥ ੧੮॥**

ਇਸ ਬਾਰੇ ਕਾਦਰਯਾਰ ਨੇ ਇਕ ਕਮਾਲ ਦੀ ਗਵਾਹੀ ਦਿੱਤੀ ਹੈ ਕਿ ਮਸਤ ਚਾਲ ਵਿਚ ਥਿਰਕਦੇ ਹਾਥੀ (ਫ਼ੀਲ) ਦੇ ਉਤੇ ਬੇਖੌਫ਼ ਅਕਾਲੀ ਫੂਲਾ ਸਿੰਘ ਇਸ ਤਰ੍ਹਾਂ ਬੈਠੇ ਸਨ ਜਿਵੇਂ ਲਾਹੌਰ ਦੀ ਸੈਰ ਕਰ ਰਹੇ ਹੋਣ।

**ਕਾਫ਼ ਕੰਬਦੀ ਪਈ ਜ਼ਮੀਨ ਯਾਰੋ,**
**ਜਿੱਥੇ ਫ਼ੀਲ ਸਰਦਾਰ ਦਾ ਪੈਰ ਧਰਦਾ।**
**ਹੋਸੀ ਖੂਨੀਆਂ ਵਿਚ ਮਸ਼ਹੂਰ ਹਾਥੀ,**
**ਵਿਚ ਲੜਨ ਦੇ ਬਹੁਤ ਸੀ ਕਹਿਰ ਕਰਦਾ।**
**ਤਿਵੇਂ ਥਰਕਦਾ ਚੱਲੇ ਜ਼ਮੀਨ ਉਤੇ,**
**ਜਿਵੇਂ ਸੱਪ ਦਰਿਆ ਦੀ ਲਹਿਰ ਤਰਦਾ।**
**ਕਾਦਰਯਰ ਬੇਖੌਫ਼ ਸਰਦਾਰ ਬੈਠਾ,**
**ਜਿਵੇਂ ਫਿਰ ਲਾਹੌਰ ਦੀ ਸੈਰ ਕਰਦਾ।**

ਸਵਾ ਲਾਖ ਸੇ ਏਕ ਲੜਾਉਂ ਨੂੰ ਪ੍ਰਤੱਖ ਕਰਦਿਆਂ ਇਕੱਲੇ ਅਕਾਲੀ ਫੂਲਾ ਸਿੰਘ ਨੇ ਹਜ਼ਾਰਾਂ ਦੀ ਗਿਣਤੀ ਦਾ ਮੁਕਾਬਲਾ ਕੀਤਾ। ਇਸ ਗਹਿ ਗੱਚ ਜੰਗ ਵਿਚ ਅਖੀਰ ਵਿਚ ਕਲਗੀਧਰ ਪਿਤਾ ਨੇ ਅਕਾਲੀ ਫੂਲਾ ਸਿੰਘ ਨੂੰ ਗੱਲ ਨਾਲ ਲਾ ਲਿਆ।


ਜੰਗ ਦੇ ਬਾਅਦ ਅਣਗਿਣਤ ਲੋਥਾਂ ਵਿਚੋਂ ਅਕਾਲੀ ਫੂਲਾ ਸਿੰਘ ਜੀ ਦੇ ਸਰੀਰ ਨੂੰ ਲੱਭਣਾ ਕੋਈ ਆਸਾਨ ਨਹੀਂ ਸੀ। ਪਰ ਇਥੇ ਮਹਾਰਾਜਾ ਰਣਜੀਤ ਸਿੰਘ ਆਪਣੇ ਹੱਥੀਂ ਅਕਾਲੀ ਜੀ ਨੂੰ ਲੱਭ ਰਹੇ ਸਨ।

**ਹੱਥਾਂ ਨਾਲ ਹਟਾਂਵਦਾ ਆਪ ਮੁਰਦੇ**
**ਐਸਾ ਸ਼ੌਕ ਸੀ ਖ਼ਾਸ ਸਰਕਾਰ ਨੂੰ ਜੀ।**
**ਬਿਸੀਆਰ ਤਲਾਸ਼ ਦੇ ਬਾਦ ਯਰੋ,**
**ਪੁੰਨੀ ਆਸ ਸਭ ਦੀ ਆਖ਼ਰ-ਕਾਰ ਹੈ ਜੀ।**
**ਕਾਦਰਯਾਰ ਨਿਕਾਲਿਆ ਢੇਰ ਹੇਠਾਂ**
**ਫੂਲਾ ਸਿੰਘ ਦਲੇਰ ਸਰਦਾਰ ਨੂੰ ਜੀ॥ ੩੧॥**

ਇਸ ਦੇ ਬਾਅਦ ਮਹਾਰਾਜਾ ਸਾਹਿਬ ਨੇ ਅਕਾਲੀਜੀ ਦਾ ਸਸਕਾਰ ਕਰ ਕੇ ਉਥੇ ਉਨ੍ਹਾਂ ਦੀ ਯਾਦ ਵਿਚ ਸਮਾਧ ਬਣਵਾਈ। ਅਕਾਲੀ ਫੂਲਾ ਸਿੰਘ ਜੀਵਲ ਸਫ਼ਲਾ ਕਰਕੇ ਸ਼ਹਾਦਤ ਦਾ ਜਾਪ ਪੀ ਗਏ ਪਰ ਆਉਣ ਵਾਲੇ ਸਮੇਂ ਲਈ ਔਖੇ ਪਰਚੇ ਪਾ ਗਏ।

**ਯੇ ਯਾਦ ਕਰ ਕੇ ਮਰਦਿਆਈ**
**ਉਸ ਦੀ ਮਹਾਰਾਜਾ ਨੇ ਦਿੱਤੀ ਦੁਹਾਈ ਯਾਰੋ**
**ਕਰੇ ਸ਼ੁਕਰ ਅਕਾਲ ਦਾ ਫੌਜ ਯਾਰੀ ਲਾਸ਼**
**ਘੁੱਟ ਕੇ ਗਲੇ ਲਗਾਈ ਯਾਰੋ।**
**ਸਭ ਸਿੰਘ ਸਰਦਾਰ ਅਰਦਾਸ ਕਰਦੇ ਨਦੀ**
**ਹੰਝੂ ਨਾ ਕਿਸੇ ਵਗਾਈ ਯਾਰੋ**
**ਕਾਗਰਯਾਰ ਸਰਕਾਰ ਅਰਦਾਸ ਕੀਤੀ**
**ਏਥੇ ਜਾਏ ਸਮਾਧ ਬਣਾਈ ਯਾਰੋ॥ ੩੨॥ ੬॥**
**॥ ਖ਼ਤਮ ਸ਼ੁਦ॥**

ਇਸ ਸਾਰੇ ਪ੍ਰੰਸਗ ਵਿਚ ਇਕ ਨੁਕਤਾ ਬਹੁਤ ਹੀ ਅਹਿਮ ਹੈ ਕਿ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਦੇ ਵੀ ਮਹਾਰਾਜੇ ਦੇ ਰੂਪ ਵਿਚ ਨਹੀਂ ਵੇਖਿਆ। ਦੂਸਰੇ ਪਾਸੇ ਮਹਾਰਾਜਾ ਰਣਜੀਤ ਸਿੰਘ ਵੀ ਅਕਾਲ ਤਖਤ ਸਾਹਿਬ ’ਤੇ ਪੇਸ਼ ਹੋਣ ਸਮੇਂ ਅਤੇ ਹਮੇਸ਼ਾ ਹੀ ਆਪਣੇ ਆਪ ਨੂੰ ਪੰਥ ਦਾ ਇਕ ਅੰਗ ਮੰਨ ਬਤੌਰ ਇਕ ਸਿੱਖ ਦੇ ਰੂਪ ਵਿਚ ਪੇਸ਼ ਹੋਏ। ਇਹ ਨੁਕਤਾ ਹੈ ਪੰਥ ਦੀ ਚੜ੍ਹਦੀ ਕਲਾ ਅਤੇ ਸੁਨਹਿਰੇ ਭਵਿੱਖ ਦਾ।






# ਅਜੋਕੇ ਦੌਰ ਵਿਚ ਆਪਣੇ ਹੱਕਾਂ ਤੋਂ ਅਨਜਾਣ ਔਰਤਾਂ ਦਾ ਦੁਖਾਂਤ

-ਗੁਰਸ਼ਰਨ ਕੌਰ

ਮੇਰਾ ਫੋਨ ਸਵੇਰੇ ਖੋਲ੍ਹਣ ਸਾਰ ਹੀ ਮੈਨੂੰ ਕਿਸੇ ਨਾ ਕਿਸੇ ਖ਼ਾਸ ਦਿਨ ਦੀ ਸੂਚਨਾ ਦੇ ਦਿੰਦਾ ਹੈ ਕਿ ਅੱਜ ਫਲਾਂ ਦਿਹਾੜਾ ਹੈ। ਕੁਝ ਦਿਨ ਮਨਾਏ ਜਾਂਦੇ ਹਨ ਅਤੇ ਕੁਝ ਵਿਚਾਰੇ ਸਵੇਰੇ ਚੜ੍ਹ ਕੇ ਸ਼ਾਮ ਨੂੰ ਚੁੱਪ-ਚੁਪੀਤੇ ਛਿਪ ਜਾਂਦੇ ਹਨ। ਇਸੇ ਤਰ੍ਹਾਂ ਅੱਠ ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ ਵਾਲੇ ਦਿਨ ਦੀ ਵੀ ਫੋਨ ਨੇ ਸੂਚਨਾ ਦਿੱਤੀ, ਹਾਲਾਂਕਿ ਇਹ ਦਿਨ ਮੈਨੂੰ ਯਾਦ ਹੀ ਸੀ। ਸਾਡੇ ਦੇਸ਼ 'ਚ ਵੀ ਰਸਮੀ ਤੌਰ 'ਤੇ ਇਹ ਦਿਨ ਮਨਾਇਆ ਜਾਂਦਾ ਹੈ। ਔਰਤਾਂ ਦੀ ਭਲਾਈ ਦੇ ਵੱਡੇ-ਵੱਡੇ ਐਲਾਨ ਕੀਤੇ ਜਾਂਦੇ ਹਨ ਪਰ ਸਾਰਾ ਕੁਝ ਕਾਗਜ਼ਾਂ ਤਕ ਹੀ ਸੀਮਤ ਰਹਿ ਜਾਂਦਾ ਹੈ। ਇਕ ਗੱਲ ਇਹ ਵੀ ਹੈ ਕਿ ਸਾਡੀਆਂ ਔਰਤਾਂ ਅਜੇ ਤਕ ਵੀ ਆਪਣੀ ਹੋਂਦ ਜਾਂ ਪਛਾਣ ਲਈ ਯਤਨਸ਼ੀਲ ਨਹੀਂ ਹਨ। ਉਹ ਜ਼ਿਆਦਾਤਰ ਮਰਦਾਂ 'ਤੇ ਨਿਰਭਰ ਰਹਿਣ ਨੂੰ ਤਰਜੀਹ ਦਿੰਦੀਆਂ ਹਨ। ਇਸ ਵਾਰ ਕੌਮਾਂਤਰੀ ਮਹਿਲਾ ਦਿਵਸ ਤੋਂ ਬਾਅਦ ਮੈਂ ਆਪਣੇ ਵੱਲੋਂ ਵੱਖ-ਵੱਖ ਖੇਤਰਾਂ ਦੀਆਂ ਔਰਤਾਂ ਤੋਂ ਇਸ ਦਿਨ ਬਾਰੇ ਇਕ ਛੋਟਾ ਜਿਹਾ ਸਰਵੇ ਕੀਤਾ ਕਿ ਉਨ੍ਹਾਂ ਨੇ ਇਹ ਦਿਨ ਕਿਵੇਂ ਮਨਾਇਆ? ਜਾਂ ਉਨ੍ਹਾਂ ਦਾ ਇਸ ਦਿਨ ਪ੍ਰਤੀ ਕੀ ਨਜ਼ਰੀਆ ਹੈ? ਉਹੀ ਵਿਚਾਰ ਲੈ ਕੇ ਮੈਂ ਪਾਠਕਾਂ ਦੇ ਸਨਮੁੱਖ ਹਾਜ਼ਰ ਹਾਂ। ਸਭ ਤੋਂ ਪਹਿਲਾਂ ਮੈਂ ਸਮਾਜ ਦੇ ਸੁਚੇਤ ਵਰਗ ਭਾਵ ਪੜ੍ਹੇ-ਲਿਖੇ ਵਰਗ ਦੀ ਰਾਇ ਜਾਣੀ ਕਿ ਉਨ੍ਹਾਂ ਨੇ ਇਸ ਖ਼ਾਸ ਦਿਨ ਨੂੰ ਕਿਵੇਂ ਮਨਾਇਆ ਜਾਂ ਗੁਜ਼ਾਰਿਆ। ਆਪਣੇ ਉਦੇਸ਼ ਦੀ ਪੂਰਤੀ ਲਈ ਅੱਧੀ ਛੁੱਟੀ ਵੇਲੇ ਮੈਂ ਇਕ ਸਕੂਲ ਦੀਆਂ ਅਧਿਆਪਕਾਵਾਂ ਨੂੰ ਮਿਲੀ ਅਤੇ ਪੁੱਛਿਆ ਕਿ ਉਨ੍ਹਾਂ ਨੇ ਅੰਤਰਰਾਸ਼ਟਰੀ ਔਰਤ ਦਿਵਸ ਵਾਲੇ ਦਿਨ ਨੂੰ ਕਿਵੇਂ ਬਤੀਤ ਕੀਤਾ? ਕੀ ਉਸ ਦਿਨ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਪ੍ਰੋਗਰਾਮ 'ਚ ਸ਼ਾਮਲ ਹੋਈਆਂ ਜਾਂ ਨਹੀਂ? ਅੱਠ ਮਾਰਚ ਨੂੰ ਵੂਮੈੱਨ ਡੇ ਦੀ ਛੁੱਟੀ ਸੀ। ਸਾਰੀਆਂ ਨੇ ਚੌਕਸ ਹੁੰਦਿਆਂ ਹੋਇਆਂ ਹੁੰਗਾਰਾ ਭਰਿਆ "ਹਾਂ ਜੀ, ਉਸ ਦਿਨ ਹੋਲੀ ਵੀ ਸੀ, ਅਸੀਂ ਤਾਂ ਹੋਲੀ ਖੇਡੀ ਅਤੇ ਬਾਅਦ ਦੁਪਹਿਰ ਸਰਦੀ ਦਾ ਖਿਲਾਰਾ ਸਾਂਭਿਆ ਉਸ ਦਿਨ। ਸਾਰਾ ਘਰ ਅਪਸੈੱਟ ਹੋਇਆ ਪਿਆ ਸੀ। ਕੰਬਲ ਰਜਾਈਆਂ ਤੇ ਹੋਰ ਗਰਮ ਕੱਪੜੇ ਹਰ ਕਮਰੇ 'ਚ ਖਿੱਲਰੇ ਪਏ ਸਨ।" ਮੈਨੂੰ ਇਉਂ ਜਾਪਦਾ ਸੀ ਜਿਵੇਂ ਸਾਰੀਆਂ ਮੈਡਮਾਂ ਕੰਮ ਕਰਨ ਲਈ ਉਸ ਦਿਨ ਦੀ ਹੀ ਉਡੀਕ ਕਰ ਰਹੀਆਂ ਸਨ। ਇਕ ਅਧਿਆਪਕਾ ਕੁਝ ਕਹਿਣਾ ਚਾਹੁੰਦੀ ਸੀ ਪਰ ਸਾਰੀਆਂ ਦਾ ਮੂਡ ਦੇਖ ਕੇ ਚੁੱਪ ਵੱਟ ਗਈ। ਫਿਰ ਸ਼ਹਿਰ ਦੇ ਪਾਰਕ 'ਚ ਸੈਰ ਕਰਨ ਆਈਆਂ ਚੰਗੀਆਂ ਪੜ੍ਹੀਆਂ-ਲਿਖੀਆਂ ਕੁਝ ਰਿਟਾਇਰਡ ਤੇ ਕੁਝ ਘਰੇਲੂ ਔਰਤਾਂ ਨਾਲ ਗੱਲਬਾਤ ਕੀਤੀ। ਰਿਟਾਇਰ ਔਰਤਾਂ ਦਾ ਸਾਂਝਾ ਵਿਚਾਰ ਸੀ ਕਿ ਉਨ੍ਹਾਂ ਦੀ ਹੁਣ ਇੱਧਰ ਕੋਈ ਰੁਚੀ ਨਹੀਂ ਹੈ। ਬੱਚਿਆਂ ਕੋਲ ਕੈਨੇਡਾ-ਅਮਰੀਕਾ ਇੱਕ-ਅੱਧਾ ਗੇੜਾ ਲਾ ਚੁੱਕੀਆਂ ਔਰਤਾਂ ਕੋਲ ਤਾਂ ਉਨ੍ਹਾਂ ਮੁਲਕਾਂ ਦੀ ਸਿਫ਼ਤ ਤੋਂ ਬਿਨਾਂ ਜਾਂ ਤਾਮ-ਝਾਮ ਦਿਖਾਉਣ ਤੋਂ ਇਲਾਵਾ ਹੋਰ ਕੋਈ ਮੁੱਦਾ ਹੀ ਨਹੀਂ ਸੀ। ਇੱਥੇ ਆ ਕੇ ਉਹ ਵਿਆਹ ਸਮਾਗਮਾਂ ਜਾਂ ਹੋਰ ਫੰਕਸ਼ਨਾਂ 'ਚ ਸ਼ਾਮਲ ਹੋ ਕੇ ਗਹਿਣਿਆਂ-ਕੱਪੜਿਆਂ ਬਾਰੇ ਜਾਣਕਾਰੀ ਲੈਣ-ਦੇਣ 'ਚ ਵੱਧ ਮਸਰੂਫ਼ ਲੱਗੀਆਂ।

ਕੁਝ ਨੇ ਮੇਰੀ ਗੱਲ ਨੂੰ ਹਲਕੇ ਵਿਚ ਲੈਂਦਿਆਂ ਵਿਅੰਗਮਈ ਭਾਸ਼ਾ ਵਿਚ ਜਵਾਬ ਦਿੱਤਾ ਕਿ ਅਸੀਂ ਅਜੇ ਘਰ ਜਾ ਕੇ ਘਰ ਦੇ ਕੰਮ ਨਿਪਟਾਉਣੇ ਹਨ, ਮਹਿਲਾ ਦਿਵਸ ਅਗਲੇ ਸਾਲ ਮਨਾ ਲਵਾਂਗੇ। ਇਕ ਨੇ ਕਿਹਾ ਕਿ ਉਸ ਨੂੰ ਇਸ ਦਿਨ ਬਾਰੇ ਬਿਲਕੁਲ ਜਾਣਕਾਰੀ ਸੀ ਅਤੇ ਉਸ ਨੇ ਇਸ ਨੂੰ ਆਪਣੇ ਤਰੀਕੇ ਨਾਲ ਮਨਾਇਆ ਵੀ। ਉਸ ਨੇ ਬੜੇ ਮਾਣ ਨਾਲ ਦੱਸਿਆ,"ਆਪਾਂ ਤਾਂ ਉਸ ਦਿਨ ਘਰ ਦੇ ਕੰਮ ਤੋਂ ਛੁੱਟੀ ਕੀਤੀ, ਸਹੇਲੀਆਂ ਦੇ ਨਾਲ ਜਾ ਕੇ ਰੈਸਟੋਰੈਂਟ 'ਚ ਮਨਪਸੰਦ ਖਾਣਾ ਖਾਧਾ ਤੇ ਫੋਨ 'ਤੇ ਪੋਸਟ ਸ਼ੇਅਰ ਕਰ ਕੇ ਸਹੇਲੀਆਂ ਨੂੰ ਮਹਿਲਾ ਦਿਵਸ ਦੀਆਂ ਮੁਬਾਰਕਾਂ ਵੀ ਦਿੱਤੀਆਂ। ਸਾਰਾ ਦਿਨ ਵਧੀਆ ਗੁਜ਼ਰਿਆ।" ਸ਼ਾਮ ਨੂੰ ਮਨਿਆਰੀ ਦੀ ਦੁਕਾਨ 'ਤੇ ਖ਼ਰੀਦੋ-ਫਰੋਖਤ ਕਰਦੀਆਂ ਕਾਲਜ ਪੜ੍ਹਦੀਆਂ ਦੋ ਕੁੜੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਅੱਠ ਮਾਰਚ ਬਾਰੇ ਜਾਣਕਾਰੀ ਸੀ ਅਤੇ ਉਨ੍ਹਾਂ ਦਾ ਇਹ ਦਿਨ ਬੜਾ ਸਾਰਥਕ ਗੁਜ਼ਰਿਆ। ਉਨ੍ਹਾਂ ਦੇ ਕਾਲਜ ਵਿਚ ਇਸ ਦਿਨ ਇਕ ਸਮਾਗਮ ਵੀ ਰੱਖਿਆ ਹੋਇਆ ਸੀ। ਇਸ ਮੌਕੇ ਬੁਲਾਰਿਆਂ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰ ਕੇ ਇਸ ਦਿਨ ਦੀ ਮਹੱਤਤਾ ਤੇ ਲੋੜ ਬਾਰੇ ਜਾਣਕਾਰੀ ਦਿੱਤੀ ਗਈ। ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਸੀ ਜਿਸ 'ਚ ਕਾਲਜ ਦੀਆਂ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਵਿਦਿਆਰਥੀਆਂ ਨੇ ਇਸ ਦਿਨ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਸਾਰੀ ਤਿਆਰੀ ਕੀਤੀ ਤੇ ਫਿਰ ਪ੍ਰੋਗਰਾਮ ਦਾ ਆਨੰਦ ਮਾਣਿਆ।

ਹੋਰ ਗੱਲਬਾਤ ਕਰਨ 'ਤੇ ਸਾਦਾ ਪਰ ਸਲੀਕੇ ਭਰਪੂਰ ਲਿਬਾਸ ਵਿਚ ਵਿਚਰ ਰਹੀਆਂ ਉਹ ਲੜਕੀਆਂ ਆਪਣੇ ਹੱਕਾਂ ਅਤੇ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਜਾਪੀਆਂ ਤੇ ਪੜ੍ਹਨ ਵਿਚ ਵੀ ਬੀਐੱਸਸੀ ਦੀਆਂ ਵਿਦਿਆਰਥਣਾਂ ਸਨ ਅਤੇ ਇਸ ਤੋਂ ਵੀ ਵੱਧ ਉਹ ਪੰਜਾਬ ਵਿਚ ਰਹਿ ਕੇ ਪੜ੍ਹਨ ਅਤੇ ਜ਼ਿੰਦਗੀ ਜਿਊਣ ਲਈ ਦ੍ਰਿੜ੍ਹ ਸਨ। ਉਨ੍ਹਾਂ ਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ ਕਿ ਕੋਈ ਹਰਿਆ ਬੂਟ ਬਚਿਆ ਹੈ ਅਜੇ ਪੰਜਾਬ ਵਿਚ। ਨਹੀਂ ਤਾਂ ਅੱਜ ਦੀ ਜਵਾਨੀ ਕੋਲ ਆਈਲੈਟਸ ਦਾ ਹੀ ਮੁੱਖ ਮੁੱਦਾ ਹੈ ਕਿ ਪਾਸ ਕਰ ਕੇ ਵਿਦੇਸ਼ ਜਾਇਆ ਜਾਵੇ। ਪੰਜਾਬ ਦੀ ਮਾੜੀ ਕਿਸਮਤ ਕਿ ਪੰਜਾਂ ਦਰਿਆਵਾਂ ਦੀ ਇਸ ਜ਼ਰਖ਼ੇਜ਼ ਧਰਤੀ 'ਤੇ ਕੋਈ ਰਹਿਣ ਨੂੰ ਤਿਆਰ ਹੀ ਨਹੀਂ। ਇਸ ਰੰਗਲੀ ਧਰਤ ਨੂੰ ਕਿਸ ਦੀ ਨਜ਼ਰ ਲੱਗੀ ਹੈ ਕਿ ਇਸ ਦੇ ਆਪਣੇ ਜਾਏ ਹੀ ਇਸ ਤੋਂ ਮੂੰਹ ਮੋੜਨ ਲੱਗ ਪਏ ਹਨ। ਫਿਰ ਮੈਂ ਮਿਲੀ ਸਮਾਜ ਦੇ ਉਸ ਵਰਗ ਦੀਆਂ ਔਰਤਾਂ ਨੂੰ ਜਿਨ੍ਹਾਂ ਨੂੰ ਸਕੂਲ ਦਾ ਮੂੰਹ ਦੇਖਣਾ ਸ਼ਾਇਦ ਹੀ ਕਦੇ ਨਸੀਬ ਹੋਇਆ ਹੋਵੇ। ਉਨ੍ਹਾਂ ਲਈ ਕੰਮ ਹੀ ਪੂਜਾ ਹੈ, ਬੰਦਗੀ ਹੈ ਤੇ ਹੋਰ ਸਭ ਕੁਝ ਬੇਕਾਰ। ਜਦ ਮੈਂ ਉਨ੍ਹਾਂ ਤੋਂ 8 ਮਾਰਚ ਨੂੰ ਔਰਤ ਦਿਵਸ ਮਨਾਉਣ ਬਾਰੇ ਪੁੱਛਿਆ ਤਾਂ ਉਹ ਮਾਯੂਸੀ 'ਚ ਬੋਲੀਆਂ, "ਕਾਹਦਾ ਔਰਤ ਦਿਵਸ। ਅਸੀਂ ਤਾਂ ਕਮਾ ਕੇ ਹੀ ਖਾਣਾ ਹੈ।" ਉਨ੍ਹਾਂ 'ਚੋਂ ਇਕ ਬੋਲੀ ਕਿ 40 ਸਾਲ ਪਹਿਲਾਂ ਉਹ ਨੇੜਲੇ ਪਿੰਡ 'ਚ ਵਿਆਹੀ ਆਈ ਸੀ। ਉਦੋਂ ਤੋਂ ਉਹ ਇਸ ਸ਼ਹਿਰ 'ਚ ਕੰਮ ਕਰ ਰਹੀ ਹੈ। ਉਹ ਜਵਾਨੀ ਤੋਂ ਬੁਢਾਪੇ 'ਚ ਆ ਗਈ ਹੈ ਪਰ ਜ਼ਿੰਦਗੀ ਦਾ ਸੰਘਰਸ਼ ਉਵੇਂ ਹੀ ਬਰਕਰਾਰ ਹੈ। ਉਹ ਦੋ ਵਾਰ ਪੰਚਾਇਤ ਦੀ ਮੈਂਬਰ ਵੀ ਰਹੀ ਹੈ, ਪਿੰਡ ਦੀ ਭਲਾਈ ਬਾਰੇ ਵੀ ਸੋਚਦੀ ਹੈ ਪਰ ਦਿਨ ਕਦੇ ਵੀ ਨਹੀਂ ਫਿਰੇ। ਕਈ ਵਾਰ ਤਾਂ ਉਸ ਦੀ ਸਖ਼ਤ ਮਿਹਨਤ ਦੀ ਕਮਾਈ ਵੀ ਉਸ ਦਾ ਸ਼ਰਾਬੀ ਪਤੀ ਖੋਹ ਕੇ ਲੈ ਜਾਂਦਾ ਹੈ। ਪੁੱਤ ਵੀ ਪਿਉ ਦੇ ਨਕਸ਼ੇਕਦਮ 'ਤੇ ਚੱਲ ਰਹੇ ਹਨ। ਉਸ ਦੀ ਤਾਂ ਆਪਣੀ ਜ਼ਿੰਦਗੀ ਹੀ ਅਵਾਜ਼ਾਰ ਹੈ। ਉਸ ਲਈ ਅਜਿਹੇ ਕੌਮਾਂਤਰੀ ਮਹਿਲਾ ਦਿਹਾੜਿਆਂ ਦੇ ਕੋਈ ਮਾਅਨੇ ਨਹੀਂ ਹਨ ਤੇ ਨਾ ਹੀ ਉਸ ਨੂੰ ਇਨ੍ਹਾਂ ਗੱਲਾਂ ਦੀ ਕੋਈ ਸੋਝੀ ਹੈ। ਦੂਜੀਆਂ ਵੀ ਦੁਖਿਆਰੀਆਂ ਹੀ ਲੱਗੀਆਂ। ਕਿਸੇ ਕੋਲ ਰਹਿਣ ਲਈ ਘਰ ਨਹੀਂ, ਕਿਸੇ ਕੋਲ ਖਾਣ ਲਈ ਦਾਣੇ ਨਹੀਂ, ਕਿਸੇ ਕੋਲ ਬਿਮਾਰੀ ਦੇ ਇਲਾਜ ਲਈ ਪੈਸੇ ਨਹੀਂ ਅਤੇ ਕਿਸੇ ਦੇ ਬੱਚੇ ਉਸ ਦੇ ਆਖੇ ਨਹੀਂ ਲੱਗਦੇ। ਅਜਿਹੀਆਂ ਬੇਅੰਤ ਪਰ ਜਾਇਜ਼ ਸਮੱਸਿਆਵਾਂ ਹਨ ਉਨ੍ਹਾਂ ਦੀਆਂ। ਇਹ ਹੱਲ ਹੋਣ ਤਾਂ ਹੀ ਉਹ ਕੁਝ ਹੋਰ ਸੋਚ ਸਕਦੀਆਂ ਹਨ। ਆਰਥਿਕ ਮਜ਼ਬੂਤੀ ਤੋਂ ਬਿਨਾਂ ਸਮਾਜਿਕ ਅਤੇ ਰਾਜਨੀਤਕ ਅਧਿਕਾਰਾਂ ਦੀ ਕੋਈ ਹੋਂਦ ਨਹੀਂ ਹੁੰਦੀ। ਇਹ ਤਾਂ ਸਭ ਅਮੀਰਾਂ ਦੇ ਚੋਚਲੇ ਹਨ, ਆਪਣੇ ਵੱਲੋਂ ਸਾਰੀ ਗੱਲਬਾਤ ਦਾ ਸਾਰਤੱਤ ਦੇ ਕੇ ਉਹ ਵਿਦਾ ਹੋ ਗਈਆਂ। ਮੈਂ ਹੁਣ ਖ਼ੁਦ ਇਸ ਦਿਨ ਬਾਰੇ ਸੋਚਣ ਲਈ ਸੁਤੰਤਰ ਸਾਂ। ਮੈਨੂੰ ਪਤਾ ਹੈ ਕਿ ਅੰਤਰਰਾਸ਼ਟਰੀ ਔਰਤ ਦਿਵਸ 'ਤੇ ਸਰਕਾਰੀ ਅਤੇ ਪ੍ਰਾਈਵੇਟ ਬਥੇਰੇ ਪ੍ਰੋਗਰਾਮ ਕੀਤੇ ਜਾਂਦੇ ਹਨ ਜਿਨ੍ਹਾਂ 'ਚ ਜ਼ਿਆਦਾਤਰ ਲਿਬਾਸਾਂ ਦਾ ਸ਼ੋਅ ਹੀ ਹੁੰਦਾ ਹੈ। ਸਰਕਾਰੀ ਅਧਿਕਾਰੀ ਜਾਂ ਸਿਆਸੀ ਪਾਰਟੀਆਂ ਨਾਲ ਸਬੰਧਤ ਔਰਤਾਂ ਰਿਬਨ ਕੱਟ ਕੇ ਸ਼ਾਨੋ-ਸ਼ੌਕਤ ਨਾਲ ਸਟੇਜ 'ਤੇ ਆਉਂਦੀਆਂ ਹਨ। ਬੁਲਾਰੇ ਰਸੂਖ਼ਵਾਨਾਂ ਦੇ ਸੋਹਲੇ ਗਾ ਕੇ ਤਾੜੀਆਂ ਬਟੋਰ ਲੈਂਦੇ ਹਨ।

ਆਮ ਔਰਤ ਉਸ ਵਿੱਚੋਂ ਮਨਫ਼ੀ ਹੀ ਹੁੰਦੀ ਹੈ। ਨਾ ਤਾਂ ਉਸ ਦਾ ਜ਼ਿਕਰ ਹੁੰਦਾ ਹੈ, ਨਾ ਹੀ ਉਸ ਦੀ ਕੋਈ ਸਮੱਸਿਆ ਸੁਣੀ ਜਾਂਦੀ ਹੈ ਅਤੇ ਨਾ ਕਿਸੇ ਕੋਲ ਉਸ ਦੇ ਦੁਖੜਿਆਂ ਦਾ ਕੋਈ ਹੱਲ ਹੁੰਦਾ ਹੈ। ਕਿਉਂਕਿ ਉਨ੍ਹਾਂ ਅਮੀਰ ਔਰਤਾਂ 'ਚੋਂ ਕਿਸੇ ਨੇ ਨਹੀਂ ਦੇਖਿਆ ਹੁੰਦਾ ਕਿ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਹੋਣ ਦੇ ਬਾਵਜੂਦ ਕੰਡਕਟਰ ਉਨ੍ਹਾਂ ਨੂੰ ਆਪਣੀ ਬੱਸ ਵਿਚ ਬਿਠਾਉਣਾ ਨਹੀਂ ਚਾਹੁੰਦੇ ਸਗੋਂ ਡਰਾਈਵਰ ਬੱਸ ਦੂਰ ਲਿਜਾ ਕੇ ਖੜ੍ਹੀ ਕਰਦਾ ਹੈ। ਕਈ ਘਰਾਂ ਵਿਚ ਅੱਜ ਵੀ ਔਰਤਾਂ ਦੀ ਕੁੱਟਮਾਰ ਕੀਤੀ ਜਾਂਦੀ ਹੈ। ਉਹ ਅਧਿਕਾਰਾਂ ਤੋਂ ਵਾਂਝੀਆਂ ਹਨ, ਕੁੱਖ ਤੋਂ ਲੈ ਕੇ ਕਬਰ ਤਕ ਉਹ ਅਸੁਰੱਖਿਅਤ ਹਨ। ਆਧੁਨਿਕਤਾ ਦੀ ਆੜ ਹੇਠ ਆਪਣੇ ਜਿਸਮ ਦੀ ਨੁਮਾਇਸ਼ ਕਰਨ ਲਈ ਮਜਬੂਰ ਹਨ। ਜਦੋਂ ਤਕ ਸਾਡਾ ਮਰਦ ਪ੍ਰਧਾਨ ਸਮਾਜ ਔਰਤ-ਮਰਦ ਨੂੰ ਬਰਾਬਰ ਨਹੀਂ ਸਮਝਦਾ ਤੇ ਪੁਰਾਤਨ ਸੋਚ ਜ਼ਰ, ਜ਼ੋਰੂ ਤੇ ਜ਼ਮੀਨ ਦਾ ਹੱਕ ਤਿਆਗਣ ਲਈ ਤਿਆਰ ਨਹੀਂ ਹੁੰਦਾ, ਆਪਣਾ ਹੰਕਾਰ ਨਹੀਂ ਛੱਡਦਾ ਅਤੇ ਆਪਣੀ ਪਸ਼ੂ ਬਿਰਤੀ 'ਤੇ ਕਾਬੂ ਨਹੀਂ ਪਾਉਂਦਾ ਉਦੋਂ ਤਕ ਅਜਿਹੇ ਦਿਨ ਮਹਿਜ਼ ਦਿਨ ਹੀ ਰਹਿਣਗੇ। ਔਰਤ-ਮਰਦ ਗੱਡੀ ਦੇ ਦੋ ਪਹੀਏ ਹਨ। ਜੇ ਗੱਡੀ ਦੇ ਦੋਵੇਂ ਪਹੀਏ ਸਹੀ ਸੇਧ ਵਿਚ ਚੱਲਣਗੇ ਤਾਂ ਹੀ ਗੱਡੀ ਮੰਜ਼ਿਲ ਸਰ ਕਰੇਗੀ। ਇਹੋ ਹਾਲ ਜ਼ਿੰਦਗੀ ਦਾ ਹੈ। ਘਰ, ਪਰਿਵਾਰ, ਬੱਚੇ ਉਨ੍ਹਾਂ ਪਰਿਵਾਰਾਂ ਦੇ ਹੀ ਖ਼ੁਸ਼ਹਾਲ ਹੁੰਦੇ ਹਨ ਜਿਨ੍ਹਾਂ ਦੇ ਘਰ ਵਿਚ ਮਾਂ-ਬਾਪ ਦੋਵੇਂ ਇਕ-ਦੂਜੇ ਦੇ ਪੂਰਕ ਹੋਣ, ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਣ ਤੇ ਦੁੱਖ ਸੁੱਖ ਦੇ ਸਾਥੀ ਹੋਣ। ਇਸੇ ਵਿਚ ਹੀ ਸਭ ਦੀ ਭਲਾਈ ਹੈ ਤੇ ਕੌਮਾਂਤਰੀ ਮਹਿਲਾ ਦਿਵਸ ਦੀ ਸਾਰਥਕਤਾ ਵੀ।

# ਗਲੋਬਲ ਸੋਚ ਬਨਾਮ ਗਲੋਬਲ ਘਾਟਾ !



ਰਾਜਿੰਦਰ ਸਿੰਘ ਰਾਣਾ
(ਟਾਂਡਾ)
001-510-557-6988

ਸੰਨ 1998 ਦੇ ਜੁਲਾਈ ਮਹੀਨੇ ਦੀ ਗੱਲ ਹੋਵੇਗੀ।ਲੁਧਿਆਣੇ ਇੰਜਨੀਅਰਿੰਗ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੈਂ ਗਾਜ਼ੀਆਬਾਦ 'ਕਲਿਆਣੀ ਮਸ਼ੀਨ ਟੂਲ' ਵਿੱਚ ਬਤੌਰ CNC Programmer ਕੰਮ ਕਰ ਰਿਹਾ ਸਾਂ। ਮਾਰਵਾੜੀ ਲਾਲੇ ਕੰਪਨੀ ਮਾਲਕ ਵਪਾਰ ਦੇ ਪੂਰੇ ਮਾਸਟਰ ਤੇ ਮੈਂ ਪੇਂਡੂ ਭਾਈ, ਹਰੇਕ ਉੱਤੇ ਵਿਸ਼ਵਾਸ਼ ਕਰਨ ਵਾਲਾ! ਉਹ ਲਾਲੇ ਗਵਾਲੀਅਰ ਤੋਂ ਇੱਕ ਪੁਰਾਣੀ CNC ਮਸ਼ੀਨ ਕਬਾੜ ਵਿੱਚ ਲੈ ਆਏ।ਜੋ ਕਿ ਰਿਪੇਅਰ ਤੋਂ ਬਾਅਦ ਕੋਈ ਦੋ ਕੁ ਕ੍ਰੋੜ ਰੁਪਏ ਦੀ ਹੋ ਜਾਣੀ ਸੀ।

ਵੱਡੇ ਵੱਡੇ ਪ੍ਰੋਗਰਾਮਰ ਦਿੱਲੀ ਬੰਬੇ ਤੋਂ ਆਏ ਸਭ ਨਾਂਹ ਕਰ ਗਏ। ਅਖੀਰ ਇੱਕ ਪਾਰਸੀ ਕਾਰੀਗਰ ਬੰਬੇ ਤੋਂ ਆਇਆ। ਮਸ਼ੀਨ ਚੈੱਕ ਕਰਕੇ ਕਹਿੰਦਾ ਜੇਕਰ ਮੈਨੂੰ ਤੁਸੀਂ ਆਹ ਇੱਕ ਪੰਜ ਵੋਲਟ ਦੀ regulated Power Supply ਕਿਤਿਓਂ ਲਿਆ ਦਿਓਂ ਤਾਂ ਮੈਨੂੰ ਲੱਗਦੈ ਗੱਲ ਬਣ ਜਾਏਗੀ। ਮੈਂ ਪਤਾ ਕੀਤਾ ਕਿ ਦਿੱਲੀ ਲਾਜਪਤ ਮਾਰਕੀਟ ਤੋਂ ਇਹ ਸਪਲਾਈ ਮਿਲ ਸਕਦੀ ਹੈ ਪਰ ਮਹਿੰਗੀ ਹੋਵੇਗੀ ਕੋਈ ਪੰਜ ਕੁ ਹਜ਼ਾਰ ਦੀ। ਮੈਂ ਡਰਾਈਵਰ ਲਿਆ ਦਿੱਲੀ ਲਾਜਪਤ ਮਾਰਕੀਟ ਜਾਮਾ ਮਸਜਿਦ ਸਾਹਵੇਂ ਜਾ ਪਹੁੰਚਾ। ਕੋਈ ਦਸ ਕੁ ਦੁਕਾਨਾਂ ਘੁੰਮ ਕੇ ਦੇਖੀਆਂ। ਸਾਰੀਆਂ ਥੋਕ ਦੀਆਂ ਦੁਕਾਨਾਂ ਮੇਰੀ ਗੱਲ ਨੂੰ ਕੋਈ ਨਾ ਸਮਝੇ। ਅਖੀਰ ਇੱਕ ਬਹਾਦਰ ਪੁਰਸ਼ ਆਖਣ ਲੱਗੇ ਕਾਕਾ ਫਲਾਣੀ ਦੁਕਾਨ ਉੱਤੇ ਚਲੇ ਜਾਹ ਉਹ ਤੇਰੀ ਗੱਲ ਸਮਝਣਗੇ।

ਇੱਕ ਵੱਡੀ ਸਾਰੀ ਦੁਕਾਨ ਉੱਤੇ ਤਿੰਨ ਲਾਲੇ ਬੈਠੇ। ਬੜਾ ਸਾਫ ਸੁਥਰਾ ਸ਼ੋਅ ਰੂਮ। ਮੇਰੀ ਗੱਲ ਸੁਣ ਕੇ ਉਹ ਬੋਲੇ-ਹਾਂ ਜੀ ਇਹ ਚੀਜ਼ ਮਿਲ ਜਾਏਗੀ ਪਰ ਮਹਿੰਗੀ ਹੋਵੇਗੀ ਕੋਈ 9800 ਰੁਪਏ ਦੀ। ਮੇਰੇ ਕੋਲ ਸਨ ਕੇਵਲ 5000 ਰੁਪਏ। ਮੈਂ ਦੱਸਿਆ ਕਿ ਲਾਲਾ ਜੀ ਮੈਨੂੰ ਇਹ Power Supply ਕੇਵਲ ਟੈਸਟਿੰਗ ਲਈ ਹੀ ਚਾਹੀਦੀ ਹੈ। ਜੇ ਕੰਮ ਨਾ ਆਈ ਤੇ ਸਾਡੇ ਇਹ ਸਾਰੇ ਪੈਸੇ ਗੁੱਲ ਹੋ ਜਾਣੇ ਨੇ। ਉਹ ਮਾਲਕ ਆਖਣ ਲੱਗਾ ਬੇਟਾ ਜੀ ਚਿੰਤਾ ਨਾ ਕਰੋ ਤੁਸੀਂ 2-3 ਦਿਨ ਲਾ ਕੇ ਟੈਸਟ ਕਰ ਲਉ, ਜੇਕਰ ਕੰਮ ਨਾ ਆਈ ਤਾਂ ਮੋੜ ਜਾਇਉ ਤੇ ਆਪਣੇ ਪੈਸੇ ਵਾਪਸ ਲੈ ਜਾਣਾ ਇਹ ਕੋਈ ਬਹੁਤ ਵੱਡੀ ਗੱਲ ਨਹੀਂ।

ਮੈਂ ਵਾਪਸ ਗਾਜ਼ੀਆਬਾਦ ਤੋਂ ਪੂਰੇ ਪੈਸੇ ਲੈ ਕੇ ਮੁੜ ਦਿੱਲੀ ਆਇਆ ਤੇ ਉਹ ਮਸ਼ੀਨ ਖਰੀਦ ਲਿਆਂਦੀ। ਪਰ ਇਹ ਪੁਰਜ਼ਾ ਸਾਡੇ ਕੰਮ ਨਾ ਆਇਆ। ਮੈਂ ਚਾਰ ਕੁ ਦਿਨ ਬਾਅਦ ਆਪਣੇ ਦਫਤਰ ਜਾ ਕੇ ਮਾਰਵਾੜੀ ਲਾਲਾ ਜੀ ਨੂੰ ਆਖਿਆ ਕਿ ਮੈਨੂੰ ਡਰਾਈਵਰ ਦੇਵੋ ਤਾਂਕਿ ਮੈਂ ਇਹ ਪੁਰਜ਼ਾ ਮੋੜ ਕੇ ਪੈਸੇ ਵਾਪਸ ਲੈ ਆਵਾਂ।

ਮਾਰਵਾੜੀ ਲਾਲਾ ਜੀ ਕਹਿੰਦੇ-ਸਰਦਾਰਾ, ਤੂੰ ਪੇਂਡੂ ਬੰਦਾ ਨਵਾਂ ਨਵਾਂ ਹਾਲੇ ਸ਼ਹਿਰ ਵਿੱਚ ਆਇਆ ਐਂ, ਤੇਰੇ ਵਰਗੇ ਨੂੰ ਲਾਜਪਤ ਮਾਰਕੀਟ ਵਾਲੇ ਤਲੀ ਉੱਤੇ ਰੱਖ ਕੇ ਚੱਟ ਜਾਣ! ਉਸ ਨੇ ਆਪਣੀ ਤਲੀ ਉੱਤੇ ਜੀਭ ਫੇਰ ਕੇ ਮੈਨੂੰ ਸਮਝਾਇਆ। ਮੈਂ ਜ਼ਿਦ ਕੀਤੀ ਕਿ ਨਹੀਂ ਜੀ, ਉਹ ਦੁਕਾਨਦਾਰ ਮੈਨੂੰ ਭਲਾ ਲੋਕ ਜਾਪਦਾ ਸੀ! ਆਖਰ ਪੰਦਰਾਂ ਮਿੰਟ ਬਹਿਸ ਤੋਂ ਬਾਅਦ ਮਾਰਵਾੜੀ ਲਾਲਾ ਜੀ ਮੰਨ ਗਏ ਤੇ ਮੈਂ ਪੁਰਜ਼ਾ ਚੁੱਕ ਕੇ ਦਿੱਲੀ ਜਾ ਪਹੁੰਚਾ।

ਦਿੱਲੀ ਪਹੁੰਚ ਲਾਲਾ ਜੀ ਨੂੰ ਸਾਰੀ ਗੱਲ ਯਾਦ ਕਰਵਾ ਕੇ ਪੈਸੇ ਮੋੜਨ ਲਈ ਕਿਹਾ। ਉਨ੍ਹਾਂ ਬੜੇ ਆਰਾਮ ਨਾਲ ਇੱਕ ਨੌਕਰ ਨੂੰ ਕਹਿ ਕੇ ਪੁਰਜ਼ਾ ਚੈੱਕ ਕਰਵਾਇਆ ਅਤੇ 9800 ਰੁਪਏ ਰਬੜ ਪਾ ਕੇ ਮੇਜ ਉੱਤੇ ਲਿਆ ਰੱਖੇ! ਕੋਈ ਸਵਾਲ ਵੀ ਨਾ ਪੁੱਛਿਆ। ਹੈਰਾਨ ਹੁੰਦਿਆਂ ਮੈ ਕੁਰਸੀ ਤੇ ਬਹਿ ਗਿਆ ਤੇ ਲਾਲਾ ਜੀ ਨੂੰ ਸਾਰੀ ਗੱਲ ਸੁਣਾਈ ਕਿ ਸਾਡੇ ਮਾਰਵਾੜੀ ਲਾਲਾ ਜੀ ਨੇ ਤਾਂ ਸ਼ਰਤ ਲਾਈ ਸੀ ਕਿ ਇਹ ਪੈਸੇ ਮੁੜ ਹੀ ਨਹੀਂ ਸਕਦੇ?

ਲਾਲਾ ਜੀ ਨੇ ਲੰਬਾ ਸਾਹ ਭਰਕੇ ਜਿਹੜੀ ਗੱਲ ਕਹੀ, ਉਹ ਮੇਰੀ ਜਿੰਦਗੀ ਦਾ ਚਾਨਣ ਮੁਨਾਰਾ ਬਣ ਗਈ।ਕਹਿਣ ਲੱਗੇ-'ਬੇਟਾ ਜੀ, ਗਲਤ ਤੇਰੇ ਸੇਠ ਵੀ ਨਹੀਂ। ਕਿਉਂਕਿ ਇਸ ਮਾਰਕੀਟ ਦੀਆਂ 500 ਦੁਕਾਨਾਂ ਵਿਚੋਂ 499 ਉੱਤੇ ਤੁਹਾਡੇ ਮਾਲਕ ਦੀ ਗੱਲ ਲਾਗੂ ਹੁੰਦੀ ਹੈ ਪਰ ਮੇਰੀ ਦੁਕਾਨ ਦਾ ਨਾਮ ਹੈ 'ਗਲੋਬਲ ਇਲੈਕਟ੍ਰੋਨਿਕਸ' ਸੋ ਮੇਰੀ ਸੋਚ ਵੀ 'ਗਲੋਬਲ' ਹੀ ਹੈ। ਇਸ ਪੁਰਜ਼ੇ ਦੀ ਕੀਮਤ 9800 ਰੁਪਏ ਵਿਚੋਂ ਮੇਰਾ ਨਫ਼ਾ 2500 ਰੁਪਏ ਹੈ ਜੋ ਮੈ ਕਮਾਉਣਾ ਹੀ ਕਮਾਉਣਾ ਹੈ। ਚਾਹੇ ਇਹ ਪੁਰਜ਼ਾ ਤੁਹਾਨੂੰ ਵੇਚਾਂ ਜਾਂ ਕਿਸੇ ਹੋਰ ਨੂੰ। ਪਰ ਮੈਂ ਸਮਾਨ ਵੇਚਣ ਵੇਲੇ ਇਹ ਖਿਆਲ ਰੱਖਦਾ ਹਾਂ ਕਿ ਜਿਸ ਨੇ ਪੈਸੇ ਖਰਚਣੇ ਨੇ, ਕਿਤੇ ਉਹਨੂੰ ਘਾਟਾ ਤਾਂ ਨਹੀਂ ਪੈਂਦਾ? ਜੇ 9800 ਰੁਪਏ ਵਿਚੋਂ ਮੈਨੂੰ 2500 ਦਾ ਪ੍ਰਾਫਿਟ ਹੋਇਆ ਪਰ ਤੁਹਾਨੂੰ 9800 ਦਾ ਘਾਟਾ ਪੈ ਗਿਆ ਤਾਂ ਸਾਨੂੰ ਸਾਰਿਆਂ ਨੂੰ ਗਲੋਬਲੀ 7300 ਰੁਪਏ ਦਾ ਘਾਟਾ ਪੈ ਜਾਂਦਾ। ਸੋ ਮੈਂ ਜਿੰਦਗੀ ਵਿੱਚ ਗਲੋਬਲ ਘਾਟਾ ਪੈਣ ਵਾਲਾ ਸੌਦਾ ਨਹੀਂ ਕਰਦਾ ਕਾਕਾ! ਚਾਹੇ ਮੈਨੂੰ ਕਿੰਨਾ ਵੀ ਪ੍ਰਾਫਿਟ ਕਿਓਂ ਨਾ ਹੁੰਦਾ ਹੋਵੇ। ਕਾਕਾ ਜੀ, ਜਿੰਦਗੀ ਵਿੱਚ ਵਪਾਰ ਦਾ ਮਜ਼ਾ ਤਾਂ ਹੀ ਆਉਂਦਾ ਕਿ ਜੇ ਖਰੀਦਣ ਤੇ ਵੇਚਣ ਵਾਲਾ ਦੋਵੇਂ ਨਫ਼ੇ ਵਿੱਚ ਰਹਿਣ!

ਉਸ ਬਜ਼ੁਰਗ ਦੁਕਾਨਦਾਰ ਦੀ 'ਘਾਟਾ ਨਾਪਣ ਵਾਲੀ ਜੁਗਤਿ' ਨੇ ਇੱਕ ਵਾਰ ਤਾਂ ਮੇਰੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ! ਕਿੰਨਾ ਅਨਮੋਲ ਸਬਕ ਸੌਖਾ ਹੀ ਮੇਰੀ ਝੋਲੀ ਪੈ ਗਿਆ!

ਮੈਂ ਉਸ ਬਜ਼ੁਰਗ ਨੂੰ ਆਪਣੇ ਮਨ ਹੀ ਮਨ ਏਕਲਵਯ ਵਾਂਗ ਜਿੰਦਗੀ ਵਿੱਚ ਵਪਾਰਿਕ ਉਸਤਾਦ ਧਾਰਨ ਕਰ ਲਿਆ। ਪ੍ਰਣ ਕੀਤਾ ਕਿ ਕੋਈ ਵੀ ਕਾਰੋਬਾਰ ਕਰਾਂ, ਨਾਮ 'ਗਲੋਬਲ' ਹੀ ਹੋਵੇਗਾ ਤੇ ਸੋਚ ਵੀ 'ਗਲੋਬਲ'! ਦੋਸਤੋ, ਇਸ ਮਾਰਚ ਮਹੀਨੇ, ਪੂਰੇ ਅਠਾਰਾਂ ਸਾਲ ਹੋ ਗਏ, ਬੜੇ ਉਤਰਾਅ ਚੜ੍ਹਾਅ ਦੇਖੇ ਪਰ ਸੱਚੇ ਗੁਰੂ ਸਾਹਿਬ ਦੀ ਮਿਹਰ ਨਾਲ ਗਲੋਬਲ ਸੋਚ ਨਾਲੋਂ ਨਾਤਾ ਨਹੀਂ ਟੁੱਟਣ ਦਿੱਤਾ!




ਪੰਥ ਤੇਰੇ ਦੀਆਂ ਗੂੰਜਾਂ ਦਿਨੋਂ-ਦਿਨ ਪੈਂਦੀਆਂ ਰਹਿਣਗੀਆਂ

ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ

ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ

# 24ਵੇਂ ਮਹਾਨ ਨਗਰ ਕੀਰਤਨ

'ਤੇ ਸਮੂਹ ਸੰਗਤਾਂ ਨੂੰ ਨਗਰ ਕੀਰਤਨ 'ਚ ਪਹੁੰਚਣ ਦੀ ਬੇਨਤੀ



ਕਮਿਊਨਿਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਖੇਡਾਂ ਨੂੰ ਪ੍ਰਮੋਟ ਅਤੇ ਸਪੋਰਟ ਕਰਨ ਵਾਲੇ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਬਿਜਨਸਮੈਨ

**ਸ੍ਰ. ਜਗਜੀਤ ਸਿੰਘ ਰੱਕੜ**

**ਅਤੇ ਸਮੂਹ ਰੱਕੜ ਪਰਿਵਾਰ**




# PUNJABI AMERICAN ASSOCIATION MANTECA

Proudly presents

# ਗਿਆਰਵਾਂ ਵਿਸਾਖੀ ਖੇਡ ਮੇਲਾ

## Saturday may 6th, 2023 from 9am to 7pm

**At Woodward Park, lower basin 710 E, Woodward Ave, Manteca, CA 95337**

**Vaisaki bumper Raffle** (70th flat screen TV, laptops, game console, BBQ home audio system, bicycle and many more items....)


**Traditional fun games for kids**

**Tug of war**

**Games and sports for all age groups**

**Folk dance bhangra & gidha**

**Free admission**



**For more information call Tony Dhailwal @ (209)482-2948 Birinder singh @ (510)750-4135**

**E-mail: Paam.ca2010@gmail.com**

**On site police officers will be present.** **Strictly NO DRUGS OR ALCOHOL allowed on mela Grounds.**



Host
Mandeep bhullar
Cultural events



Host
Navina mann
Cultural events



Host
Harminder S.samana
Sports event

Law office of Anthony Nwosu

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



## ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਪੰਜਾਬ ਦੇ ਸਨਅਤੀ ਵਿਕਾਸ ਦੀ ਦਸ਼ਾ ਤੇ ਦਿਸ਼ਾ

## ਵਿਉਂਤਬੰਦੀ ਨਾਲ ਪੰਜਾਬ 'ਚੋਂ ਖ਼ਤਮ ਹੋ ਸਕਦੀ ਹੈ ਬੇਰੁਜ਼ਗਾਰੀ

-ਡਾ. ਰਣਜੀਤ ਸਿੰਘ

*ਪੰਜਾਬ ਦੇ ਪਿੰਡਾਂ ਵਿਚ ਖੇਤੀ ਉਪਜ ਆਧਾਰਤ ਛੋਟੇ ਕਾਰਖਾਨੇ ਸਥਾਪਤ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿਚ ਖੇਤੀ ਉਪਜ, ਫ਼ਲ, ਸਬਜ਼ੀਆਂ, ਦੁੱਧ ਆਦਿ ਦਾ ਪਦਾਰਥੀਕਰਨ ਕੀਤਾ ਜਾ ਸਕਦਾ ਹੈ। ਹੁਣ ਅਜਿਹੀਆਂ ਇਕਾਈਆਂ ਬਹੁਤ ਘੱਟ ਹਨ। ਪੰਜਾਬ ਵਿਚ ਵਿਕਣ ਵਾਲਾ ਬਹੁਤ ਸਾਰਾ ਤਿਆਰ ਮਾਲ ਵੀ ਦੂਜੇ ਸੂਬਿਆਂ ਵਿੱਚੋਂ ਆਉਂਦਾ ਹੈ। ਪਿੰਡਾਂ ਵਿਚ ਸਥਾਪਤ ਅਜਿਹੀਆਂ ਇਕਾਈਆਂ ਪੇਂਡੂ ਲੋਕਾਂ ਨੂੰ ਰੁਜ਼ਗਾਰ ਦੇਣਗੀਆਂ। ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ ਅਤੇ ਖੇਤੀ ਵਿਚ ਵਿਭਿੰਨਤਾ ਆਵੇਗੀ।*



ਖੇਤੀ ਦੇ ਨਾਲੋ-ਨਾਲ ਪੰਜਾਬ ਦੇ ਸਨਅਤੀ ਵਿਕਾਸ ਵਿਚ ਵੀ ਖੜੋਤ ਆ ਗਈ ਹੈ। ਇੱਥੇ ਜਦੋਂ ਹਰੇ ਇਨਕਲਾਬ ਨਾਲ ਜਾਣਿਆ ਜਾਂਦਾ ਖੇਤੀ ਵਿਕਾਸ ਹੋਇਆ ਸੀ ਉਦੋਂ ਹੀ ਸਨਅਤ ਵਿਚ ਵੀ ਚੋਖਾ ਵਿਕਾਸ ਹੋਇਆ ਸੀ। ਸੂਬੇ ਵਿਚ ਕਈ ਸਨਅਤੀ ਕੇਂਦਰ ਸਥਾਪਤ ਹੋਏ ਸਨ। ਖੇਤੀ ਦੇ ਨਾਲ ਹੁਣ ਸਨਅਤੀ ਵਿਕਾਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਖੇਤੀ ਜੋਤਾਂ ਦੇ ਘਟ ਰਹੇ ਆਕਾਰ ਕਾਰਨ ਵਿਹਲੇ ਹੋ ਰਹੇ ਪੇਂਡੂ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਸੋਚਣਾ ਪਵੇਗਾ ਕਿ ਇੱਥੇ ਕਿਹੋ ਜਿਹੀ ਸਨਅਤ ਵਿਕਸਤ ਕੀਤੀ ਜਾਵੇ।

ਪੰਜਾਬ 'ਚ ਅਜਿਹੀ ਸਨਅਤ ਦੀ ਲੋੜ ਹੈ ਜਿਹੜੀ ਘੱਟ ਤੋਂ ਘੱਟ ਪ੍ਰਦੂਸ਼ਣ ਫੈਲਾਵੇ ਅਤੇ ਘੱਟੋ-ਘੱਟ ਧਰਤੀ ਦੀ ਵਰਤੋਂ ਕਰੇ ਕਿਉਂਕਿ ਕਿਸਾਨਾਂ ਦੇ ਉਜਾੜੇ ਨਾਲ ਸਨਅਤਾਂ ਦੀ ਕਾਇਮੀ ਲਾਭ ਦੀ ਥਾਂ ਨੁਕਸਾਨ ਵਧੇਰੇ ਕਰਦੀ ਹੈ। ਵੱਡੀ ਫੈਕਟਰੀ ਦੀ ਸਥਾਪਨਾ ਸੈਂਕੜੇ ਕਿਸਾਨਾਂ ਦਾ ਉਜਾੜਾ ਕਰਦੀ ਹੈ। ਇਸ ਨਾਲ ਪ੍ਰਦੂਸ਼ਣ ਵਿਚ ਵੀ ਵਾਧਾ ਹੁੰਦਾ ਹੈ। ਫੈਕਟਰੀ ਮਾਲਕ ਉਜਾੜੇ ਗਏ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਪਰਵਾਸੀ ਕਾਮਿਆਂ ਉੱਤੇ ਵਧੇਰੇ ਨਿਰਭਰ ਕਰਦੇ ਹਨ। ਪੰਜਾਬ ਵਿਚ ਸੈਰ-ਸਪਾਟਾ, ਵਿੱਦਿਆ ਅਤੇ ਸਿਹਤ-ਸਹੂਲਤਾਂ ਨੂੰ ਸਨਅਤ ਦੇ ਰੂਪ ਵਿਚ ਵਿਕਸਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਖੇਤੀ ਉਪਜ ਆਧਾਰਤ ਛੋਟੇ ਕਾਰਖਾਨੇ ਵੀ ਲਗਾਏ ਜਾ ਸਕਦੇ ਹਨ। ਇਨ੍ਹਾਂ ਸਨਅਤਾਂ ਦਾ ਵਿਕਾਸ ਪੰਜਾਬੀਆਂ ਨੂੰ ਰੁਜ਼ਗਾਰ ਦੇਵੇਗਾ, ਕਿਸਾਨਾਂ ਦਾ ਉਜਾੜਾ ਰੁਕੇਗਾ, ਸਰਕਾਰੀ ਆਮਦਨ ਵਿਚ ਵਾਧਾ ਹੋਵੇਗਾ ਤੇ ਪ੍ਰਦੂਸ਼ਣ 'ਚ ਵੀ ਵਾਧਾ ਨਹੀਂ ਹੋਵੇਗਾ। ਪੰਜਾਬ 'ਚ ਸੈਰ-ਸਪਾਟਾ ਵਿਭਾਗ ਤੇ ਇਕ ਕਾਰਪੋਰੇਸ਼ਨ ਵੀ ਹੈ। ਇਸ ਮਹਿਕਮੇ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਜਾਂਦੀ। ਸ਼ਾਇਦ ਇਹੀ ਸਮਝਿਆ ਜਾਂਦਾ ਹੈ ਕਿ ਪੰਜਾਬ ਵਿਚ ਪਹਾੜ ਅਤੇ ਸਮੁੰਦਰੀ ਕੰਢੇ ਨਹੀਂ ਹਨ, ਇਸੇ ਕਰਕੇ ਇੱਥੇ ਸੈਲਾਨੀ ਨਹੀਂ ਆ ਸਕਦੇ ਪਰ ਸਾਨੂੰ ਰਾਜਸਥਾਨ ਵੱਲ ਵੇਖਣਾ ਚਾਹੀਦਾ ਹੈ। ਉੱਥੇ ਰਾਜਿਆਂ ਦੇ ਮਹਿਲਾਂ ਅਤੇ ਰੇਗਿਸਤਾਨ ਦੇ ਸਹਾਰੇ ਹੀ ਸੈਲਾਨੀਆਂ ਨੂੰ ਖਿੱਚਿਆ ਗਿਆ ਹੈ। ਪੰਜਾਬ 'ਚ ਇਹੋ ਜਿਹੀ ਸੈਰ-ਸਪਾਟਾ ਸਨਅਤ ਵਿਕਸਤ ਹੋਵੇ। ਸਰਕਾਰੀ ਕਦਮ ਵੀ ਚੁੱਕੇ ਗਏ ਹਨ ਪਰ ਇੱਕਾ-ਦੁੱਕਾ ਯਤਨ ਵਧੇਰੇ ਪ੍ਰਭਾਵਸ਼ਾਲੀ ਨਹੀਂ ਹੁੰਦੇ ਸਗੋਂ ਇਕ ਵੱਡੇ ਪੱਧਰ ਦੀ ਸਮੁੱਚੀ ਯੋਜਨਾ ਦੀ ਲੋੜ ਹੈ। ਪੰਜਾਬ 'ਚ ਧਾਰਮਿਕ ਤੇ ਹਰਿਆਵਲ ਯਾਤਰਾਵਾਂ ਬਹੁਤ ਸਫਲ ਹੋ ਸਕਦੀਆਂ ਹਨ। ਇੱਥੇ ਸਿੱਖਾਂ ਦੇ ਤਿੰਨ ਤਖ਼ਤ ਹਨ। ਯਾਤਰੂਆਂ ਲਈ ਇਹ ਯਾਤਰਾ ਦੀ ਸੁੰਦਰ ਤਿਕੋਣ ਬਣ ਸਕਦੀ ਹੈ।

ਸੈਲਾਨੀਆਂ ਵੱਲੋਂ ਭਾਖੜਾ ਤੋਂ ਸ਼ੁਰੂ ਹੋ ਕੇ ਅਨੰਦਪੁਰ ਸਾਹਿਬ, ਚੰਡੀਗੜ੍ਹ, ਛੱਤਬੀੜ, ਫ਼ਤਿਹਗੜ੍ਹ ਸਾਹਿਬ, ਪਟਿਆਲਾ ਤੇ ਦਮਦਮਾ ਸਾਹਿਬ ਦੀ ਯਾਤਰਾ ਕੀਤੀ ਜਾ ਸਕਦੀ ਹੈ। ਇੱਥੋਂ ਹਰੀਕੇ ਪੱਤਣ, ਤਰਨ ਤਾਰਨ ਹੁੰਦੇ ਹੋਏ ਅੰਮ੍ਰਿਤਸਰ ਤੇ ਜਲੰਧਰ ਘੁੰਮਿਆ ਜਾ ਸਕਦਾ ਹੈ। ਅੰਮ੍ਰਿਤਸਰ ਪਹਿਲਾਂ ਹੀ ਕੌਮਾਂਤਰੀ ਹਵਾਈ ਅੱਡਾ ਹੈ ਤੇ ਮੁਹਾਲੀ ਤਿਆਰ ਹੋ ਗਿਆ ਹੈ। ਇਨ੍ਹਾਂ ਦੋਵਾਂ ਥਾਵਾਂ ਤੋਂ ਯਾਤਰਾ ਸ਼ੁਰੂ ਕਰ ਕੇ ਇੱਥੇ ਹੀ ਸਮਾਪਤ ਹੋ ਸਕਦੀ ਹੈ। ਪੰਜਾਬ ਵਿਚ ਯੋਜਨਾਬੱਧ ਯਾਤਰਾਵਾਂ ਦਾ ਪ੍ਰਬੰਧ ਨਹੀਂ ਕੀਤਾ ਗਿਆ ਹੈ। ਜੇਕਰ ਵਧੀਆ ਏਸੀ ਬੱਸਾਂ ਰਾਹੀਂ ਸਾਫ਼-ਸੁਥਰੇ ਖਾਣੇ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇ ਤਾਂ ਹਜ਼ਾਰਾਂ ਵਿਦੇਸ਼ੀ ਸਿੱਖ ਅਤੇ ਗ਼ੈਰ-ਸਿੱਖ ਇਸ ਦਾ ਲਾਭ ਜ਼ਰੂਰ ਉਠਾਉਣਗੇ। ਤਲਵੰਡੀ ਸਾਬੋ ਨੂੰ ਵਿਕਸਤ ਕਰਨ ਦੀ ਲੋੜ ਹੈ। ਇਸ ਇਲਾਕੇ ਵਿਚ ਹਰ ਪਾਸੇ ਅੰਗੂਰਾਂ ਅਤੇ ਕਿੰਨੂਆਂ ਦੇ ਬਗੀਚੇ ਹਨ। ਇਸੇ ਤਰ੍ਹਾਂ ਪੰਜਾਬ ਦੀ ਸਾਰੀ ਧਰਤੀ ਸਾਲ ਵਿਚ ਦਸ ਮਹੀਨੇ ਫ਼ਸਲਾਂ ਦੀ ਹਰੀ ਚਾਦਰ ਨਾਲ ਢਕੀ ਰਹਿੰਦੀ ਹੈ। ਪਿੰਡਾਂ ਵਿਚ ਸ਼ਾਨਦਾਰ ਕੋਠੀਆਂ ਹਨ। ਅਜਿਹੇ ਵਿਕਸਤ ਪਿੰਡ ਹੋਰ ਸੂਬਿਆਂ ਵਿਚ ਨਹੀਂ ਹਨ। ਇਸ ਨਜ਼ਾਰੇ ਨੂੰ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਇਆ ਜਾ ਸਕਦਾ ਹੈ। ਵਿਵਸਥਾ ਅਜਿਹੀ ਹੋਵੇ ਕਿ ਹਵਾਏ ਅੱਡੇ ਤੋਂ ਹੀ ਸੈਲਾਨੀਆਂ ਦਾ ਸਵਾਗਤ ਕਰ ਕੇ ਸਾਰਾ ਪ੍ਰਬੰਧ ਸਬੰਧਤ ਅਦਾਰੇ ਵੱਲੋਂ ਕੀਤਾ ਜਾਵੇ। ਇਸ ਸਬੰਧੀ ਬੁਕਿੰਗ ਵਿਦੇਸ਼ਾਂ ਵਿਚ ਵੀ ਹੋ ਸਕਦੀ ਹੈ। ਸਿੰਗਾਪੁਰ, ਦੁਬਈ, ਮਲੇਸ਼ੀਆ ਆਦਿ ਦੇਸ਼ਾਂ ਵੱਲੋਂ ਅਜਿਹੀਆਂ ਸਹੂਲਤਾਂ ਸਾਰੇ ਸੰਸਾਰ ਵਿਚ ਹਨ। ਹਿਮਾਚਲ ਅਤੇ ਕਸ਼ਮੀਰ ਨੂੰ ਜਾਣ ਵਾਲੇ ਯਾਤਰੀ ਵੀ ਪੰਜਾਬ ਦੀ ਪ੍ਰਾਹੁਣਚਾਰੀ ਦਾ ਆਨੰਦ ਮਾਣਨਾ ਚਾਹੁੰਣਗੇ। ਪੰਜਾਬੀ ਪ੍ਰਾਹੁਣਚਾਰੀ ਲਈ ਪ੍ਰਸਿੱਧ ਹਨ ਪਰ ਇੱਥੇ ਯਾਤਰੀਆਂ ਅਤੇ ਸੈਲਾਨੀਆਂ ਲਈ ਢੁੱਕਵਾਂ ਅਤੇ ਸੁਖਾਵਾਂ ਪ੍ਰਬੰਧ ਨਹੀਂ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਬਹੁਤ ਸਾਰੇ ਤਕਨੀਕੀ ਕਾਲਜ ਖੁੱਲ੍ਹ ਗਏ ਹਨ। 'ਵਰਸਿਟੀਆਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ।

ਜੇ ਇੱਥੇ ਮਿਆਰੀ ਵਿੱਦਿਆ ਪ੍ਰਦਾਨ ਕੀਤੀ ਜਾਵੇ, ਦੂਜੇ ਸੂਬਿਆਂ ਅਤੇ ਵਿਦੇਸ਼ੀ ਵਿਦਿਆਰਥੀਆਂ ਦਾ ਪੂਰਾ ਧਿਆਨ ਰੱਖਿਆ ਜਾਵੇ ਤਾਂ ਵਿੱਦਿਆ ਨੂੰ ਵੀ ਸਨਅਤ ਦੇ ਰੂਪ ਵਿਚ ਵਿਕਸਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਲੋਕਾਂ ਨੂੰ ਰੁਜ਼ਗਾਰ ਵੀ ਮਿਲੇਗਾ ਅਤੇ ਸਰਕਾਰੀ ਆਮਦਨ ਵੀ ਵਧ ਸਕਦੀ ਹੈ। ਇਹ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਇਨ੍ਹਾਂ 'ਚੋਂ ਬਹੁਤੇ ਕਾਲਜ ਮਿਆਰੀ ਵਿੱਦਿਆ ਨਹੀਂ ਦੇ ਰਹੇ ਅਤੇ ਵਿਦਿਆਰਥੀਆਂ ਲਈ ਵੀ ਪੂਰੀਆਂ ਸਹੂਲਤਾਂ ਨਹੀਂ ਹਨ। ਜੇ ਇਹ ਆਪਣਾ ਮਿਆਰ ਉੱਚਾ ਕਰ ਲੈਣ ਤਾਂ ਇਸ ਸਬੰਧੀ ਦੂਜੇ ਸੂਬਿਆਂ ਤੇ ਵਿਦੇਸ਼ਾਂ 'ਚ ਪ੍ਰਚਾਰ ਕੀਤਾ ਜਾ ਸਕਦਾ ਹੈ। ਹੁਣ ਵਿਦੇਸ਼ੀ ਵਿਦਿਆਰਥੀਆਂ ਨੂੰ ਅਪਣੱਤ ਦੀ ਘਾਟ ਰੜਕਦੀ ਹੈ ਜਿਸ ਕਰਕੇ ਉਹ ਉਦਰੇਵਾਂ ਮਹਿਸੂਸ ਕਰਦੇ ਹਨ। ਅਮਰੀਕਾ ਵਰਗੇ ਦੇਸ਼ ਵਿਚ ਵੀ ਬਾਹਰੋਂ ਆਏ ਵਿਦਿਆਰਥੀਆਂ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਮੈਂ ਜਦੋਂ ਕੁਝ ਸਮੇਂ ਲਈ ਅਮਰੀਕਾ ਪੜ੍ਹਨ ਗਿਆ ਸਾਂ ਤਾਂ ਵਿਭਾਗ ਦਾ ਮੁਖੀ ਆਪ ਹਵਾਈ ਅੱਡੇ 'ਤੇ ਲੈਣ ਆਇਆ ਸੀ। ਉਸੇ ਨੇ ਮੇਰੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ। ਯੂਨੀਵਰਸਿਟੀ ਵਿਚ ਜਾਣ-ਪਛਾਣ ਕਰਵਾਈ ਅਤੇ ਹਰੇਕ ਲੋੜ ਦਾ ਧਿਆਨ ਰੱਖਿਆ। ਜੇ ਅਸੀਂ ਵੀ ਅਜਿਹਾ ਕਰ ਸਕੀਏ ਤਾਂ ਇਹ ਸਨਅਤ ਦਾ ਰੂਪ ਧਾਰਨ ਕਰ ਸਕਦੀ ਹੈ।

ਅਸੀਂ ਵਿਦੇਸ਼ੀਆਂ ਦਾ ਸਵਾਗਤ ਕਰਨ ਦੀ ਥਾਂ ਉਨ੍ਹਾਂ ਨੂੰ ਖ਼ਰਾਬ-ਖੁਆਰ ਕਰਨ ਦਾ ਵਧੇਰੇ ਯਤਨ ਕੀਤਾ ਹੈ। ਪੰਜਾਬ ਵਿਚ ਕੁਝ ਵੱਡੇ ਅਤੇ ਵਧੀਆ ਹਸਪਤਾਲ ਹਨ। ਇਨ੍ਹਾਂ ਵਿਚ ਹਜ਼ਾਰਾਂ ਲੋਕ ਕੰਮ ਕਰ ਰਹੇ ਹਨ। ਜੇਕਰ ਇਸ ਗਿਣਤੀ ਵਿਚ ਵਾਧਾ ਕੀਤਾ ਜਾਵੇ, ਵਿਦੇਸ਼ੀਆਂ ਲਈ ਵੱਖਰੇ ਪ੍ਰਬੰਧ ਕੀਤੇ ਜਾਣ ਅਤੇ ਉਨ੍ਹਾਂ ਦੀ ਪੂਰੀ ਸੇਵਾ ਅਤੇ ਦੇਖ-ਭਾਲ ਕੀਤੀ ਜਾਵੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਵਿਦੇਸ਼ੀ ਇੱਥੇ ਇਲਾਜ ਕਰਵਾਉਣ ਆਉਣਗੇ। ਪੰਜਾਬ ਦੇ ਪਿੰਡਾਂ ਵਿਚ ਖੇਤੀ ਉਪਜ ਆਧਾਰਤ ਛੋਟੇ ਕਾਰਖਾਨੇ ਸਥਾਪਤ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿਚ ਖੇਤੀ ਉਪਜ, ਫ਼ਲ, ਸਬਜ਼ੀਆਂ, ਦੁੱਧ ਆਦਿ ਦਾ ਪਦਾਰਥੀਕਰਨ ਕੀਤਾ ਜਾ ਸਕਦਾ ਹੈ। ਹੁਣ ਅਜਿਹੀਆਂ ਇਕਾਈਆਂ ਬਹੁਤ ਘੱਟ ਹਨ। ਪੰਜਾਬ ਵਿਚ ਵਿਕਣ ਵਾਲਾ ਬਹੁਤ ਸਾਰਾ ਤਿਆਰ ਮਾਲ ਵੀ ਦੂਜੇ ਸੂਬਿਆਂ ਵਿੱਚੋਂ ਆਉਂਦਾ ਹੈ। ਪਿੰਡਾਂ ਵਿਚ ਸਥਾਪਤ ਅਜਿਹੀਆਂ ਇਕਾਈਆਂ ਪੇਂਡੂ ਲੋਕਾਂ ਨੂੰ ਰੁਜ਼ਗਾਰ ਦੇਣਗੀਆਂ। ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ ਅਤੇ ਖੇਤੀ ਵਿਚ ਵਿਭਿੰਨਤਾ ਆਵੇਗੀ।

ਨਵੀਆਂ ਸਨਅਤੀ ਇਕਾਈਆਂ ਸਥਾਪਤ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਕੇਵਲ ਉਨ੍ਹਾਂ ਇਕਾਈਆਂ ਨੂੰ ਹੀ ਮਨਜ਼ੂਰੀ ਮਿਲੇ ਜੋ ਵਾਤਾਵਰਨ ਤੇ ਪਾਣੀ ਨੂੰ ਪ੍ਰਦੂਸ਼ਿਤ ਨਾ ਕਰਦੀਆਂ ਹੋਣ। ਨਵੇਂ ਕਾਰਖਾਨੇ ਵੱਡੇ ਸ਼ਹਿਰਾਂ ਲਾਗੇ ਲਗਾਉਣ ਦੀ ਥਾਂ ਸੂਬੇ ਦੇ ਦੂਰ-ਦਰਾਡੇ ਦੇ ਇਲਾਕਿਆਂ 'ਚ ਲਗਾਏ ਜਾਣ ਜਿਵੇਂ ਮਾਨਸਾ, ਫ਼ਰੀਦਕੋਟ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਆਦਿ ਜ਼ਿਲ੍ਹਿਆਂ 'ਚ ਤਾਂ ਜੋ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਪਜਾਊ ਧਰਤੀ ਨੂੰ ਸਾਂਭਿਆ ਜਾ ਸਕੇ। ਲੁਧਿਆਣੇ 'ਚ ਸਭ ਤੋਂ ਵੱਧ ਕਾਰਖਾਨੇ ਹਨ ਪਰ ਇਨ੍ਹਾਂ ਨੇ ਸੌ ਤੋਂ ਵੱਧ ਪਿੰਡ ਖਾ ਲਏ ਹਨ। ਕਿਸਾਨ ਆਪਣੀ ਜ਼ਮੀਨ ਵੇਚ ਕੇ ਹੋਰ ਥਾਈਂ ਚਲੇ ਗਏ ਹਨ। ਇਨ੍ਹਾਂ ਪਿੰਡਾਂ 'ਚ ਦੂਜੇ ਸੂਬਿਆਂ ਤੋਂ ਆਏ ਕਾਮੇ ਰਹਿੰਦੇ ਹਨ ਤੇ ਉਹ ਹੀ ਫੈਕਟਰੀਆਂ 'ਚ ਕੰਮ ਕਰਦੇ ਹਨ। ਸੂਬੇ ਦੇ ਸਨਅਤੀ ਸਿਖਲਾਈ ਕੇਂਦਰਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ ਤਾਂ ਜੋ ਪੰਜਾਬੀ ਬੱਚਿਆਂ ਨੂੰ ਹੁਨਰਮੰਦ ਬਣਾਇਆ ਜਾ ਸਕੇ।

ਹੁਣ ਸੂਬੇ ਵਿਚ ਹੁਨਰੀ ਕਾਮੇ ਵੀ ਦੂਜਿਆਂ ਸੂਬਿਆਂ ਤੋਂ ਹੀ ਆਏ ਹਨ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਕੋਈ 25 ਲੱਖ ਕਾਮੇ ਦੂਜੇ ਸੂਬਿਆਂ ਤੋਂ ਆ ਕੇ ਕੰਮ ਕਰਦੇ ਹਨ ਜਦਕਿ ਪੰਜਾਬੀ ਬੇਰੁਜ਼ਗਾਰੀ ਦਾ ਰੋਣਾ ਰੋਂਦੇ ਹਨ। ਜੇ ਸੋਚੀ-ਸਮਝੀ ਵਿਉਂਤਬੰਦੀ ਨਾਲ ਸਨਅਤੀ ਵਿਕਾਸ ਕੀਤਾ ਜਾਵੇ ਤਾਂ ਪੰਜਾਬ ਵਿੱਚੋਂ ਬੇਰੁਜ਼ਗਾਰੀ ਖ਼ਤਮ ਹੋ ਸਕਦੀ ਹੈ। ਕਦੇ ਬਾਦਲ ਸਰਕਾਰ ਨੇ ਫੋਕਲ ਪੁਆਇੰਟ ਸਥਾਪਤ ਕੀਤੇ ਸਨ ਪਰ ਮੁੜ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਇਨ੍ਹਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ ਤਾਂ ਜੋ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਸਨਅਤੀ ਵਿਕਾਸ ਲਈ ਲੋੜੀਂਦਾ ਮਾਹੌਲ ਵੀ ਸਿਰਜਣ ਦੀ ਲੋੜ ਹੈ। ਹੁਣ ਸਰਕਾਰੀ ਦਫ਼ਤਰਾਂ ਵਿਚ ਬਹੁਤ ਖ਼ੱਜਲ-ਖੁਆਰੀ ਹੁੰਦੀ ਹੈ। ਪਤਾ ਲੱਗਿਆ ਹੈ ਕਿ ਫੈਕਟਰੀਆਂ ਦੀ ਦੇਖ-ਰੇਖ ਲਈ 14 ਤੋਂ ਵੱਧ ਮਹਿਕਮੇ ਹਨ। ਹਰੇਕ ਇੰਸਪੈਕਟਰ ਨੇ ਮਹੀਨਾ ਬੰਨਿ ?ਹਆ ਹੋਇਆ ਹੈ। ਫੈਕਟਰੀ ਦਾ ਚਲਾਨ ਗ਼ਲਤ ਕੰਮ ਕਰਨ ਕਰ ਕੇ ਨਹੀਂ ਸਗੋਂ ਮਹੀਨਾ ਨਾ ਦੇਣ ਦੀ ਸੂਰਤ ਵਿਚ ਹੁੰਦਾ ਹੈ। ਨਵੀਂ ਸਰਕਾਰ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ ਯਤਨ ਕਰ ਰਹੀ ਹੈ। ਪੰਜਾਬ ਵਿਚ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਸਨਅਤੀ ਵਿਕਾਸ ਹੋ ਸਕੇ ਤਾਂ ਜੋ ਬੇਰੁਜ਼ਗਾਰੀ ਖ਼ਤਮ ਹੋ ਸਕੇ। ਪ੍ਰਚਾਰ ਉੱਤੇ ਲੋੜ ਤੋਂ ਵੱਧ ਪੈਸਾ ਖ਼ਰਚ ਕਰਨ ਦੀ ਲੋੜ ਨਹੀਂ ਪਵੇਗੀ। ਸਗੋਂ ਸਰਕਾਰ ਦਾ ਕੀਤਾ ਕੰਮ ਆਪਣੇ-ਆਪ ਬੋਲੇਗਾ।



# ਪਹਿਲੇ ਹੀ ਵਰ੍ਹੇ ਪੰਜਾਬ ਸਰਕਾਰ ਨੇ ਰਿਕਾਰਡ ਨੌਕਰੀਆਂ ਦੇ ਕੇ ਸਿਰਜਿਆ ਇਤਿਹਾਸ

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਹੁਣ ਦੂਜੇ ਵਰ੍ਹੇ 'ਚ ਦਾਖ਼ਲ ਹੋ ਚੁੱਕੀ ਹੈ। ਪਹਿਲੇ ਹੀ ਵਰ੍ਹੇ 28,362 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਗਿਆ ਹੈ, ਜੋ ਯਕੀਨੀ ਤੌਰ 'ਤੇ ਸ਼ਲਾਘਾਯੋਗ ਕਦਮ ਹੈ। ਸ਼ਨਿੱਚਰਵਾਰ ਨੂੰ ਵੀ ਸਰਕਾਰ ਵੱਲੋਂ ਪੀਐੱਸਪੀਸੀਐੱਲ ਦੇ 1320 ਸਹਾਇਕ ਲਾਈਨਮੈਨਾਂ ਨੂੰ ਨਿਯੁਕਤੀ-ਪੱਤਰ ਸੌਂਪੇ ਗਏ ਹਨ ਅਤੇ ਇਹ ਸਿਲਸਿਲਾ ਲਗਾਤਾਰ ਚੱਲਣ ਵਾਲਾ ਹੈ। ਨਿਯੁਕਤੀ-ਪੱਤਰ ਦੇਣ ਸਮੇਂ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਸਦਾ ਸਖ਼ਤ ਮਿਹਨਤ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਆਪਣੇ ਸੁਫ਼ਨੇ ਸਾਕਾਰ ਕਰਨ ਦਾ ਇਹੋ ਇਕੋ-ਇਕ ਰਾਹ ਹੈ ਤੇ ਇਸ ਦਾ ਕੋਈ 'ਸ਼ਾਰਟ-ਕੱਟ' ਨਹੀਂ ਹੈ। ਉਨ੍ਹਾਂ ਨਾਂਹ-ਪੱਖੀ ਸੋਚ ਵਾਲੇ ਲੋਕਾਂ ਦੀ ਸੰਗਤ ਤੋਂ ਦੂਰ ਰਹਿਣ ਲਈ ਵੀ ਕਿਹਾ ਕਿਉਂਕਿ ਇਹੋ ਗੱਲਾਂ ਸੂਬੇ ਦੀ ਤਰੱਕੀ ਦੇ ਰਾਹ 'ਚ ਰੁਕਾਵਟ ਬਣਦੀਆਂ ਹਨ। ਸੱਚਮੁੱਚ ਇਸ ਵੇਲੇ ਪਾਵਰਕਾਮ ਨੂੰ ਮਜ਼ਬੂਤ ਕਰਨ ਦੀ ਬਹੁਤ ਜ਼ਰੂਰਤ ਹੈ। ਗਰਮੀਆਂ ਦੇ ਮੌਸਮ 'ਚ ਹੁਣ ਬਿਜਲੀ ਦੀ ਮੰਗ ਬਹੁਤ ਜ਼ਿਆਦਾ ਵਧਣ ਵਾਲੀ ਹੈ। ਫਿਰ ਝੋਨੇ ਸਮੇਤ ਸਾਉਣੀ ਦੀਆਂ ਹੋਰ ਫ਼ਸਲਾਂ ਨੂੰ ਪਾਣੀ ਦੇਣ ਲਈ ਵੀ ਬਿਜਲੀ ਦੀ ਜ਼ਰੂਰਤ ਪਵੇਗੀ। ਰਾਜ 'ਚ ਇਸ ਬਿਜਲੀ ਸੰਗਠਨ ਨੂੰ ਹੋਰ ਮਜ਼ਬੂਤ ਕਰਨ 'ਚ ਇਹ ਨਵੇਂ ਸਹਾਇਕ ਲਾਈਨਮੈੱਨ ਨਿਸ਼ਚਤ ਤੌਰ 'ਤੇ ਆਪਣਾ ਵਡਮੁੱਲਾ ਯੋਗਦਾਨ ਪਾਉਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪੀਐੱਸਪੀਸੀਐੱਲ ਨੂੰ 'ਪੰਜਾਬ ਦੀ ਰੀੜ੍ਹ' ਕਰਾਰ ਦਿੱਤਾ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਬਿਜਲੀ ਸਪਲਾਈ ਨੂੰ ਪੂਰਾ ਕਰਨਾ ਕਿਸੇ ਵੀ ਸਰਕਾਰ ਲਈ ਵੱਡੀ ਚੁਣੌਤੀ ਹੁੰਦੀ ਹੈ। ਇਸ ਦੇ ਨਾਲ ਹੀ ਬਿਜਲੀ ਉਤਪਾਦਨ 'ਚ 83 ਫ਼ੀਸਦੀ ਦਾ ਵਾਧਾ ਵੀ ਆਪਣੇ-ਆਪ 'ਚ ਇਕ ਹੋਰ ਵੱਡੀ ਪ੍ਰਾਪਤੀ ਹੈ। ਝਾਰਖੰਡ ਦੀ ਪਛਵਾੜਾ ਖਾਣ ਤੋਂ ਕਈ ਸਾਲਾਂ ਬਾਅਦ ਪੰਜਾਬ ਨੂੰ ਬਿਜਲੀ ਉਤਪਾਦਨ ਵਾਸਤੇ ਕੋਲੇ ਦੀ ਸਪਲਾਈ ਦੋਬਾਰਾ ਸ਼ੁਰੂ ਹੋਈ ਹੈ ਅਤੇ ਹੁਣ ਤੱਕ ਉਸ ਤੋਂ 5 ਲੱਖ ਮੀਟ੍ਰਿਕ ਟਨ ਕੋਲਾ ਹਾਸਲ ਵੀ ਕੀਤਾ ਜਾ ਚੁੱਕਾ ਹੈ, ਜਿਸ ਨੇ ਬਿਜਲੀ ਸਪਲਾਈ ਵਧਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦੇ ਨਾਲ ਹੀ ਮਹਾਨਦੀ ਕੋਲ-ਫ਼ੀਲਡਜ਼ ਲਿਮਟਿਡ ਤੋਂ ਤਲਵੰਡੀ ਸਾਬੋ ਦੇ ਬਿਜਲੀ ਪਲਾਂਟ ਤੱਕ ਕੋਲੇ ਦੀ ਸਪਲਾਈ ਵਾਸਤੇ ਪਹਿਲਾਂ ਲਾਜ਼ਮੀ ਸ਼ਰਤ ਇਹ ਹੁੰਦੀ ਸੀ ਕਿ ਕੋਲਾ ਪਹਿਲਾਂ ਰੇਲ ਰਾਹੀਂ ਕੋਲ-ਫ਼ੀਲਡਜ਼ ਤੋਂ ਸਮੁੰਦਰੀ ਬੰਦਰਗਾਹ ਤੱਕ ਪੁੱਜੇਗਾ। ਫਿਰ ਉੱਥੋਂ ਅਗਲੇ ਟਿਕਾਣੇ 'ਤੇ ਉਸ ਨੂੰ ਫਿਰ ਰੇਲ ਰਸਤੇ ਪੰਜਾਬ ਸਥਿਤ ਆਪਣੇ ਟਿਕਾਣੇ ਤੱਕ ਪਹੁੰਚਾਇਆ ਜਾਵੇਗਾ। ਸਰਕਾਰ ਨੇ ਸਮੁੰਦਰ ਰਸਤੇ ਸਪਲਾਈ ਦੀ ਲਾਜ਼ਮੀ ਸ਼ਰਤ ਨੂੰ ਬਹੁਤ ਉੱਦਮਾਂ ਨਾਲ ਹਟਵਾਇਆ ਹੈ। ਕੋਲੇ ਦੀ ਢੋਆ-ਢੁਆਈ ਦੇ ਅਜਿਹੇ ਬੇਲੋੜੇ ਖ਼ਰਚਿਆਂ ਤੋਂ ਬਚਣ ਲਈ ਨਵੇਂ ਤੇ ਨਵਿਆਉਣਯੋਗ ਊਰਜਾ ਪੈਦਾ ਕਰਨ ਦੇ ਤਰੀਕਿਆਂ ਉੱਤੇ ਵੀ ਸਰਕਾਰ ਜ਼ੋਰ ਦੇ ਰਹੀ ਹੈ। ਇਸ ਦੇ ਨਾਲ ਹੀ ਸਰਕਾਰੀ ਵਿਭਾਗਾਂ ਵੱਲ ਖੜ੍ਹੀਆਂ ਬਿਜਲੀ ਦੇ ਬਿੱਲਾਂ ਦੀਆਂ ਮੋਟੀਆਂ ਰਕਮਾਂ ਦੀ ਅਦਾਇਗੀ ਵੀ ਕਰਵਾਈ ਜਾ ਰਹੀ ਹੈ। ਪਾਵਰਕਾਮ ਨੂੰ ਵੱਡੇ ਵਿੱਤੀ ਘਾਟਿਆਂ 'ਚੋਂ ਕੱਢਣ ਲਈ ਅਜਿਹੇ ਕਦਮ ਚੁੱਕਣੇ ਅਤਿ ਜ਼ਰੂਰੀ ਹਨ। ਸੂਬਾ ਸਰਕਾਰ ਪਾਣੀ ਤੇ ਬਿਜਲੀ ਦੀ ਬੱਚਤ ਲਈ ਫ਼ਸਲੀ ਵਿਭਿੰਨਤਾ ਨੂੰ ਵੀ ਹੱਲਾਸ਼ੇਰੀ ਦੇ ਰਹੀ ਹੈ। ਇਸੇ ਲਈ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਪਾਵਰਕਾਮ 'ਤੇ ਦਬਾਅ ਘਟੇਗਾ ਤਾਂ ਵਾਧੂ ਬਿਜਲੀ ਦੀ ਵਰਤੋਂ ਹੋਰ ਖੇਤਰਾਂ ਦੇ ਵਿਕਾਸ ਲਈ ਕੀਤੀ ਜਾ ਸਕੇਗੀ। ਉਨ੍ਹਾਂ ਕਿਹਾ ਕਿ 600 ਯੂਨਿਟ ਮੁਫ਼ਤ ਬਿਜਲੀ, ਰੁਜ਼ਗਾਰ, ਸਕੂਲਾਂ ਅਤੇ ਹਸਪਤਾਲਾਂ ਦੀ ਕਾਇਆ ਕਲਪ ਅਤੇ ਹੋਰ ਫ਼ੈਸਲਿਆਂ ਨਾਲ ਸੂਬੇ ਦਾ ਮੁਹਾਂਦਰਾ ਬਦਲਣ ਦਾ ਕੰਮ ਵੀ ਜੰਗੀ ਪੱਧਰ 'ਤੇ ਜਾਰੀ ਹੈ। ਯਕੀਨੀ ਤੌਰ 'ਤੇ ਇਹ ਸਾਰੀਆਂ ਗੱਲਾਂ ਆਮ ਆਦਮੀ ਦਾ ਜੀਵਨ ਪੱਧਰ ਸੁਧਾਰਨ ਦੇ ਮੰਤਵ ਨੂੰ ਸੇਧਤ ਹਨ।



# ਇਨ੍ਹੀਂ-ਦਿਨੀਂ ਲੋਕਤੰਤਰ ’ਤੇ ਬੇਵਜ੍ਹਾ ਪਾਇਆ ਜਾ ਰਿਹਾ ਹੈ ਰੌਲਾ-ਰੱਪਾ

*ਭਾਰਤੀ ਲੋਕਤੰਤਰ ਇਨ੍ਹਾਂ ਫ਼ਰਜ਼ੀ ਲੋਕਤੰਤਰੀ ਵਿਚਾਰ-ਚਰਚਾਵਾਂ ਦੇ ਜਾਲ ਵਿਚ ਫਸਣ ਵਾਲਾ ਨਹੀਂ। ਜਨਤਾ ਨੂੰ ਮੂਰਖ ਬਣਾ ਕੇ ਬਹੁਤ ਸ਼ਾਸਨ ਹੋ ਚੁੱਕਾ ਹੈ। ਅੱਜ ਉਸ ਨੂੰ ਲੋਕਤੰਤਰ ਦੇ ਸੱਚੇ ਸਰੂਪ ਦਾ ਗਿਆਨ ਹੈ। ਸਾਨੂੰ ਜਨਤਾ ਦੀ ਸੋਝੀ, ਉਸ ਦੀ ਨਿਰਪੱਖਤਾ ਅਤੇ ਲੋਕ ਫ਼ਤਵੇ ਦਾ ਅਦਬ ਕਰਨਾ ਚਾਹੀਦਾ ਹੈ। ਇਸ ਗੱਲ ਨੂੰ ਕੋਈ ਵੀ ਹਿੰਦੁਸਤਾਨੀ ਜਾਇਜ਼ ਨਹੀਂ ਠਹਿਰਾ ਸਕਦਾ ਕਿ ਕੋਈ ਨੇਤਾ ਵਿਦੇਸ਼ ਵਿਚ ਜਾ ਕੇ ਆਪਣੇ ਦੇਸ਼ ਦੀ ਬਦਖੋਈ ਕਰੇ।*

-ਡਾ. ਏ. ਕੇ. ਵਰਮਾ

ਜਦ ਅਮਰੀਕਾ, ਇੰਗਲੈਂਡ ਅਤੇ ਯੂਰਪ ਦੇ ਲੋਕਤੰਤਰੀ ਦੇਸ਼ ਭਾਰਤੀ ਲੋਕਤੰਤਰੀ ਵਿਹੜੇ ਵਿਚ ‘ਵਸੁਧੈਵ ਕੁਟੁੰਬਕਮ’ ਨੂੰ ਹੱਲਾਸ਼ੇਰੀ ਦੇਣ ਵਾਲੇ ਆਯੋਜਨ ਵਿਚ ਜੁੜ ਰਹੇ ਹੋਣ ਅਤੇ ਭਾਰਤ ਨੂੰ ਜੀ-20 ਦੀ ਪ੍ਰਧਾਨਗੀ ਕਰ ਕੇ ਉਸ ਦੀ ਲੋਕਤੰਤਰੀ ਸਮਰੱਥਾ ਸਵੀਕਾਰ ਕਰ ਰਹੇ ਹੋਣ ਉਦੋਂ ਰਾਹੁਲ ਗਾਂਧੀ ਨੇ ਵਿਦੇਸ਼ੀ ਧਰਤੀ ’ਤੇ ਭਾਰਤੀ ਲੋਕਤੰਤਰ ਨੂੰ ਲੈ ਕੇ ਸਵਾਲ ਚੁੱਕਿਆ ਅਤੇ ਉਸ ਤੋਂ ਬਾਅਦ ਤੋਂ ਉਹ ਲਗਾਤਾਰ ਵਿਵਾਦਾਂ ਵਿਚ ਹਨ।

ਮਾਣਹਾਨੀ ਮਾਮਲੇ ਵਿਚ ਸਜ਼ਾ ਮਿਲਣ ਤੋਂ ਬਾਅਦ ਲੋਕਤੰਤਰ ਨੂੰ ਲੈ ਕੇ ਉਨ੍ਹਾਂ ਦੇ ਸਵਾਲ ਹੋਰ ਵੀ ਤਿੱਖੇ ਹੋ ਗਏ ਹਨ। ਕੀ ਰਾਹੁਲ ਦੀ ਇਹੀ ਸਮਝ ਹੈ ਕਿ ਜਦ ਕਾਂਗਰਸ ਅਤੇ ਉਸ ਦੇ ਸਮਰਥਕ ਖੱਬੇ-ਪੱਖੀ ਸੱਤਾ ਵਿਚ ਹੋਣ, ਤਦ ਹੀ ਦੇਸ਼ ਵਿਚ ਲੋਕਤੰਤਰ ਹੈ? ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦੀ ਸਮਝ ਜਨਤਾ ਦੀ ਲੋਕਤੰਤਰੀ ਸਮਝ ਨਾਲ ਮੇਲ ਨਹੀਂ ਖਾਂਦੀ।

ਆਜ਼ਾਦੀ ਤੋਂ ਬਾਅਦ ਅਨੇਕ ਵਿਦਵਾਨਾਂ ਨੇ ਆਪਣੇ ਵਿਚਾਰਾਂ ਵਿਚ ਗ਼ਰੀਬੀ, ਅਨਪੜ੍ਹਤਾ ਅਤੇ ਪੱਛੜੇਪਣ ਨੂੰ ਆਧਾਰ ਬਣਾ ਕੇ ਭਾਰਤੀ ਲੋਕਤੰਤਰ ’ਤੇ ਸਵਾਲ ਚੁੱਕਿਆ। ਐਮਰਜੈਂਸੀ ਨੇ ਉਸ ਸ਼ੱਕ ਨੂੰ ਵਧਾਇਆ। ਪਿਛਲੀ ਸਦੀ ਦੇ ਅੰਤਿਮ ਦਹਾਕੇ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੇ ਸਮੇਂ ਵਿਚਾਰ ਘੜਿਆ ਗਿਆ ਕਿ ‘ਲੈਵਲ ਪਲੇਇੰਗ ਫੀਲਡ’ ਅਰਥਾਤ ਇਕ ਸਮਾਨ ਮੌਕੇ ਨਾ ਹੋਣ ਕਾਰਨ ਭਾਰਤ ‘ਆਰਥਿਕ ਸਾਮਰਾਜਵਾਦ’ ਦਾ ਬੰਧਕ ਬਣ ਜਾਵੇਗਾ। ਅਜਿਹਾ ਕੁਝ ਹੋਇਆ ਕੀ? ਜਦ ਵੀ ਭਾਰਤੀ ਲੋਕਤੰਤਰ ਦੀ ਖ਼ੁਦਮੁਖਤਾਰੀ ਅਤੇ ਸਾਰਥਕਤਾ ’ਤੇ ਸਵਾਲ ਉੱਠੇ ਤਾਂ ਉਹ ਹੋਰ ਮਜ਼ਬੂਤ ਹੋ ਕੇ ਉੱਭਰਿਆ ਹੈ। ਐਮਰਜੈਂਸੀ ਤੋਂ ਬਾਅਦ ਭਾਰਤੀ ਲੋਕਤੰਤਰ ਹੋਰ ਮਜ਼ਬੂਤ ਹੋਇਆ ਹੈ। ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਨਾਲ ਭਾਰਤੀ ਅਰਥਚਾਰਾ ਹੋਰ ਮਜ਼ਬੂਤ ਹੋਇਆ। ਕਿਤੇ ਭਾਰਤੀ ਲੋਕਤੰਤਰ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਬਾਹਰਲੀਆਂ ਸ਼ਕਤੀਆਂ ਦੁਆਰਾ ਪ੍ਰਾਯੋਜਿਤ ਤਾਂ ਨਹੀਂ? ਕੀ ਇਸ ਦੇ ਲਈ ਉਹ ਕਿਸੇ ਦੇਸੀ ਨੇਤਾ ਨੂੰ ‘ਸਾਫਟ ਟਾਰਗੈਟ’ ਤਾਂ ਨਹੀਂ ਬਣਾਉਂਦੇ?

ਆਜ਼ਾਦੀ ਤੋਂ ਬਾਅਦ ਕਈ ਵਿਚਾਰ ਬਣੇ ਜਿਨ੍ਹਾਂ ਨਾਲ ਲੋਕਤੰਤਰ ’ਤੇ ਸ਼ੱਕ ਕੀਤਾ ਗਿਆ। ਇਨ੍ਹਾਂ ਵਿਚ ਫਿਰਕੂ ਦੰਗਿਆਂ ਲਈ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਜਿਸ ਤਰ੍ਹਾਂ ਕਾਂਗਰਸ ਨੇ ਮਜ਼ਹਬੀ ਆਧਾਰ ’ਤੇ ਦੇਸ਼ ਦਾ ਬਟਵਾਰਾ ਕਰ ਕੇ ਦੇਸ਼ ਨੂੰ ਹਿੰਦੂ-ਮੁਸਲਿਮ ਦੰਗਿਆਂ ਵਿਚ ਧੱਕਿਆ, ਉਸ ਤੋਂ ਬਚਣ ਲਈ ਪਾਰਟੀ ਹਮੇਸ਼ਾ ਸੰਘ ਨੂੰ ਦੰਗਿਆਂ ਲਈ ਜਵਾਬਦੇਹ ਬਣਾਉਂਦੀ ਰਹੀ।

ਭਾਵੇਂ ਤੱਥ ਇਸ ਦੇ ਉਲਟ ਕਿਉਂ ਨਾ ਹੋਣ। ਖ਼ੁਦ ਨੂੰ ਮੁਸਲਮਾਨਾਂ ਦੇ ਹਿਤੈਸ਼ੀ ਦੱਸ ਕੇ, ਉਨ੍ਹਾਂ ਦੀਆਂ ਵੋਟਾਂ ਲਈ ਕਾਂਗਰਸੀ ਹਮੇਸ਼ਾ ਉਨ੍ਹਾਂ ਦਾ ਪੱਖ ਲੈਂਦੇ, ਚਾਹੇ ਗ਼ਲਤੀ ਕਿਸੇ ਵੀ ਪੱਖ ਦੀ ਹੋਵੇ। ਦੂਜਾ ਵਿਚਾਰ ਇਹ ਸੀ ਕਿ ਭਾਰਤ ਵਿਚ ਮੁਸਲਮਾਨ ਅਸੁਰੱਖਿਅਤ ਹਨ।

ਸਰਕਾਰੀ ਤੇ ਗ਼ੈਰ-ਸਰਕਾਰੀ ਸੰਗਠਨਾਂ ਦੁਆਰਾ ਪ੍ਰਚਾਰਿਤ ਹੋਣ ਨਾਲ ਮੁਸਲਮਾਨਾਂ ਦੇ ਮਨ ਵਿਚ ਸੰਘ ਅਤੇ ਭਾਜਪਾ ਪ੍ਰਤੀ ਨਫ਼ਰਤ ਭਰਨ ਲੱਗੀ। ਜਦਕਿ ਭਾਰਤ ਵਿਚ ਮੁਸਲਮਾਨਾਂ ਨੂੰ ਸੁਰੱਖਿਆ ਅਤੇ ਸਨਮਾਨ ਮਿਲਿਆ ਹੈ ਅਤੇ ਉਹ ਓਨੇ ਹੀ ਸੁਰੱਖਿਅਤ ਜਾਂ ਅਸੁਰੱਖਿਅਤ ਹਨ ਜਿੰਨਾ ਕੋਈ ਹਿੰਦੂ। ਇਸ ਵਿਚਾਰ ਨਾਲ ਹਿੰਦੂ-ਮੁਸਲਮਾਨ ਖੱਪਾ ਵਧਿਆ ਜਿਸ ਕਾਰਨ ਦੋਵਾਂ ਭਾਈਚਾਰਿਆਂ ਦੇ ਸਬੰਧਾਂ, ਸਦਭਾਵਨਾ ਅਤੇ ਸੰਵਾਦ ਵਿਚ ਗਿਰਾਵਟ ਆਈ।

‘ਬਹੁਸੰਖਿਅਕਵਾਦ’ ਇਸ ਕੜੀ ਵਿਚ ਤੀਜਾ ਵਿਚਾਰ ਸੀ। ਇਸ ਵਿਚ ਇਹ ਗੱਲ ਪ੍ਰਚਾਰੀ ਗਈ ਕਿ ਹਿੰਦੂ ਬਹੁ-ਗਿਣਤੀ ਵਿਚ ਹਨ ਅਤੇ ਉਹ ਘੱਟ-ਗਿਣਤੀ ਭਾਈਚਾਰਿਆਂ ਦੀ ਅਣਦੇਖੀ ਕਰ ਕੇ ਦੇਸ਼ ਦਾ ਸ਼ਾਸਨ ਚਲਾਉਣਾ ਚਾਹੁੰਦੇ ਹਨ। ਮੁਸਲਮਾਨਾਂ ਨੂੰ ‘ਪੀੜਤ’ ਦੇ ਤੌਰ ’ਤੇ ਦਰਸਾਇਆ ਗਿਆ। ਜਦਕਿ ਤੱਥ ਇਹੀ ਹੈ ਕਿ ਮੁਸਲਿਮ ਘੱਟ-ਗਿਣਤੀ ਨਹੀਂ ਹਨ। ਸੰਨ 1951 ਦੇ ਮੁਕਾਬਲੇ ਹੁਣ ਉਨ੍ਹਾਂ ਦੀ ਜਨਸੰਖਿਆ ਸਾਢੇ ਪੰਜ ਗੁਣਾ ਵਧ ਕੇ ਲਗਪਗ 20 ਕਰੋੜ ਹੋ ਗਈ ਹੈ ਜੋ ਪਾਕਿਸਤਾਨ ਵਿਚ ਮੁਸਲਿਮ ਜਨਸੰਖਿਆ ਦੇ ਬਰਾਬਰ ਹੈ। ਇਹ ਵੀ ਸੱਚ ਹੈ ਕਿ ਮੁਸਲਮਾਨ ਅਣਦੇਖੀ ਦੇ ਸ਼ਿਕਾਰ ਜਾਂ ‘ਪੀੜਤ’ ਨਹੀਂ ਹਨ। ਕਈ ਮੁਸਲਮਾਨ ਸਰਵਉੱਚ ਅਹੁਦਿਆਂ ’ਤੇ ਬਿਰਾਜਮਾਨ ਰਹੇ ਹਨ। ਰਾਸ਼ਟਰ ਜੀਵਨ ਦੇ ਹਰੇਕ ਖੇਤਰ ਵਿਚ ਉਨ੍ਹਾਂ ਦੀ ਭਾਗੀਦਾਰੀ ਹੈ।

ਉੱਤਰ ਪ੍ਰਦੇਸ਼, ਬੰਗਾਲ ਅਤੇ ਕੇਰਲ ਦੇ ਇਲਾਵਾ ਕਈ ਸੂਬਿਆਂ ਵਿਚ ਉਹ ਇੰਨੀ ਗਿਣਤੀ ਵਿਚ ਹੋ ਕੇ ਫ਼ੈਸਲਾਕੁੰਨ ਹੋ ਗਏ ਹਨ ਜਿਸ ਨਾਲ ਲੋਕਲ ਬਾਡੀਜ਼ ਵਿਚ ਉਨ੍ਹਾਂ ਨੂੰ ਆਪਣੀ ਜਨਸੰਖਿਆ ਦੇ ਅਨੁਪਾਤ ਨਾਲੋਂ ਜ਼ਿਆਦਾ ਨੁਮਾਇੰਦਗੀ ਹਾਸਲ ਹੋ ਰਹੀ ਹੈ। ‘ਮੁਸਲਿਮ ਪੀੜਤਪਣ’ ਦੇ ਕਾਰਡ ਖੇਡ ਕੇ ਕਈ ਪਾਰਟੀਆਂ ਵੋਟ-ਬੈਂਕ ਦੇ ਰੂਪ ਵਿਚ ਉਨ੍ਹਾਂ ਦਾ ਇਸਤੇਮਾਲ ਕਰ ਰਹੀਆਂ ਹਨ ਜੋ ਹਿੰਦੂ-ਮੁਸਲਿਮ ਧਰੁਵੀਕਰਨ ਨੂੰ ਹੱਲਾਸ਼ੇਰੀ ਦਿੰਦਾ ਹੈ।

ਅਜਿਹੀਆਂ ਵਿਚਾਰ-ਚਰਚਾਵਾਂ ਕਾਰਨ ਇਸਲਾਮਿਕ ਅੱਤਵਾਦੀ ਸੰਗਠਨਾਂ ਨੂੰ ਮੁਸਲਮਾਨਾਂ ਨੂੰ ਭਰਮਾਉਣ ਅਤੇ ਉਨ੍ਹਾਂ ਨੂੰ ਦੇਸ਼ ਵਿਰੋਧੀ ਸਰਗਮੀਆਂ ਵਿਚ ਸ਼ਾਮਲ ਕਰਨ ਦਾ ਆਧਾਰ ਮਿਲ ਜਾਂਦਾ ਹੈ। ਇਸ ਵਿਚ ‘ਅਸਹਿਣਸ਼ੀਲਤਾ’ ਚੌਥਾ ਵਿਚਾਰ ਸੀ। ਕਿਹਾ ਗਿਆ ਕਿ ਸੰਨ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ ਨਾਲ ਇਸ ਵਿਚ ਵਾਧਾ ਹੋਇਆ ਹੈ। ਇਸ ਦੇ ਉਲਟ ਭਾਜਪਾ ਨੇ ਮੁਸਲਮਾਨਾਂ ਪ੍ਰਤੀ ਮਿਸ਼ਰਤ ਨਜ਼ਰੀਆ ਅਪਣਾ ਕੇ, ਵਿਕਾਸ ਵਿਚ ਉਨ੍ਹਾਂ ਨੂੰ ਸਮਾਨਤਾ ਦੇ ਕੇ, ਫਿਰਕੂ ਦੰਗਿਆਂ ’ਤੇ ਕਾਬੂ ਪਾ ਕੇ ਅਤੇ ਮੁਸਲਮਾਨ ਮਹਿਲਾਵਾਂ ਦੀ ਤਿੰਨ ਤਲਾਕ ਵਰਗੀ ਸਮੱਸਿਆ ਦਾ ਹੱਲ ਕੱਢ ਕੇ ਮੁਸਲਮਾਨ ਵਰਗ ਦਾ ਭਰੋਸਾ ਜਿੱਤਿਆ ਹੈ ਜੋ ਲੋਕ ਫ਼ਤਵਿਆਂ ਵਿਚ ਪ੍ਰਗਟ ਵੀ ਹੋ ਰਿਹਾ ਹੈ। ਕੁਝ ਸਵਾਰਥੀ ਅਨਸਰ ‘ਪੁਰਸਕਾਰ ਵਾਪਸੀ’ ਨੂੰ ਆਧਾਰ ਬਣਾ ਕੇ ਇਸ ਮੁੱਦੇ ਦਾ ਫ਼ਾਇਦਾ ਚੁੱਕਣਾ ਚਾਹੁੰਦੇ ਹਨ ਪਰ ਸੱਚ ਅੱਗੇ ਤਾਂ ਕੋਈ ਹਥਿਆਰ ਚੱਲਦਾ ਨਹੀਂ।

ਕਥਿਤ ‘ਆਈਡੀਆ ਆਫ ਇੰਡੀਆ’ ਨੂੰ ਵੀ ਚਰਚਾ ਦਾ ਵਿਸ਼ਾ ਬਣਾ ਕੇ ਲੋਕਤੰਤਰ ਨੂੰ ਚੁਣੌਤੀ ਦਿੱਤੀ ਗਈ। ਜਦ ਵੰਨ-ਸੁਵੰਨਤਾ, ਬਹੁਲਤਾ ਅਤੇ ਵਿਲੱਖਣਤਾ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਆਤਮਾ ਹੈ ਤਾਂ ‘ਆਈਡੀਆ ਆਫ ਇੰਡੀਆ’ ਦੀ ਕੋਈ ਸਮਰੂਪ ਧਾਰਨਾ ਕਿਵੇਂ ਹੋ ਸਕਦੀ ਹੈ?

ਜਿਸ ਸਮਾਜ ਦੀ ਦਾਰਸ਼ਨਿਕ, ਧਾਰਮਿਕ ਅਤੇ ਅਧਿਆਤਮਕ ਬੁਨਿਆਦ ਵਿਚ ਬਹੁਲਤਾ ਨੂੰ ਮਾਨਤਾ ਹੋਵੇ, ਉੱਥੇ ਕਿਸੇ ਸਮਰੂਪ ਭਾਰਤੀ ਸਰੂਪ ਦੀ ਕਲਪਨਾ ਕਿਉਂ ਕੀਤੀ ਜਾਣੀ ਚਾਹੀਦੀ ਹੈ? ਰਾਹੁਲ ਗਾਂਧੀ ਨੇ ਜੋ ਇਹ ਵਿਚਾਰ-ਚਰਚਾ ਛੇੜੀ ਹੈ ਕਿ ਭਾਰਤ ਵਿਚ ਲੋਕਤੰਤਰ ਖ਼ਤਮ ਹੋ ਗਿਆ ਹੈ, ਉਸ ਨਾਲ ਰਾਜਨੀਤਕ ਗਲਿਆਰਿਆਂ ਵਿਚ ਤੂਫ਼ਾਨ ਆ ਗਿਆ ਹੈ। ਜੋ ਵਿਅਕਤੀ ਲੋਕਤੰਤਰ ਦੀ ਆਤਮਾ ਤੋਂ ਅਨਜਾਣ ਹੋਵੇ, ਜਿਸ ਦੀ ਪਾਰਟੀ ਵਿਚ ਕੋਈ 20 ਸਾਲਾਂ ਤਕ ਪ੍ਰਧਾਨ ਦੇ ਅਹੁਦੇ ’ਤੇ ਕਾਬਜ਼ ਰਹੇ, ਜਿਸ ਪਾਰਟੀ ਨੇ ਐਮਰਜੈਂਸੀ ਲਾ ਕੇ ਲੋਕਤੰਤਰ ਦਾ ਗਲਾ ਘੁੱਟਿਆ ਹੋਵੇ, ਜਿਸ ਪਾਰਟੀ ਦੇ ਨੇਤਾਵਾਂ ਤੇ ਸਮਰਥਕਾਂ ਨੇ 1984 ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਵਾਇਆ ਹੋਵੇ, ਜਿਸ ਪਾਰਟੀ ਨੇ 1959 ਵਿਚ ਕੇਰਲ ਦੀ ਖੱਬੇ-ਪੱਖੀ ਸਰਕਾਰ ਨੂੰ ਬਰਖ਼ਾਸਤ ਕਰ ਕੇ ਲੋਕਤੰਤਰੀ ਸੰਘਵਾਦ ਨੂੰ ਗਰਕ ਕਰਨ ’ਚ ਪਹਿਲੀ ਕਿੱਲ ਠੋਕੀ ਹੋਵੇ, ਉਸ ਪਾਰਟੀ ਦੇ ਇਕ ਸੀਨੀਅਰ ਨੇਤਾ ਵਿਦੇਸ਼ ਵਿਚ ਜਾ ਕੇ ਕਹਿੰਦੇ ਹਨ ਕਿ ਭਾਰਤ ’ਚ ਲੋਕਤੰਤਰ ਖ਼ਤਮ ਹੋ ਗਿਆ ਹੈ।

ਇਹ ਤਾਂ ‘ਉਲਟਾ ਚੋਰ ਕੋਤਵਾਲ ਕੋ ਡਾਂਟੇ’ ਵਾਲੀ ਕਹਾਵਤ ਨੂੰ ਸੱਚੀ ਸਿੱਧ ਕਰਨਾ ਹੈ। ਜਿਸ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਅਸੀਂ ਤਰਸਦੇ ਸੀ, ਅੱਜ ਸੰਸਾਰ ਦੇ ਵਿਕਸਤ ਦੇਸ਼ ਉਸ ਲਈ ਤਤਪਰ ਹਨ। ਇਹ ਸਭ ਇਸੇ ਕਾਰਨ ਹੋ ਰਿਹਾ ਹੈ ਕਿ ਇਹ ਦੇਸ਼ ਭਾਰਤੀ ਆਰਥਿਕਤਾ ਅਤੇ ਲੋਕਤੰਤਰ ਪ੍ਰਤੀ ਭਰੋਸਾ ਰੱਖਦੇ ਹਨ। ਅਜਿਹੇ ਵਿਚ ਰਾਹੁਲ ਗਾਂਧੀ ਭਲਾ ਕਿਵੇਂ ਕਹਿ ਸਕਦੇ ਹਨ ਕਿ ਭਾਰਤ ਵਿਚ ਲੋਕਤੰਤਰ ਖ਼ਤਮ ਹੋ ਰਿਹਾ ਹੈ? ਭਾਰਤੀ ਲੋਕਤੰਤਰ ਇਨ੍ਹਾਂ ਫ਼ਰਜ਼ੀ ਲੋਕਤੰਤਰੀ ਵਿਚਾਰ-ਚਰਚਾਵਾਂ ਦੇ ਜਾਲ ਵਿਚ ਫਸਣ ਵਾਲਾ ਨਹੀਂ। ਜਨਤਾ ਨੂੰ ਮੂਰਖ ਬਣਾ ਕੇ ਬਹੁਤ ਸ਼ਾਸਨ ਹੋ ਚੁੱਕਾ ਹੈ। ਅੱਜ ਉਸ ਨੂੰ ਲੋਕਤੰਤਰ ਦੇ ਸੱਚੇ ਸਰੂਪ ਦਾ ਗਿਆਨ ਹੈ। ਸਾਨੂੰ ਜਨਤਾ ਦੀ ਸੋਝੀ, ਉਸ ਦੀ ਨਿਰਪੱਖਤਾ ਅਤੇ ਲੋਕ ਫ਼ਤਵੇ ਦਾ ਅਦਬ ਕਰਨਾ ਚਾਹੀਦਾ ਹੈ। ਇਸ ਗੱਲ ਨੂੰ ਕੋਈ ਵੀ ਹਿੰਦੁਸਤਾਨੀ ਜਾਇਜ਼ ਨਹੀਂ ਠਹਿਰਾ ਸਕਦਾ ਕਿ ਕੋਈ ਨੇਤਾ ਵਿਦੇਸ਼ ਵਿਚ ਜਾ ਕੇ ਆਪਣੇ ਦੇਸ਼ ਦੀ ਬਦਖੋਈ ਕਰੇ।

ਤ੍ਰਾਸਦੀ ਇਹ ਹੈ ਕਿ ਕਾਂਗਰਸ ਦੇ ਕਈ ਨੇਤਾ ਪਹਿਲਾਂ ਵੀ ਸੌੜੇ ਸਿਆਸੀ ਹਿੱਤਾਂ ਖ਼ਾਤਰ ਵਿਦੇਸ਼ ਵਿਚ ਆਪਣੇ ਮੁਲਕ ਲਈ ਨੁਕਸਾਨਦੇਹ ਬਿਆਨ ਦਿੰਦੇ ਰਹੇ ਹਨ। ਸਿੱਟੇ ਵਜੋਂ ਵੱਖ-ਵੱਖ ਚੋਣਾਂ ਦੌਰਾਨ ਇਨ੍ਹਾਂ ਮੰਦਭਾਗੇ ਬਿਆਨਾਂ ਕਾਰਨ ਪਾਰਟੀ ਨੂੰ ਫ਼ਾਇਦਾ ਹੋਣ ਦੀ ਥਾਂ ਨੁਕਸਾਨ ਹੀ ਹੁੰਦਾ ਆਇਆ ਹੈ। ਤ੍ਰਾਸਦੀ ਇਹ ਹੈ ਕਿ ਕਾਂਗਰਸ ਫਿਰ ਵੀ ਸਬਕ ਸਿੱਖਣ ਲਈ ਤਿਆਰ ਨਹੀਂ ਹੈ।

# ਪੰਜਾਬ ਦੀ ਖੁਦਮੁਖਤਿਆਰੀ ਦੀ ਵਿਰਾਸਤ ਖਾਲਸਾ ਰਾਜ ਦੇ ਸਿੱਕੇ

ਗੁਰਜਿੰਦਰ ਸਿੰਘ ਬੁੱਟਰ

ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਕ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਦਾਖਲ ਹੁੰਦੇ ਹੀ ਸਾਰੇ ਧਰਮਾਂ ਦੇ ਲੋਕਾਂ ਨੂੰ ਮੁਗਲਾਂ ਦੇ ਜ਼ੁਲਮਾਂ ਖ਼ਿਲਾਫ਼ ਇਕਜੁੱਟ ਕੀਤਾ ਅਤੇ 1709 ਤੋਂ 1710 ਈ. ਦੌਰਾਨ ਸਮਾਣਾ, ਸਢੌਰਾ, ਕਪੂਰੀ ਅਤੇ ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਨ ਨੂੰ ਹਰਾ ਕੇ ਸਰਹੰਦ ’ਤੇ ਫ਼ਤਹਿ ਹਾਸਲ ਕਰਕੇ ਖਾਲਸਾ ਰਾਜ ਸਥਾਪਤ ਕੀਤਾ। ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਜ਼ਮੀਨਦਾਰੀ ਪਰੰਪਰਾ ਖਤਮ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਲਕੀਅਤ ਦੇ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ ਅਤੇ ਖਾਲਸਾ ਰਾਜ ਦੇ ਪਹਿਲੇ ਸਿੱਕੇ, ਮੋਹਰ ਅਤੇ ਕੈਲੰਡਰ ਵੀ ਜਾਰੀ ਕਰ ਦਿੱਤੇ। ਇਹ ਸਿੱਕੇ 1710 ਈ: ਤੋਂ 1713 ਈ: ਵਿੱਚ ਜਾਰੀ ਕੀਤੇ ਗਏ, ਜੋ ਕਿ ਸਿੱਖ ਗੁਰੂਆਂ ਦੇ ਨਾਂ ’ਤੇ ਆਧਾਰਿਤ ਹੋਣ ਕਰਕੇ ਨਾਨਕਸ਼ਾਹੀ ਕਹਿਲਾਏ। ਨਾਨਕਸ਼ਾਹੀ ਸਿੱਕੇ ਖਾਲਸਾ ਰਾਜ ਦੀ ਆਰੰਭਤਾ, ਸਵਤੰਤਰਤਾ, ਖ਼ੁਦਮੁਖਤਿਆਰੀ ਅਤੇ ਗੁਲਾਮੀ ਦੀ ਮਾਨਸਿਕਤਾ ਨੂੰ ਤੋੜਨ ਦੇ ਨਿਸ਼ਾਨ ਬਣੇ। ਇਨ੍ਹਾਂ ਸਿੱਕਿਆਂ ’ਤੇ ਫਾਰਸੀ ਭਾਸ਼ਾ ਦੀ ਵਰਤੋਂ ਕੀਤੀ ਗਈ ਅਤੇ ਧਾਤ ਦੇ ਤੌਰ ’ਤੇ ਚਾਂਦੀ ਵਰਤੀ ਗਈ ਸੀ। ਪਹਿਲੇ ਸਿੱਖ ਸਿੱਕਿਆਂ ’ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ;

ਅੱਗੇ: ਸਿੱਕਾ ਯਦ ਬਰ ਹਰ ਦੋ ਆਲਮ ਤੇਗ-ਏ-ਨਾਨਕ ਵਾਹਿਬ ਅਸਤ ਫ਼ਤਹਿ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ ਫ਼ਜ਼ਲ ਸੱਚਾ ਸਾਹਿਬ ਅਸਤ

ਪਿੱਛੇ: ਜ਼ਰਬ ਬਾ-ਅਮਨ-ਅਲ-ਦੀਨ ਮਾਸਵਾਰਤ ਸ਼ਹਿਰ ਜ਼ੀਨਤ-ਅਲ-ਤਖ਼ਤ ਖਾਲਸਾ ਮੁਬਾਰਕ ਬਖ਼ਤ ਸਿੱਖਾਂ ਦਾ ਪਹਿਲਾ ਰਾਜ ਬਹੁਤਾ ਲੰਮਾ ਸਮਾਂ ਸਥਾਪਿਤ ਨਹੀਂ ਰਹਿ ਸਕਿਆ। 1715 ਈ: ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ ’ਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਇਥੇ ਉਨ੍ਹਾਂ ਨੂੰ ਬਾਦਸ਼ਾਹ ਫਰਖਸੀਅਰ ਦੇ ਹੁਕਮਾਂ ’ਤੇ ਜੂਨ 1716 ਈ: ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਖਾਲਸੇ ਦਾ ਪਹਿਲਾ ਰਾਜ ਅਤੇ ਪਹਿਲੇ ਸਿੱਕੇ ਖਤਮ ਹੋ ਗਏ।

ਅਗਲੇ ਪੰਜਾਹ ਸਾਲਾਂ (1715-1765) ਵਿੱਚ ਨਾਦਰ ਸ਼ਾਹ ਦਾ ਦਿੱਲੀ ਨੂੰ ਲੁੱਟਣਾ, ਮੁਗਲਾਂ ਦੀ ਸ਼ਾਨ ਦਾ ਖ਼ਤਮ ਹੋਣਾ, ਅਹਿਮਦ ਸ਼ਾਹ ਅਬਦਾਲੀ ਦੇ ਨਿਰੰਤਰ ਹਮਲੇ, ਪਾਣੀਪਤ ਦੇ ਰਣ ਵਿੱਚ ਮਰਾਠਿਆਂ ਦਾ ਅਬਦਾਲੀ ਦੇ ਹੱਥੋਂ ਹਾਰਨਾ, ਸਿੱਖਾਂ ਦਾ ਮਿਸਲਾਂ ਦੇ ਰੂਪ ਵਿੱਚ ਇਕਜੁੱਟ ਹੋ ਕੇ ਅਬਦਾਲੀ ਨੂੰ ਪੰਜਾਬ ਤੋਂ ਭਜਾਉਣਾ ਅਤੇ ਆਪ ਜਮਨਾ ਤੋਂ ਇੰਡਸ ਤੱਕ ਦੇ ਇਲਾਕਿਆਂ ਵਿੱਚ ਕਾਬਜ਼ ਹੋ ਕੇ ਮੁੜ ਤੋਂ ਪੰਜਾਬ ਦਾ ਸਰਦਾਰ ਬਣ ਜਾਣਾ ਵਿਸ਼ੇਸ਼ ਘਟਨਾਵਾਂ ਸਨ। ਇਹ ਸਰਦਾਰੀ ਸਿੱਖਾਂ ਨੂੰ ਬੇਅੰਤ ਮੁਸ਼ਕਲਾਂ ਅਤੇ ਦੋ ਲੱਖ ਬਹਾਦਰ ਸਿੰਘਾਂ-ਸਿੰਘਣੀਆਂ ਦੇ ਸਿਰਾਂ ਦੀ ਕੁਰਬਾਨੀ ਦੇ ਕੇ ਹਾਸਲ ਹੋਈ ਸੀ। ਫਲਸਰੂਪ ਸਿੱਖਾਂ ਨੇ ਲਾਹੌਰ ਤੋਂ 1765 ਈ: ਵਿੱਚ ਚਾਂਦੀ ਦੇ ਸਿੱਕੇ ਜਾਰੀ ਕੀਤੇ ਜੋ ਕਿ



ਪੰਜਾਬ ਦੀ ਆਜ਼ਾਦੀ, ਅਖੰਡਤਾ ਅਤੇ ਸੰਯੁਕਤਾ ਦੇ ਪ੍ਰਤੀਕ ਸਨ। ਇਨ੍ਹਾਂ ਸਿੱਕਿਆਂ ’ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ।

ਅੱਗੇ: ਦੇਗ ਤੇਗ ਫ਼ਤਹਿ ਓ ਨੁਸਰਤ ਬੇਦਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਪਿੱਛੇ: ਜ਼ਰਬ ਦਰ-ਅਲ-ਸਲਤਨਤ ਲਾਹੌਰ ਸੰਮਤ 1822

**ਮਇਮੀਨਤ ਮਨੁਸ ਜਲੂਸ**

ਇਨ੍ਹਾਂ ਸਿੱਕਿਆਂ ’ਤੇ ਜਿਹੜੇ ਸ਼ਬਦ ‘ਅੱਗੇ’ ਅੰਕਿਤ ਕੀਤੇ ਗਏ ਸਨ, ਉਹ ਹੀ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ ਅਤੇ ਹੁਕਮਨਾਮਿਆਂ ’ਤੇ ਵੀ ਵਰਤੇ ਗਏ। ਦਸ ਸਾਲਾਂ ਬਾਅਦ 1775 ਈ: ਵਿੱਚ ਸਿੱਖਾਂ ਨੇ ਅੰਮ੍ਰਿਤਸਰ ਸ਼ਹਿਰ ਤੋਂ ਵੀ ਸਿੱਕੇ ਜਾਰੀ ਕੀਤੇ। ਇਸ ਦੇ ‘ਅੱਗੇ’ ਵਾਲੇ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੇ ਗਏ ਸਿੱਕੇ ਵਾਲੇ ਹੀ ਸਨ, ਪਰ ‘ਪਿੱਛੇ’ ਅੰਮ੍ਰਿਤਸਰ ਸ਼ਹਿਰ ਅਤੇ ਅਕਾਲ ਤਖ਼ਤ ਦਾ ਨਾਮ ਅੰਕਿਤ ਕੀਤਾ ਗਿਆ ਸੀ। ਇਨ੍ਹਾਂ ਸਿੱਕਿਆਂ ’ਤੇ 1783 ਈ: ਤੋਂ ਨਿਰੰਤਰ ਦਰੱਖਤਾਂ ਦੀਆਂ ਪੱਤੀਆਂ ਵੀ ਅੰਕਿਤ ਕੀਤੀਆਂ ਜਾਣ ਲੱਗੀਆਂ ਸਨ। ਇਨ੍ਹਾਂ ਪੱਤੀਆਂ ਨੂੰ 1781 ਤੋਂ 1783 ਈ: ਵਿੱਚ ਆਏ ਭਿਆਨਕ ਅਕਾਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਸਿੱਖ ਮਿਸਲਾਂ ਨੇ ਮਿਲ ਕੇ ਪੱਛਮ ਤੋਂ ਆਉਣ ਵਾਲੇ ਹਮਲਾਵਰਾਂ ’ਤੇ ਮੁਕੰਮਲ ਰੋਕ ਲਾ ਦਿੱਤੀ ਸੀ, ਪਰ ਹੁਣ ਇਹ ਮਿਸਲਾਂ ਧਨ, ਜ਼ਮੀਨ ਅਤੇ ਅਹੰਕਾਰ ਕਰਕੇ ਆਪਸ ਵਿਚ ਜੰਗਾਂ ਕਾਰਨ ਲੱਗ ਪਈਆਂ ਸਨ। ਇਨ੍ਹਾਂ ਮਿਸਲਾਂ ਨੂੰ ਇੱਕ ਕਰਨ ਅਤੇ ਪੰਜਾਬ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਿਰ ਤੋੜ ਰਣਨੀਤੀ, ਕੂਟਨੀਤੀ ਅਤੇ ਰਿਸ਼ਤੇਦਾਰੀਆਂ ਦਾ ਪ੍ਰਯੋਗ ਕਰਕੇ ਪੰਜਾਬ ਨੂੰ ਇੱਕ ਵੱਡੇ ਰਾਜ ਵਿੱਚ ਤਬਦੀਲ ਕਰ ਦਿੱਤਾ। ਇਸ ਦੀਆਂ ਸੀਮਾਵਾਂ ਉੱਤਰ ਵਿੱਚ ਲੱਦਾਖ, ਪੂਰਬ ਵਿੱਚ ਸਤਲੁਜ, ਦੱਖਣ ਵਿੱਚ ਸਿੰਧ ਅਤੇ ਪੱਛਮ ਵਿੱਚ ਅਫ਼ਗਾਨਿਸਤਾਨ ਤੱਕ ਲੱਗਦੀਆਂ ਸਨ। ਰਣਜੀਤ ਸਿੰਘ ਨੇ ਮਹਾਰਾਜਾ ਬਣਨ ਤੋਂ ਬਾਅਦ 1801 ਈ: ਵਿੱਚ ਨਵੇਂ ਸਿੱਕੇ ਜਾਰੀ ਕੀਤੇ ਜਿਹੜੇ ਕਿ ਲਾਹੌਰ 1765 ਈ: ਅਤੇ ਅੰਮ੍ਰਿਤਸਰ 1775 ਈ: ਦੇ ਸਿੱਕਿਆਂ ’ਤੇ ਹੀ ਆਧਾਰਿਤ ਸਨ। ਇਹ ਸਿੱਕੇ ਵੀ ਨਾਨਕਸ਼ਾਹੀ ਹੀ ਕਹਿਲਾਏ।

ਮਹਾਰਾਜਾ ਦੇ ਰਾਜ ਵਿੱਚ ਸਿੱਕੇ ਲਾਹੌਰ, ਅੰਮ੍ਰਿਤਸਰ, ਕਸ਼ਮੀਰ, ਮੁਲਤਾਨ, ਡੇਰਾਜੱਟ ਅਤੇ ਪੇਸ਼ਾਵਰ ਵਿੱਚ ਬਣਾਏ ਜਾਂਦੇ ਸਨ। ਸੋਨੇ ਅਤੇ ਚਾਂਦੀ ਦੇ ਸਿੱਕੇ ਦਰਬਾਰ ਵੱਲੋਂ ਅਤੇ ਤਾਂਬੇ ਦੇ ਸਿੱਕੇ ਵੱਡੇ ਵਪਾਰੀ ਦਰਬਾਰ ਤੋਂ ਆਗਿਆ ਲੈ ਕੇ ਆਪ ਬਣਵਾਉਂਦੇ ਸਨ। ਇਨ੍ਹਾਂ ਤਾਂਬੇ ਦੇ ਸਿੱਕਿਆਂ ’ਤੇ ‘ਅਕਾਲ ਸਹਾਇ’, ‘ਗੁਰੂ ਨਾਨਕ ਜੀ’ ਅਤੇ ‘ਨਾਨਕ ਸ਼ਾਹੀ’ ਅੰਕਿਤ ਕੀਤਾ ਜਾਂਦਾ ਸੀ। ਸਿੱਖਾਂ ਦੇ ਫੂਲਕੀਆ ਮਿਸਲਾਂ ਦੇ ਰਾਜਿਆਂ ’ਚੋਂ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜਿਆਂ ਨੇ ਆਪਣੇ ਰਾਜਾਂ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਨਾਂ ’ਤੇ ਆਧਾਰਿਤ ‘ਦੁਰਾਨੀ ਸਿੱਕੇ’ ਚਲਾਏ। ਇਹ ਰਾਜੇ ਅਬਦਾਲੀ ਅਤੇ ਅੰਗਰੇਜ਼ਾਂ ਦੇ ਮੋਹਰੇ ਬਣ ਕੇ ਸ਼ੇਰ-ਏ-ਪੰਜਾਬ ਦੇ ਰਾਜ ਤੋਂ ਵੱਖਰੇ ਹੋ ਕੇ ਆਪਣਾ ਰਾਜ ਸਿਰਫ ਨਿੱਜੀ ਹਿੱਤਾਂ ਲਈ ਚਲਾ ਰਹੇ ਸਨ। ਇਨ੍ਹਾਂ ਰਾਜਿਆਂ ਵਿਚੋਂ ਸਿਰਫ ਨਾਭਾ ਦੇ ਰਾਜਾ ਜਸਵੰਤ ਸਿੰਘ ਨੇ 1835 ਈ: ਵਿੱਚ ‘ਦੁਰਾਨੀ ਸਿੱਕੇ’ ਬੰਦ ਕਰਾ ਕੇ ਸਿੱਖ ਗੁਰੂਆਂ ਦੇ ਨਾਂ ’ਤੇ ਸਿੱਕੇ ਚਲਵਾਏ, ਜਦੋਂ ਕਿ ਪਟਿਆਲਾ ਰਿਆਸਤ ਵਿੱਚ ਗੁਰੂਆਂ ਦੇ ਨਾਂ ਵਾਲੇ ਸਿੱਕੇ ਸਿਰਫ ਦੁਸਹਿਰੇ ਦੀ ਪੂਜਾ ’ਤੇ ਹੀ ਜਾਰੀ ਕੀਤੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਈ: ਵਿੱਚ ਮੌਤ ਹੋ ਜਾਣ ਤੋਂ ਬਾਅਦ ਖ਼ਾਲਸਾ ਰਾਜ ਦਸਾਂ ਸਾਲਾਂ ਵਿੱਚ ਖ਼ਤਮ ਹੋ ਗਿਆ ਅਤੇ ਨਾਲ ਹੀ ‘ਨਾਨਕਸ਼ਾਹੀ ਸਿੱਕੇ’ ਵੀ ਬੰਦ ਹੋ ਗਏ।

# ਸਿੱਖਾਂ ਦੇ ਪਹਿਲੇ ਤੇ ਆਖਰੀ ਰਾਜੇ ਬਾਰੇ ਸੱਚੋ ਸੱਚ



*"ਗੁਰੂ ਤੇਗ ਬਹਾਦਰ ਜੀ ਲਾਲ ਕਿਲੇ ਦੀ ਛੱਤ ਤੇ ਖੜ੍ਹ ਕੇ ਦੂਰ ਨਜ਼ਰ ਮਾਰ ਕੇ ਵੇਖਦੇ ਸਨ ਕਿ ਮੇਰੇ ਟੋਪੀ ਵਾਲੇ ਸਿੱਖ ਆ ਕੇ ਮੁਗਲੀਆ ਸਲਤਨਤ ਦਾ ਖਾਤਮਾ ਕਰਨਗੇ । ਕਿਉਂਕਿ ਜਿਹੜਾ ਰਾਜਾ ਗਿਆਨੀ ਗਿਆਨ ਸਿੰਘ ਤੋਂ ਸੁਬਾਹ /ਸਵੇਰੇ ਉਠ ਕੇ ਹਰ ਰੋਜ਼ 'ਛੇ ਅਸ਼ਟਪਦੀਆਂ' ਸੁਖਮਨੀ ਬਾਣੀ ਦਾ ਪਾਠ ਸੁਣਨ ਦਾ ਆਦੀ ਹੋਵੇ ਉਹ ਜ਼ਰੂਰ ਸ਼ਾਮ ਨੂੰ ਜਲਦੀ ਸੌਂਵੇਗਾ । ਬਾਬਾ ਪ੍ਰੇਮ ਸਿੰਘ ਹੋਤੀ ਜੀ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਦਰਬਾਰੀਆਂ ਨੇ ਕਈ ਵਾਰੀ ਰਾਜੇ ਨੂੰ ਆਪਣੇ ਮਹਿਲਾਂ ਵਿਚ ਅੰਮ੍ਰਿਤਸਰ ਵੱਲ ਮੂੰਹ ਕਰਕੇ ਧਰਤੀ ਤੇ ਬੈਠਿਆਂ, ਜਿੱਥੇ ਘਾਹ ਲਗਾਇਆ ਹੋਇਆ ਸੀ, ਰੋ ਰੋ ਕੇ ਅਰਦਾਸਾਂ ਕਰਦਿਆਂ ਦੇਖਿਆ ਸੀ, "ਧੰਨ ਗੁਰੂ ਰਾਮਦਾਸ ਜੀ ਆਪਣੇ ਸੇਵਕ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ ਕਿਤੇ ਮੇਰੇ ਕੋਲੋਂ ਕੋਈ ਗਲਤੀ ਨਾ ਹੋ ਜਾਵੇ । ਐਸੇ ਰਾਜੇ ਦੇ ਰਾਜ-ਮਹਿਲਾਂ ਵਿਚ ਗੁਲੂ ਮਾਸ਼ਕੀ ਦੀ ਹਿੰਮਤ ਹੋ ਸਕਦੀ ਹੈ ਕਿ ਉਹ ਕਿਸੇ ਰਾਣੀ ਨਾਲ ਸੰਬੰਧ ਪੈਦਾ ਕਰ ਸਕੇ?*

ਗੁਰਚਰਨ ਸਿੰਘ ਜਿਉਣ ਵਾਲਾ
+647 966 3132



ਮੈਂ ਮਿਸਲਾਂ ਦੇ ਛੋਟੇ ਛੋਟੇ ਰਾਜਿਆਂ ਨੂੰ ਰਾਜੇ ਨਾ ਮੰਨ ਕੇ ਵੱਡੇ ਅਤੇ ਸਮੁਚੇ ਪੰਜਾਬ ਤੇ ਰਾਜ ਕਰਦੇ ਰਾਜੇ ਬਾਰੇ ਲਿਖਣ ਲੱਗਾ ਹਾਂ ਜਿਸ ਨੇ ਲਾਹੌਰ ਨੂੰ ਮੁੱਖ ਦਰਬਾਰ ਬਣਾਇਆ ਅਤੇ ਉਸ ਦੇ ਰਾਜ ਦੀਆਂ ਧੁੰਮਾਂ ਦੁਨੀਆਂ ਵਿਚ ਪਈਆਂ ਸਨ। ਰੂਸੀ ਸ਼ਹਿਜਾਦਾ ਸੋਲਟੀਕੂਫ 1842 ਵਿਚ ਮਿਤਰਤਾ ਵਾਲਾ ਖਤ ਲੈ ਕੇ ਲਹੌਰ ਪਹੁੰਚਿਆ ਅਤੇ ਇਥੇ ਇਹ ਮਹਾਰਾਜਾ ਸ਼ੇਰ ਸਿੰਘ ਦਾ ਪ੍ਰਾਹੁਣਾ ਬਣਿਆ। ਲਾਹੌਰ ਦੇ ਸ਼ਾਲਾਮਾਰ ਬਾਗ ਦੀ ਰੌਣਕ ਅਤੇ ਸਫਾਈ ਵੇਖ ਕੇ ਇਹ ਕਹਿੰਦਾ ਹੈ ਕਿ ਇਹ ਫਰਾਂਸ ਦੇ ਵਰਸਾਈਲ ਮਹਿਲਾਂ ਦੇ ਤੁਲ ਹੈ ਜੋ ਸਵਰਗ ਦੇ ਨਜ਼ਾਰੇ ਦੀ ਝਲਕ ਦਿੰਦਾ ਹੈ। 1804 ਵਿਚ ਰਾਵੀ ਵਿਚੋਂ ਛੋਟੀ ਨਹਿਰ (ਜਿਸ ਨੂੰ ਹੰਸਲੀ ਕਹਿੰਦੇ ਹਨ) ਕੱਢ ਕੇ ਸ਼ਾਲਾਮਾਰ ਬਾਗ ਨੂੰ ਹਰਿਆ-ਭਰਿਆ ਕਰਨ ਦਾ ਕੰਮ ਵੀ ਰਾਜੇ ਰਣਜੀਤ ਸਿੰਘ ਨੇ ਹੀ ਕੀਤਾ ਸੀ। ਫਰਾਂਸ ਦੇ ਰਾਜੇ ਦਾ ਐਸਾ ਖਤ ਇਸ ਤੋਂ ਕਈ ਸਾਲ ਪਹਿਲਾਂ ਲਾਹੌਰ ਪੁੱਜ ਚੁੱਕਾ ਸੀ ਜਦੋਂ ਹਾਲੇ ਮਹਾਰਾਜਾ ਰਣਜੀਤ ਸਿੰਘ ਜਿਉਂਦਾ ਸੀ।

ਸਿੱਖੋ! ਮਾਣ ਕਰੋ ਆਪਣੇ ਮਹਾਰਾਜੇ ਰਣਜੀਤ ਸਿੰਘ ਤੇ ਜਿਸ ਨੂੰ ਆਪਣੇ ਬਾਪ ਕੋਲੋਂ ਵਿਰਸੇ ਵਿਚ ਕੁੱਝ ਕੁ ਸੈਂਕੜੇ ਸਿਪਾਹੀ ਅਤੇ ਪਿੰਡ ਮਿਲੇ ਸਨ ਅਤੇ ਆਪਣੇ 40 ਕੁ ਸਾਲਾਂ ਦੇ ਰਾਜ 'ਚ ਖਾਲਸਾ ਰਾਜ ਨੂੰ ਦੁਨੀਆਂ ਦੀ ਸੁਪਰ-ਪਾਵਰ ਬਣਾ ਦਿੱਤਾ। ਰਣਜੀਤ ਸਿੰਘ ਸਿਰਫ 13 ਸਾਲਾਂ ਦਾ ਸੀ ਜਦੋਂ ਸ਼ਿਕਾਰ ਖੇਡਦਾ ਖੇਡਦਾ ਚੱਠਿਆਂ ਦੀ ਜੂਹ ਵਿਚ ਜਾ ਵੜਿਆ ਤੇ ਓਹ ਪਹਿਲਾਂ ਹੀ ਇਸ ਦਾ ਸ਼ਿਕਾਰ ਕਰਨ ਲਈ ਤਾਕ ਲਾਈ ਬੈਠੇ ਸਨ। ਤੂ-ਤੂ ਮੈਂ-ਮੈਂ ਹੋਣ ਤੋਂ ਬਾਅਦ ਰਣਜੀਤ ਸਿੰਘ ਨੇ ਆਪਣੇ ਤਲਵਾਰ ਦੇ ਇਕੋ ਵਾਰ ਨਾਲ ਚੱਠਿਆਂ ਦੇ ਸਿਰਦਾਰ ਦਾ ਸਿਰ ਕਲਮ ਕਰ ਦਿੱਤਾ। ਚੱਠਿਆਂ ਨੂੰ ਸੁਨੇਹਾ ਭੇਜਿਆ ਕਿ ਤੁਹਾਡੇ ਸਿਰਦਾਰ ਦੀ ਧੜ ਤਾਂ ਤੁਸੀਂ ਉਠਾ ਲਈ ਹੋਵੇਗੀ ਪਰ ਸਿਰਦਾਰ ਦਾ ਸਿਰ ਮੇਰੇ ਕੋਲ ਗਿਰਵੀ ਹੈ। ਜਿਤਨਾ ਚਿਰ ਤੁਸੀਂ ਸ਼ੁਕਰਚੱਕੀਆ ਮਿਸਲ ਦੀ ਸਿਰਦਾਰੀ ਨਹੀਂ ਕਬੂਲਦੇ ਉਤਨਾ ਚਿਰ ਮੈਂ ਇਹ ਸੀਸ ਤੁਹਾਨੂੰ ਵਾਪਸ ਨਹੀਂ ਕਰਾਂਗਾ। ਚੱਠਿਆਂ ਦੀ ਮਿਸਲ ਨੇ ਰਣਜੀਤ ਸਿੰਘ ਦੀ ਸਿਰਦਾਰੀ ਕਬੂਲ ਕਰਕੇ ਆਪਣੇ ਸਿਰਦਾਰ ਦਾ ਸਿਰ ਵਾਪਸ ਲਿਆ ਤੇ ਫਿਰ ਉਸ ਨੂੰ ਦਫਨ ਕੀਤਾ। ਰਸ਼ੀਆ ਵਾਂਗਰ ਨਹੀਂ ਕਿ ਲੋਕਾਂ ਦਾ ਢਿੱਡ ਭਰਨ ਲਈ ਅਨਾਜ ਆਪਣੇ ਹੀ ਦੁਸ਼ਮਣ ਤੋਂ ਮੰਗਣਾ ਪਵੇ। ਖਾਲਸਾ ਰਾਜ ਤਾਂ ਖਾਣ ਲਈ ਕੁਦਰਤੀ ਲੂਣ/ਨਮਕ ਦਰਾਮਦ ਕਰਕੇ ਹੀ ਲੱਖਾਂ ਰੁਪਿਆਂ ਦਾ ਵਪਾਰ ਕਰਦਾ ਸੀ। ਸ਼ਹਿਦ, ਰੇਸ਼ਮੀ ਕਪੜਾ ਤੇ ਗੁਲਬਦਨ ਅੰਮ੍ਰਿਤਸਰ ਤੇ ਮੁਲਤਾਨ ਵਿਚ ਵਪਾਰ ਲਈ ਤਿਆਰ ਕੀਤੇ ਜਾਂਦੇ ਸਨ ਅਤੇ ਕਿਸ਼ਤੀਆਂ ਦਾਦਨਖਾਨ ਤੋਂ। ਮੈਂ ਫਰੀਦਕੋਟ ਰਿਆਸਤ ਦਾ ਰਹਿਣ ਵਾਲਾ ਹਾਂ ਤੇ ਇਸ ਪਾਸੇ ਦੇ ਪੰਜਾਬ ਵਿਚ ਤਾਂ ਇਹੀ ਪ੍ਰਚਾਰ ਕੀਤਾ ਗਿਆ ਕਿ ਅਗਰੇਜ਼ਾਂ ਨੇ 1872-80 ਵਿਚ ਨਹਿਰਾਂ ਕੱਢ ਕੇ ਲੋਕਾਂ ਨੂੰ ਖੇਤੀ ਕਰਨ ਦਾ ਤਰੀਕਾ ਸਿਖਾਇਆ, ਨਹਿਰਾਂ ਰਾਹੀਂ ਵਪਾਰ ਕਰਨਾ ਤੇ ਲੱਕੜ ਦੀ ਢੋ-ਢੁਆਈ ਸਿਖਾਈ। ਪਰ ਰਣਜੀਤ ਸਿੰਘ ਨੇ ਤਾਂ 1837 ਤਕ ਨਹਿਰੀ ਪਾਣੀ ਨਾਲ 37,500 ਏਕੜ ਜ਼ਮੀਨ ਦੀ ਸਿੰਚਾਈ ਦਾ ਪ੍ਰਬੰਧ ਕਰ ਲਿਆ ਸੀ। ਪਿਛਲੇ ਸਾਲਾਂ ਦੇ ਮੁਕਾਬਲਤਨ ਜਦੋਂ ਇਸ ਸਾਲ ਲੋਕਾਂ ਦੀ ਹਾਲਤ ਚੰਗੀ ਹੋਈ ਤੇ ਸਰਕਾਰੀ ਖਜ਼ਾਨੇ ਵਿਚ ਮਾਮਲਾ ਵੀ ਜ਼ਿਆਦਾ ਆਇਆ ਤਾਂ ਅਗਲੇ ਸਾਲ, 1838 'ਚ ਦਸ ਲੱਖ ਏਕੜ ਜ਼ਮੀਨ ਦੀ ਨਹਿਰੀ ਪਾਣੀ ਨਾਲ ਸਿੰਜਾਈ ਕੀਤੀ ਗਈ। ਇਸ ਸਾਲ ਤਕ ਨਹਿਰਾਂ ਦੀ ਲੰਬਾਈ 300 ਕੋਹ/650 ਤੋਂ 700 ਕਿਲੋਮੀਟਰ ਸੀ ਜੋ ਬਾਅਦ ਵਿਚ ਹੋਰ ਵੀ ਵਧਾਈ ਗਈ। ਨਹਿਰਾਂ ਵਿਚ ਚੱਲਣ ਵਾਲੀਆਂ ਕਿਸ਼ਤੀਆਂ, ਪਿੰਡ ਦਾਦਨ ਖਾਨ ਜੋ ਅੱਜ-ਕੱਲ੍ਹ ਪਾਕਿਸਤਾਨ ਵਿਚ ਹੈ, ਦੁਨੀਆਂ ਭਰ ਵਿਚ ਮਸ਼ਹੂਰ ਸਨ। ਲੋਕਾਂ ਨੂੰ ਖੂਹ ਅਤੇ ਝੱਟੇ ਲਾਉਣ ਲਈ ਸਰਕਾਰੀ ਖਜ਼ਾਨੇ ਵਿਚੋਂ ਬਗੈਰ ਵਿਆਜ ਤੋਂ ਪੈਸਾ ਦਿੱਤਾ ਗਿਆ ਜੋ ਬਗੈਰ ਕਿਸੇ ਕਸ਼ਟ ਉਠਾਇਆਂ ਵਾਪਸ ਕਰਨ ਲਈ ਕਿਹਾ ਗਿਆ ਅਤੇ ਕੁੱਝ ਕੁ ਹਾਲਤਾਂ ਵਿਚ ਜੇਕਰ ਕੋਈ ਕਿਸਾਨ ਵਾਪਸ ਨਹੀਂ ਕਰ ਸਕਦਾ ਸੀ ਤਾਂ ਮੁਆਫ ਵੀ ਕੀਤਾ ਗਿਆ। ਮਹਾਰਾਜੇ ਦੀ ਇਹ ਸੋਚ ਸੀ ਕਿ ਜੇਕਰ ਜ਼ਿਮੀਦਾਰ ਖੁਸ਼ਹਾਲ ਹਨ ਤਾਂ ਹੀ ਤਾਂ ਉਹ ਮੇਰੇ ਰਾਜ ਦੀ ਰਾਖੀ ਕਰਨ ਲਈ ਚੰਗੇ ਡੀਲ-ਡੌਲ ਅਤੇ ਤੰਦਰੁਸਤ ਨੌਜਵਾਨ ਪੈਦਾ ਕਰਨਗੇ। ਹਵਾਲਾ 'ਪੰਜਾਬ ਦਾ ਸਮਾਜਕ ਇਤਿਹਾਸ' (ਖਾਲਸਾ ਰਾਜ-ਕਾਲ ਵਿਚ) ਕਰਤਾ ਬਾਬਾ ਪ੍ਰੇਮ ਸਿੰਘ ਹੋਤੀ ਸੰਪਾਦਕ ਡਾ. ਫੌਜਾ ਸਿੰਘ। ਜਦੋਂ ਹੀ ਮੈਂ ਇਹ ਗੱਲ ਪ੍ਰਿੰ. ਸਰਵਣ ਸਿੰਘ ਢੁਡੀਕਿਆਂ ਵਾਲਿਆਂ ਨਾਲ ਸਾਂਝੀ ਕੀਤੀ ਤਾਂ ਕਹਿਣ ਲੱਗੇ ਕਿ ਮੋਘਿਆਂ ਦੇ ਨੰਬਰ ਦਿਓ ਤਾਂ ਮੇਰਾ ਇਹ ਉੱਤਰ ਸੀ ਕਿ ਤੁਸੀਂ ਉਨ੍ਹਾਂ ਮੁਸਲਮਾਨੀ ਔਰਤਾਂ, ਜਿਨ੍ਹਾਂ ਦਾ ਵਿਆਹ ਮਹਾਂਰਾਜੇ ਰਣਜੀਤ ਸਿੰਘ ਨਾਲ ਕਰਵਾਇਆ ਹੈ, ਦੇ ਨੱਕ, ਕੰਨ,ਅੱਖਾਂ ਅਤੇ ਲੱਤਾਂ-ਬਾਹਾਂ ਅਤੇ ਲੱਕ ਦੀ ਮਿਣਤੀ ਦੀਆਂ ਫੋਟੋ ਵਿਖਾਓ ਕਿ ਉਹ ਕੇਹੋ ਜਿਹੀਆਂ ਸਨ ਅਤੇ ਕੀ ਕੀ ਪਹਿਨਦੀਆਂ ਸਨ। ਮੈਂ ਕਿਹਾ ਸਰਵਣ ਸਿੰਘ ਜੀ ਇਹ ਤਾਂ ਉਹ ਗੱਲ ਹੋਈ ਕਿ, "ਗਏ ਸੀ ਨਮਾਜ਼ ਭਗਤਾਉਣ ਪੈ ਗਏ ਰੋਜ਼ੇ ਗਲ। ਮੈਂ ਤਾਂ ਮੋਘਿਆਂ ਦੇ ਨੰਬਰ ਪਾਕਿਸਤਾਨ ਜਾ ਕੇ ਲੱਭ ਲਿਆਵਾਂਗਾ ਪਰ ਤੁਸੀਂ ਮਹਾਂਰਾਜੇ ਰਣਜੀਤ ਸਿੰਘ ਦਾ ਮੁਸਲਮਾਨੀ ਨਾਮ ਕਿਵੇਂ ਪੈਦਾ ਕਰੋਗੇ ? ਚੰਗਾ ਹੁੰਦਾ ਜੇਕਰ ਤੁਸੀਂ ਕਬੱਡੀ ਬਾਰੇ ਝਖਾਂ ਮਾਰੀ ਜਾਂਦੇ ਪਰ ਖੋਜ ਕੰਮ ਬਾਰੇ ਗੱਲ ਨਾ ਕਰਦੇ।

ਬਾਰਨ ਚਾਰਲਿਸ ਹੂਗਲ ਜਿਹੜਾ ਹੈ ਤਾਂ ਅੰਗਰੇਜ਼ਾਂ ਦਾ ਜਾਸੂਸ ਪਰ ਆਇਆ ਉਹ ਯਾਤਰੂ ਬਣਕੇ ਸੀ। ਕਈ ਵਾਰ ਉਹ ਮਹਾਂਰਾਜੇ ਰਣਜੀਤ ਸਿੰਘ ਨੂੰ ਮਿਲਿਆ ਵੀ। ਉਹ ਆਪਣੀ ਕਿਤਾਬ,"ਕਸ਼ਮੀਰ ਅਤੇ ਪੰਜਾਬ ਦੀ ਯਾਤਰਾ" ਵਿਚ ਲਿਖਦਾ ਹੈ ਕਿ ਆਸਟਰੀਆ ਦੀ ਫੌਜ ਬਹੁਤ ਹੀ ਨਿਸ਼ਾਨੇਬਾਜ ਸਮਝੀ ਜਾਂਦੀ ਹੈ ਪਰ ਮਹਾਂਰਾਜੇ ਰਣਜੀਤ ਸਿੰਘ ਦੀ ਫੌਜ ਦਾ ਨਿਸ਼ਾਨਾ ਉਨ੍ਹਾਂ ਤੋਂ ਕਿਤੇ ਵੱਧ ਠੀਕ ਅਤੇ ਪੱਕਾ ਹੈ। ਇਨ੍ਹਾਂ ਦੀਆਂ ਤੋਪਾਂ ਦੇ ਨਿਸ਼ਾਨੇ ਵੇਖ ਮੈਂ ਹੈਰਾਨ ਹਾਂ ਜੋ ਅੰਗਰੇਜਾਂ ਜਾਂ ਯੂਰਪੀਅਨ ਤੋਪਾਂ ਨਾਲੋਂ ਕਿਤੇ ਵੱਧ ਠੀਕ ਹਨ। ਰਵਾਇਤੀ ਹੱਥਿਆਰ ਜਿਵੇਂ ਕਿਰਪਾਨ, ਨੇਜ਼ਾ, ਭਾਲਾ ਤਾਂ ਸਾਡੇ ਨਾਲੋਂ ਵਧੀਆ ਹੈ ਹੀ ਹਨ ਪਰ ਜੇ ਕਿਧਰੇ ਯੁਰਪੀਅਨ ਤੋਪਾਂ ਤੇ ਮਹਾਰਾਜੇ ਦੀਆਂ ਤੋਪਾਂ ਨੂੰ ਰਲਾ ਕੇ ਰੱਖ ਦਿੱਤਾ ਜਾਵੇ ਤਾਂ ਕੋਈ ਨਹੀਂ ਪਛਾਂਣ ਸਕੇਗਾ ਕਿ ਕਿਹੜੀ ਕਿਸਦੀ ਹੈ। ਇਹ ਸਾਰੀ ਕਾਰੀਗਰੀ ਭਾਈ ਲਹਿਣਾ ਸਿੰਘ ਦੀ ਸੀ ਜਿਹੜਾ ਕਦੇ ਕਿਸੇ ਚੀਜ਼ ਨੂੰ ਵੇਖ ਆਉਂਦਾ ਉਸ ਤੋਂ ਵਧੀਆ ਓਹੀ ਚੀਜ਼ ਓਹ ਇਕ ਦੋ ਮਹੀਨਿਆਂ ਵਿਚ ਤਿਆਰ ਕਰਕੇ ਮਹਾਂਰਾਜੇ ਦੇ ਪੇਸ਼ ਕਰ ਦਿੰਦਾ। ਬਾਬਾ ਪ੍ਰੇਮ ਸਿੰਘ ਹੋਤੀ ਇਸੇ ਕਿਤਾਬ ਵਿਚ ਲਿਖਦੇ ਹਨ ਕਿ ਘੋੜੇ ਦੀ ਨਾਲ (ਪੈਰ ਵਿਚ ਖੁਰੀ ਲਾਉਣ ਲਈ ਵਰਤੀ ਜਾਂਦੀ ਮੇਖ) ਤੋਂ ਲੈ ਕੇ ਅਫਸਰਾਂ ਦੀ ਪੱਗ ਤਕ ਰਾਜੇ ਦੀ ਨਜ਼ਰ ਹੇਠੋਂ ਦੀ ਲੰਘਦੀ। ਆਪਣੇ ਪ੍ਰਧਾਨ ਮੰਤਰੀ ਅਜ਼ੀਜ਼ੂਦੀਨ ਨੂੰ ਇਹ ਹੁਕਮ ਸੀ ਕਿ ਮੈਂ ਸਿੱਖ ਰਾਜਾ ਹਾਂ ਇਸ ਕਰਕੇ ਕਿਸੇ ਸਿੱਖ ਨਾਲ ਕਾਨੂੰਨੀ ਤੌਰ ਤੇ ਲਿਹਾਜ਼ ਕਰੇਂ ਅਤੇ ਤੂੰ ਮੁਸਲਮਾਨ ਹੈਂ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਕਿਸੇ ਮੁਸਲਮਾਨ ਨਾਲ ਲਿਹਾਜ਼ ਕਰੇਂ ਮੈਂ ਇਹ ਬਰਦਾਸ਼ਤ ਨਹੀਂ ਕਰਾਂਗਾ।


ਮਹਾਰਾਜੇ ਰਣਜੀਤ ਸਿੰਘ ਦੇ ਸਮੁੱਚੇ ਰਾਜ-ਕਾਲ ਵਿਚ ਸਰਹੱਦੀ ਇਲਾਕਿਆਂ ਨੂੰ ਛੱਡ ਕੇ ਸਾਰੇ ਖਾਲਸਾ ਰਾਜ ਵਿਚ ਕਿਧਰੇ ਵਿਦਰੋਹ ਨਹੀ ਹੋਇਆ। ਖਲੀਫਾ ਸੱਯਦ ਮੁਹੰਮਦ ਅਤੇ ਬਾਰਕਜ਼ਈ ਭਰਾਵਾਂ ਮੁਹੰਮਦ ਆਜ਼ਮ ਖਾਨ ਅਤੇ ਦੋਸਤ ਮੁਹੰਮਦ ਖਾਨ ਨੇ ਕਈ ਵਾਰ ਮਜ਼ ?ਹਬ ਦੇ ਨਾਂ ਤੇ ਮੁਸਲਮਾਨਾਂ ਨੂੰ ਭੜਕਾਉਣ ਦੇ ਯਤਨ ਕੀਤੇ ਪਰ ਉਨ੍ਹਾਂ ਦੀ ਕੋਈ ਪੇਸ਼ ਨਹੀਂ ਗਈ ਕਿਉਂਕਿ ਖਾਲਸਾ ਰਾਜ ਵਿਚ ਵੱਸਦੇ ਮੁਸਲਮਾਨ ਵੀ ਉਤਨੇ ਹੀ ਖੁਸ਼ਹਾਲ ਸਨ ਜਿਤਨੇ ਸਿੱਖ ਜਾਂ ਕੋਈ ਹੋਰ ਕੌਮ ਦੇ ਬੰਦੇ। ਹੋਰ ਜ਼ਿਆਦਾ ਵਿਸਥਾਰ ਨਾਲ ਮਹਾਂਰਾਜੇ ਬਾਰੇ ਪੜ੍ਹਨਾ ਹੋਵੇ ਤਾਂ ਹੋਨਿੰਗ ਬਰਗਰ ਦੀ ਕਿਤਾਬ '35 ਯੀਅਰਜ਼ ਇਨ ਈਸਟ' ਪੜ੍ਹੋ। ਬਰਨਜ਼ ਅਤੇ ਯਕੋਮਾਂ ਫਰਾਂਸੀਸੀ ਦੇ ਵੀਚਾਰ ਜਾਨਣਾ ਚਾਹੁੰਦੇ ਹੋ ਤਾਂ ਪਟਿਆਲਾਂ ਯੂਨੀਵਰਸਿਟੀ ਦੀ ਛਾਪੀ ਹੋਈ ਕਿਤਾਬ, "ਪੰਜਾਬ ਦਾ ਇਤਹਾਸ (ਖਾਲਸਾ ਰਾਜ-ਕਾਲ ਵਿਖੇ) ਕਰਤਾ ਬਾਬਾ ਪ੍ਰੇਮ ਸਿੰਘ ਹੋਤੀ ਸੰਪਾਦਕ ਡਾ. ਫੌਜਾ ਸਿੰਘ ਪੜ੍ਹੋ। ਬਰਨਜ਼ ਲਿਖਦਾ ਹੈ ਕਿ ਮੈਂ ਭਾਰਤ ਦੇ ਹੋਰ ਰਾਜਾਂ ਵਿਚ ਪਹਿਲੇ ਰਾਜਿਆਂ ਦੇ ਪ੍ਰੀਵਾਰਾਂ ਨੂੰ ਭੀਖ ਮੰਗਦੇ ਦੇਖਿਆ ਹੈ ਪਰ ਮਹਾਂਰਾਜੇ ਰਣਜੀਤ ਸਿੰਘ ਨੇ ਜਿਸ ਕਿਸੇ ਵੀ ਸਿਰਦਾਰ ਦਾ ਰਾਜ ਆਪਣੇ ਨਾਲ ਮਿਲਾਇਆ ਉਸਦੇ ਪ੍ਰੀਵਾਰ ਨੂੰ ਸੁਖ ਸਹੂਲਤਾਂ ਵਾਸਤੇ ਵੱਡੀਆਂ ਵੱਡੀਆਂ ਜ਼ਗੀਰਾਂ ਦੇ ਕੇ ਨਿਵਾਜਿਆ। ਪੁਰਾਣੇ ਰਾਜਿਆਂ ਦੇ ਪ੍ਰੀਵਾਰ ਵਿਚੋਂ ਪੰਜਾਬ ਵਿਚ ਮੈਂ ਕਿਸੇ ਨੂੰ ਭੀਖ ਮੰਗਦੇ ਨਹੀਂ ਦੇਖਿਆ।

ਜ਼ਨਾਨਖਾਨਿਆਂ ਵਿਚ ਕੰਮ ਕਰਨ ਵਾਸਤੇ ਮਹਾਰਾਜੇ ਰਣਜੀਤ ਸਿੰਘ ਨੇ ਖੁਸਰੇ ਨਹੀਂ ਰੱਖੇ ਸਗੋਂ ਜ਼ਨਾਨੀਆਂ ਦੀ ਹਿਫਾਜ਼ਤ ਲਈ ਜਾਂ ਰਾਣੀਆਂ ਦੀ ਸੇਵਾ ਲਈ ਜ਼ਨਾਨੀਆਂ ਹੀ ਮੁਕਰੱਰ ਕੀਤੀਆਂ ਹੋਈਆਂ ਸਨ। ਇਹ ਠੀਕ ਹੈ ਕਿ ਰਾਜੇ ਨੇ ਜਿਸ ਕਿਸੇ ਮਿਸਲ ਨੂੰ ਆਪਣੇ ਰਾਜ ਵਿਚ ਮਿਲਾਉਣ ਲਈ ਲੜਾਈ ਕੀਤੀ ਤੇ ਸਿਰਦਾਰ ਦੀ ਮੌਤ ਹੋ ਗਈ ਉਸ ਦੀ ਸਿਰਦਾਰਨੀ ਨੂੰ ਆਪਣੇ ਮਹਿਲਾਂ ਵਿਚ ਰਾਣੀ ਦੀ ਤਰ੍ਹਾਂ ਸਹੂਲਤਾਂ ਦਿੱਤੀਆਂ। ਇਹ ਵੀ ਹੋ ਸਕਦਾ ਹੈ ਕਿ ਬਾਹਰੋਂ ਆਏ ਮਹਿਮਾਨਾਂ ਦੀ ਮਹਿਮਾਨ-ਨਿਵਾਜ਼ਗੀ ਲਈ ਉਨ੍ਹਾਂ ਔਰਤਾਂ ਨੂੰ ਆਪਣੀ ਇਯਾਸ਼ੀ ਲਈ ਵਰਤਿਆ ਜਾਂਦਾ ਹੋਵੇ ਪਰ ਉਹ ਗੁਲਾਮ ਬਣਾ ਕੇ ਨਹੀਂ ਰੱਖੀਆਂ ਹੋਈਆਂ ਸਨ ਜਿਵੇਂ ਪੁਰਾਣੇ ਮੁਗਲ-ਬਾਦਸ਼ਾਹ ਕਰਦੇ ਸਨ।

ਜੇਕਰ ਮੋਰਾਂ ਨਾਚੀ ਨਾਲ ਵਿਆਹ ਕਰਵਾਇਆ ਹੁੰਦਾ ਤਾਂ ਰਾਜੇ ਰਣਜੀਤ ਸਿੰਘ ਦੇ ਪ੍ਰਭਾਵ ਕਾਰਣ ਮੋਰਾਂ ਦਾ ਨਾਂ ਮਾਈ ਮੋਰਾਂ ਪੈ ਜਾਣਾ ਸੁਭਾਵਕ ਹੀ ਸੀ। ਅੰਮ੍ਰਿਤਸਰ ਤੋਂ ਲਾਹੌਰ ਨੂੰ ਜਾਂਦਿਆਂ ਜਿਹੜਾ ਪੁਲ ਮੋਰਾਂ ਦੇ ਕਹਿਣ ਤੇ ਮਹਾਰਾਜੇ ਨੇ ਬਣਵਾਇਆ ਸੀ ਉਸ ਪੁਲ ਦਾ ਨਾਮ ਅੱਜ ਵੀ ਕੰਜਰੀ-ਪੁਲ ਹੀ ਹੈ। ਜੇਕਰ ਮਹਾਰਾਜੇ ਨੇ ਉਸ ਨਾਲ ਵਿਆਹ ਕਰਵਾਇਆ ਹੁੰਦਾ ਤਾਂ ਪੁਲ ਦਾ ਨਾਮ ਜ਼ਰੂਰ ਮਾਈ ਮੋਰਾਂ-ਪੁਲ ਸੱਦਿਆ ਜਾਣਾ ਸੀ। ਮੈਨੂੰ ਤਾਂ ਮੋਰਾਂ ਨਾਚੀ ਨਾਲ ਸਬੰਧਾਂ ਜਾਂ ਵਿਆਹ ਕਰਵਾਉਣ ਵਾਲੀ ਗੱਲ ਵੀ ਅੰਗਰੇਜ਼ਾਂ ਵੇਲੇ ਪ੍ਰਚੱਲਤ ਕੀਤੀ ਲੱਗਦੀ ਹੈ ਜਿਵੇਂ ਸਾਡੇ ਹੀ ਪ੍ਰਚਾਰਕਾਂ ਕੋਲੋਂ ਅੰਗਰੇਜ਼ਾਂ ਨੇ ਇਹ ਅਫਵਾਹ ਉਡਵਾਈ ਕਿ, "ਗੁਰੂ ਤੇਗ ਬਹਾਦਰ ਜੀ ਲਾਲ ਕਿਲੇ ਦੀ ਛੱਤ ਤੇ ਖੜ੍ਹ ਕੇ ਦੂਰ ਨਜ਼ਰ ਮਾਰ ਕੇ ਵੇਖਦੇ ਸਨ ਕਿ ਮੇਰੇ ਟੋਪੀ ਵਾਲੇ ਸਿੱਖ ਆ ਕੇ ਮੁਗਲੀਆ ਸਲਤਨਤ ਦਾ ਖਾਤਮਾ ਕਰਨਗੇ। ਕਿਉਂਕਿ ਜਿਹੜਾ ਰਾਜਾ ਗਿਆਨੀ ਗਿਆਨ ਸਿੰਘ ਤੋਂ ਸੁਬਾਹ/ਸਵੇਰੇ ਉਠ ਕੇ ਹਰ ਰੋਜ਼ 'ਛੇ ਅਸ਼ਟਪਦੀਆਂ' ਸੁਖਮਨੀ ਬਾਣੀ ਦਾ ਪਾਠ ਸੁਣਨ ਦਾ ਆਦੀ ਹੋਵੇ ਉਹ ਜ਼ਰੂਰ ਸ਼ਾਮ ਨੂੰ ਜਲਦੀ ਸੌਂਵੇਗਾ। ਬਾਬਾ ਪ੍ਰੇਮ ਸਿੰਘ ਹੋਤੀ ਜੀ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਦਰਬਾਰੀਆਂ ਨੇ ਕਈ ਵਾਰੀ ਰਾਜੇ ਨੂੰ ਆਪਣੇ ਮਹਿਲਾਂ ਵਿਚ ਅੰਮ੍ਰਿਤਸਰ ਵੱਲ ਮੂੰਹ ਕਰਕੇ ਧਰਤੀ ਤੇ ਬੈਠਿਆਂ, ਜਿੱਥੇ ਘਾਹ ਲਗਾਇਆ ਹੋਇਆ ਸੀ, ਰੋ ਰੋ ਕੇ ਅਰਦਾਸਾਂ ਕਰਦਿਆਂ ਦੇਖਿਆ ਸੀ, "ਧੰਨ ਗੁਰੂ ਰਾਮਦਾਸ ਜੀ ਆਪਣੇ ਸੇਵਕ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ ਕਿਤੇ ਮੇਰੇ ਕੋਲੋਂ ਕੋਈ ਗਲਤੀ ਨਾ ਹੋ ਜਾਵੇ। ਐਸੇ ਰਾਜੇ ਦੇ ਰਾਜ-ਮਹਿਲਾਂ ਵਿਚ ਗੁਲੂ ਮਾਸ਼ਕੀ ਦੀ ਹਿੰਮਤ ਹੋ ਸਕਦੀ ਹੈ ਕਿ ਉਹ ਕਿਸੇ ਰਾਣੀ ਨਾਲ ਸੰਬੰਧ ਪੈਦਾ ਕਰ ਸਕੇ ? ਬਲਦੇਵ ਸਿੰਘ ਸੜਕਨਾਮਾ ਵਾਲੇ ਨੇ ਆਪਣੀ ਕਿਤਾਬ, "ਸੂਰਜ ਦੀ ਅੱਖ"ਵਿਚ ਜੋ ਕੜ੍ਹੀ ਘੋਲੀ ਹੈ ਉਹ ਕਾਬਲੇ ਬਰਦਾਸ਼ਤ ਨਹੀਂ। ਬਲਦੇਵ ਸਿੰਘ ਲਿਖਦਾ ਹੈ, ਸਿੱਖਾਂ ਦੇ ਮੂੰਹ ਨੂੰ ਰਾਜ ਕਰਨ ਦਾ ਲਹੂ ਲੱਗ ਚੁਕਿਆ ਸੀ, ਰਾਜੇ ਦਾ ਇਕ ਲੜਕਾ ਗੁਲੂ ਮਾਸ਼ਕੀ ਦਾ ਸੀ, ਰਾਜੇ ਰਣਜੀਤ ਸਿੰਘ ਨੇ ਇਕੱਲੀ ਮੋਰਾਂ ਨਾਚੀ ਨਾਲ ਹੀ ਨਿਕਾਹ ਨਹੀਂ ਕਰਵਾਇਆ ਸਗੋਂ ਚਾਰ ਪੰਜ ਹੋਰ ਮੁਸਲਮਾਨਣੀਆਂ ਨਾਲ ਵੀ ਨਿਕਾਹ ਕਰਾਏ ਸਨ। ਇਸ ਬਲਦੇਵ ਸਿੰਘ ਨੂੰ ਰਾਜੇ ਦਾ ਇਕ ਵੀ ਚੰਗਾ ਕੰਮ ਨਹੀਂ ਦਿਸਿਆ। ਜੇਕਰ ਇਸਨੂੰ ਰਾਜਾ ਦਿਸਿਆ ਤਾਂ ਅਯਾਸ਼ੀ ਕਰਦਾ ਹੀ ਦਿਸਿਆ। ਇਸ ਨੂੰ ਰਾਜੇ ਦੇ ਖਾਲਸਾ ਰਾਜ ਦਾ ਸੁਪਰ ਪਾਵਰ ਹੋਣਾ ਨਹੀਂ ਦਿਸਿਆ, ਓਸ ਵੇਲੇ ਅਮਰੀਕੀ 1.75 ਡਾਲਰ (ਪੌਣੇ ਦੋ ਡਾਲਰ) ਦੇ ਬਰਾਬਰ ਇਕ ਰੁਪੱਈਏ ਦਾ ਹੋਣਾ ਨਹੀਂ ਦਿਸਿਆ। ਘੁੱਗ ਵੱਸਦਾ ਪੰਜਾਬ ਨਹੀਂ ਦਿਸਿਆ ਪਰ ਕੁੱਝ ਅੰਗਰੇਜ਼ਾਂ ਦੀਆਂ ਕਿਤਾਬਾਂ ਦੇ ਵਿਚੋਂ ਰੈਫਰੈਂਸ ਲੈ ਕੇ ਇਸਨੇ ਰਾਜੇ ਰਣਜੀਤ ਸਿੰਘ ਦੀ ਦੂਜੀ ਅੱਖ ਤੇ ਵੀ ਮਿੱਟੀ ਮਲ ਦਿੱਤੀ ਜੋ ਬਹੁਤ ਹੀ ਨਿੰਦਣ ਯੋਗ ਹੈ।

ਬਲਦੇਵ ਸਿੰਘ ਜਿਹੜੇ ਅੰਗਰੇਜ਼ਾਂ ਨੇ ਖਾਲਸਾ ਰਾਜ ਨੂੰ ਹੱਥਿਆਉਣ ਲਈ ਡੋਗਰੇ ਖਰੀਦੇ, ਹੋਰ ਚੋਰ ਮੋਰੀਆਂ ਪੈਦਾ ਕੀਤੀਆਂ ਅਤੇ ਡਰਦੇ ਮਾਰੇ ਮਹਾਂਰਾਜੇ ਦੀ ਮੌਤ ਦੀ ਉਡੀਕ ਕਰਨ ਲੱਗੇ ਅੱਜ ਉਨ੍ਹਾਂ ਹੀ ਅੰਗਰੇਜ਼ਾਂ ਦੇ ਬੀ.ਬੀ.ਸੀ. ਦੇ ਸਰਵੇ ਦੀ ਰੀਪੋਰਟ ਵਿਚ ਮਹਾਂਰਾਜੇ ਰਣਜੀਤ ਸਿੰਘ ਨੂੰ ਉਨਵੀ ਸਦੀ ਦਾ ਸਰਬੋਤਮ ਰਾਜਾ ਐਲਾਨਿਆ ਗਿਆ ਹੈ। ਤੁਹਾਡੀ ਕਿਤਾਬ ਠੀਕ ਹੈ ਜਾਂ ਬੀ.ਬੀ.ਸੀ? ਭਾਵੇਂ ਉਹ ਅੱਖਰੀ ਗਿਆਨ ਤੋਂ ਕੋਰਾ ਸੀ ਪਰ ਫਿਰ ਵੀ ਉਹ ਬਹੁਤ ਹੀ ਸਿਆਣਾ ਤੇ ਸਮਝਦਾਰ ਰਾਜਾ ਸੀ। ਗਿਆਨ ਸਿਰਫ ਅੱਖਰਾਂ ਰਾਹੀਂ ਹੀ ਨਹੀਂ ਪ੍ਰਾਪਤ ਕੀਤਾ ਜਾਂਦਾ ਸਗੋਂ ਕੰਨਾਂ ਨਾਲ ਸੁਣ ਕੇ ਵੀ ਪ੍ਰਾਪਤ ਕੀਤਾ ਜਾਂਦਾ ਹੈ। ਬਾਦਸ਼ਾਹ ਅਕਬਰ ਵੀ ਇਸੇ ਨਸਲ ਦਾ ਰਾਜਾ ਸੀ। ਉਹ ਵੀ ਗਿਆਨ-ਗੋਸ਼ਟੀਆਂ ਕਰਵਾਉਂਦਾ, ਸੁਣਦਾ ਤੇ ਗਿਆਨ ਪ੍ਰਾਪਤ ਕਰਦਾ ਸੀ।

# ਆਪਣੇ ਬੱਚੇ ਦੀ ਵਿਸ਼ੇਸ਼ ਪ੍ਰਤਿਭਾ ਨੂੰ ਵਧਾਉਣ ਵਿੱਚ ਮਦਦ ਕਰਨਾ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਹਰ ਕਿਸੇ ਵਿੱਚ ਕੋਈ ਨਾ ਕੋਈ ਪ੍ਰਤਿਭਾ ਹੁੰਦੀ ਹੈ। ਕੋਈ ਵੀ ਹਰ ਚੀਜ਼ ਵਿੱਚ ਮਾਹਰ ਨਹੀਂ ਹੁੰਦਾ, ਪਰ ਹਰ ਕੋਈ ਕਿਸੇ ਨਾ ਕਿਸੇ ਚੀਜ਼ ਵਿੱਚ ਚੰਗਾ ਹੁੰਦਾ ਹੈ ਅਤੇ ਉਹ ਆਪਣੇ ਤੋਹਫ਼ਿਆਂ ਅਤੇ ਪ੍ਰਤਿਭਾਵਾਂ ਵਿੱਚ ਸੁਧਾਰ ਕਰ ਸਕਦਾ ਹੈ। ਨੌਜਵਾਨਾਂ ਨੂੰ ਖਾਸ ਤੌਰ 'ਤੇ ਕੁਝ ਕਰਨ ਦੀ ਲੋੜ ਹੁੰਦੀ ਹੈ। ਸਫਲ ਲੋਕ ਨਸ਼ਿਆਂ ਜਾਂ ਅਲਕੋਹਲ ਦੀ ਵਰਤੋਂ ਕਰਨ ਜਾਂ ਹੋਰ ਨਕਾਰਾਤਮਕ ਵਿਵਹਾਰ ਦਿਖਾਉਣ ਜਾਂ ਅਰਥਪੂਰਨ ਮਹਿਸੂਸ ਕਰਨ ਦੀ ਘੱਟ ਸੰਭਾਵਨਾ ਰੱਖਦੇ ਹਨ। ਪ੍ਰਤਿਭਾ ਵਿੱਚ ਕੁਝ ਸਪੱਸ਼ਟ ਚੀਜ਼ਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਚੰਗੇ ਗ੍ਰੇਡ ਪ੍ਰਾਪਤ ਕਰਨਾ, ਸੰਗੀਤ ਦੇ ਹੁਨਰ ਪ੍ਰਾਪਤ ਕਰਨਾ ਜਾਂ ਇੱਕ ਵਧੀਆ ਐਥਲੀਟ ਬਣਨਾ। ਹਾਲਾਂਕਿ ਨਿਰੰਤਰ ਰਹਿਣਾ, ਚੰਗਾ ਸੁਣਨ ਵਾਲਾ, ਜਾਂ ਸੁਹਾਵਣਾ ਹੋਣਾ ਵੀ ਪ੍ਰਤਿਭਾ ਹੈ। ਮਾਤਾ-ਪਿਤਾ, ਚਾਚੇ, ਮਾਸੀ, ਦਾਦਾ-ਦਾਦੀ, ਅਤੇ ਅਧਿਆਪਕਾਂ ਨੂੰ ਪ੍ਰਤਿਭਾ ਸਕਾਊਟਸ ਦੀ ਭੂਮਿਕਾ ਨਿਭਾਉਣ ਅਤੇ ਘੱਟ ਸਪੱਸ਼ਟ ਤੋਹਫ਼ਿਆਂ ਦੀ ਪਾਲਣਾ ਕਰਨ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਕਾਬਲੀਅਤਾਂ ਨੂੰ ਦੇਖਣ ਅਤੇ ਕਦਰ ਕਰਨ ਵਿੱਚ ਮਦਦ ਕਰਨ ਦੀ ਲੋੜ ਹੈ। ਨੌਜਵਾਨ ਉਹਨਾਂ ਚੀਜ਼ਾਂ ਤੋਂ ਸਵੈ-ਮਾਣ ਦੀ ਅਸਲ ਭਾਵਨਾ ਪੈਦਾ ਕਰਦੇ ਹਨ ਜੋ ਉਹਨਾਂ ਨੂੰ ਪ੍ਰਾਪਤ ਹੁੰਦੀਆਂ ਹਨ ਨਾ ਕਿ ਉਹਨਾਂ ਦੁਆਰਾ ਪ੍ਰਦਾਨ ਕੀਤੀਆਂ ਚੀਜ਼ਾਂ ਤੋਂ। ਉਹਨਾਂ ਦੀ ਪ੍ਰਤਿਭਾ ਨੂੰ ਵਿਕਸਤ ਕਰਨ ਵਿੱਚ ਉਹਨਾਂ ਦੀ ਮਦਦ ਕਰੋ ਅਤੇ ਉਹਨਾਂ ਪ੍ਰਤਿਭਾਵਾਂ ਦੀ ਵਰਤੋਂ ਕਰਕੇ ਉਹਨਾਂ ਨੂੰ ਦੂਜਿਆਂ ਦੇ ਭਲੇ ਵਿੱਚ ਯੋਗਦਾਨ ਪਾਉਣ ਦੇ ਮੌਕੇ ਪ੍ਰਦਾਨ ਕਰੋ ਅਤੇ ਉਹਨਾਂ ਦਾ ਸਵੈ-ਮਾਣ ਪੈਦਾ ਕਰੋ। ਇਹ ਸਮਾਜ ਲਈ ਹਰ ਸਮੇਂ ਯੋਗਦਾਨ ਪਾਉਣ ਵਾਲੇ ਹੋਣ ਦੀ ਨੀਂਹ ਵੀ ਰੱਖਦਾ ਹੈ। ਵਿਸ਼ੇਸ਼ ਪ੍ਰਤਿਭਾ ਨੂੰ ਕਿਸੇ ਦੀਆਂ ਰੁਚੀਆਂ, ਕਦਰਾਂ-ਕੀਮਤਾਂ, ਯੋਗਤਾਵਾਂ ਅਤੇ ਸੰਦਰਭਾਂ ਅਨੁਸਾਰ ਔਖੇ ਟੀਚਿਆਂ ਨੂੰ ਚੁਣਨ ਅਤੇ ਪ੍ਰਾਪਤ ਕਰਨ ਦੀ ਸ਼ਾਨਦਾਰ ਯੋਗਤਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਇਹਨਾਂ ਉਲਝਣ ਵਾਲੀਆਂ ਘਟਨਾਵਾਂ ਨੂੰ ਸਮਝਾਉਣ ਵਿੱਚ ਮਦਦ ਕਰ ਸਕਦਾ ਹੈ। ਵਿਅਕਤੀਗਤ ਪ੍ਰਤਿਭਾ ਵਾਲੇ ਵਿਅਕਤੀ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਸ਼ਾਨਦਾਰ ਫੈਸਲੇ ਲੈਂਦੇ ਹਨ, ਅਤੇ ਨਾਲ ਹੀ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਲੋੜੀਂਦੇ ਹੁਨਰ ਵੀ ਰੱਖਦੇ ਹਨ। ਉਹ ਲਚਕਦਾਰ ਅਤੇ ਸਵੈ-ਅਨੁਸ਼ਾਸਿਤ ਵਿਅਕਤੀ ਹਨ ਜਿਨ੍ਹਾਂ ਨੇ ਵਾਤਾਵਰਣ-ਵਿਸ਼ੇਸ਼ ਵਿਅਕਤੀਗਤ ਪ੍ਰਤਿਭਾਵਾਂ ਦੇ ਉੱਚ ਪੱਧਰਾਂ ਨੂੰ ਵਧਾਇਆ ਹੈ ਜੋ ਉਹਨਾਂ ਨੂੰ ਕਈ, ਚੁਣੌਤੀਪੂਰਨ ਅਤੇ ਮੁਕਾਬਲੇ ਵਾਲੇ ਟੀਚਿਆਂ ਦਾ ਮੁਲਾਂਕਣ ਕਰਨ ਦੀ ਇਜਾਜ਼ਤ ਦਿੰਦੇ ਹਨ। ਇਸ ਲਈ, ਮਾਪੇ ਆਪਣੇ ਪ੍ਰਤਿਭਾਸ਼ਾਲੀ ਬੱਚਿਆਂ ਦੀ ਨਿੱਜੀ ਪ੍ਰਤਿਭਾ ਵਿਕਸਿਤ ਕਰਨ ਵਿੱਚ ਕਿਵੇਂ ਮਦਦ ਕਰ ਸਕਦੇ ਹਨ? ਸਕੂਲ ਦੇ ਦੌਰਾਨ, ਪ੍ਰਤਿਭਾਸ਼ਾਲੀ ਨੌਜਵਾਨ ਵਿਕਲਪ ਬਣਾਉਣਾ ਸ਼ੁਰੂ ਕਰ ਦਿੰਦੇ ਹਨ ਜੋ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ, ਜੇ ਉਹ ਆਪਣੀ ਨਿੱਜੀ ਪ੍ਰਤਿਭਾ ਨੂੰ ਪਹਿਲਾਂ ਵਿਕਸਤ ਕਰਦੇ ਹਨ, ਤਾਂ ਇਸ ਗੱਲ ਦੀਆਂ ਵਧੇਰੇ ਸੰਭਾਵਨਾਵਾਂ ਹਨ ਕਿ ਉਨ੍ਹਾਂ ਦੇ ਫੈਸਲਿਆਂ ਦੇ ਨਤੀਜੇ ਵਜੋਂ ਜੀਵਨ ਸੰਪੂਰਨ ਅਤੇ ਸੰਤੁਸ਼ਟੀਜਨਕ ਹੋਵੇਗਾ। ਸਵੈ-ਗਿਆਨ ਵਿੱਚ ਕਿਸੇ ਦੀਆਂ ਯੋਗਤਾਵਾਂ, ਕਦਰਾਂ-ਕੀਮਤਾਂ ਅਤੇ ਰੁਚੀਆਂ ਬਾਰੇ ਜਾਗਰੂਕਤਾ ਹੁੰਦੀ ਹੈ। ਮਾਪੇ ਵੱਖ-ਵੱਖ ਗਤੀਵਿਧੀਆਂ ਨੂੰ ਅਜ਼ਮਾਉਣ ਅਤੇ ਇਹ ਪਤਾ ਲਗਾਉਣ ਲਈ ਕਿ ਉਹਨਾਂ ਦੀਆਂ ਯੋਗਤਾਵਾਂ, ਕਦਰਾਂ-ਕੀਮਤਾਂ ਅਤੇ ਰੁਚੀਆਂ ਕਿੱਥੇ ਹਨ, ਉਹਨਾਂ ਦਾ ਸਮਰਥਨ ਕਰਕੇ ਉਹਨਾਂ ਨੂੰ ਸਵੈ-ਗਿਆਨ ਵਿਕਸਿਤ ਕਰਨ ਵਿੱਚ ਮਦਦ ਕਰ ਸਕਦੇ ਹਨ। ਕਦੇ-ਕਦੇ, ਤੁਸੀਂ ਕੁਝ ਪ੍ਰਤਿਭਾਸ਼ਾਲੀ ਨੌਜਵਾਨ ਦੇਖਦੇ ਹੋ ਅਤੇ ਕੁਝ ਚੀਜ਼ਾਂ ਜੋ ਉਨ੍ਹਾਂ ਵਿਚ ਕੁਦਰਤੀ ਤੌਰ 'ਤੇ ਆਉਂਦੀਆਂ ਹਨ. ਨੌਜਵਾਨਾਂ ਨੂੰ ਉਹ ਹੁਨਰ ਸਿੱਖਣੇ ਚਾਹੀਦੇ ਹਨ ਜੋ ਉਨ੍ਹਾਂ ਨੂੰ ਵੱਡੇ ਸਮਾਜ ਦੇ ਉਪ-ਸਭਿਆਚਾਰ ਅਤੇ ਸੱਭਿਆਚਾਰ ਦੇ ਵਿਚਕਾਰ ਵਾਪਰਨ ਵਾਲੇ ਕਥਿਤ ਜਾਂ ਅਸਲ ਸੰਘਰਸ਼ਾਂ ਨਾਲ ਨਜਿੱਠਣ ਲਈ ਲੋੜੀਂਦੇ ਹਨ। ਨੌਜਵਾਨਾਂ ਨੂੰ ਸਕਾਰਾਤਮਕ ਵਿਸ਼ਵਾਸਾਂ, ਕਦਰਾਂ-ਕੀਮਤਾਂ ਅਤੇ ਭਰੋਸੇ ਨਾਲ ਮਜ਼ਬੂਤ ਅੰਦਰੂਨੀ ਭਾਵਨਾ ਹੋਣੀ ਚਾਹੀਦੀ ਹੈ ਜੋ ਉਹਨਾਂ ਦੇ ਵਿਵਹਾਰ ਅਤੇ ਫੈਸਲਿਆਂ ਨੂੰ ਪ੍ਰਭਾਵਤ ਕਰਦੇ ਹਨ। ਇਹਨਾਂ ਮੁੱਲਾਂ ਵਿੱਚ ਦੂਜਿਆਂ ਦੇ ਹਿੱਤਾਂ ਲਈ ਨਿੱਜੀ ਜ਼ਿੰਮੇਵਾਰੀਆਂ ਦੇ ਨਾਲ-ਨਾਲ ਆਪਣੇ ਆਪ ਦਾ ਸਤਿਕਾਰ ਕਰਨ ਦੀ ਵਚਨਬੱਧਤਾ ਸ਼ਾਮਲ ਹੁੰਦੀ ਹੈ। ਮਾਪੇ ਮੀਡੀਆ ਵਿੱਚ ਰੂੜ੍ਹੀਵਾਦ ਨੂੰ ਪ੍ਰਗਟ ਕਰਨ, ਉਹਨਾਂ ਦੇ ਜੀਵਨ ਵਿੱਚ ਬਿਨਾਂ ਸ਼ਰਤ ਵਿਕਲਪ ਬਣਾਉਣ, ਸਥਾਨਕ ਸਮਾਜ ਦੇ ਨਿਯਮਾਂ ਤੋਂ ਪਰੇ ਜਾਣ ਦੇ ਤਰੀਕੇ ਵਜੋਂ ਸਿੱਖਣ ਦੀ ਕਦਰ ਕਰਨ, ਅਤੇ ਸਵੈ-ਨਿਰਭਰਤਾ ਅਤੇ ਸਵੈ-ਦਿਸ਼ਾ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰ ਸਕਦੇ ਹਨ। ਮਾਤਾ-ਪਿਤਾ ਦੀ ਆਪਣੇ ਬੱਚੇ ਦੇ ਜੀਵਨ ਵਿੱਚ ਬਹੁਤ ਖਾਸ ਭੂਮਿਕਾ ਹੁੰਦੀ ਹੈ। ਸਾਨੂੰ ਆਪਣੇ ਬੱਚੇ ਦੀ ਵਿਕਾਸ ਪ੍ਰਕਿਰਿਆ ਅਤੇ ਖੋਜ ਦਾ ਹਿੱਸਾ ਬਣਨਾ ਹੋਵੇਗਾ। ਸਾਡੀ ਭੂਮਿਕਾ ਸਾਡੇ ਬੱਚਿਆਂ ਨੂੰ ਉਹਨਾਂ ਦੀਆਂ ਪ੍ਰਤਿਭਾਵਾਂ ਨੂੰ ਸਮਝਣ ਅਤੇ ਪਰਿਭਾਸ਼ਿਤ ਕਰਨ ਵਿੱਚ ਮਦਦ ਕਰਨਾ ਹੈ। ਆਪਣੇ ਬੱਚਿਆਂ ਦੀ ਪ੍ਰਤਿਭਾ ਨੂੰ ਵਧਣ ਲਈ ਥਾਂ ਦਿਓ: ਸਾਰੇ ਬੱਚੇ ਪ੍ਰਤਿਭਾਸ਼ਾਲੀ ਹੁੰਦੇ ਹਨ ਹਾਲਾਂਕਿ ਕਈ ਵਾਰ; ਕੁਝ ਪ੍ਰਤਿਭਾਵਾਂ ਨੂੰ ਦੇਖਭਾਲ ਕਰਨ ਵਾਲਿਆਂ ਜਾਂ ਮਾਪਿਆਂ ਦੇ ਉਹਨਾਂ ਦੇ ਰੁਝੇਵੇਂ ਕਾਰਜਕ੍ਰਮ ਕਾਰਨ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਈ ਵਾਰ, ਬੱਚਿਆਂ ਦੀਆਂ ਪ੍ਰਤਿਭਾਵਾਂ ਦਾ ਦਸਤਾਵੇਜ਼ੀਕਰਨ ਕੀਤਾ ਜਾਂਦਾ ਹੈ ਪਰ ਇੱਕ ਵਿਅਕਤੀ ਜੋ ਇਸ ਨੂੰ ਪਛਾਣਦਾ ਹੈ ਉਹ ਇਸਦੀ ਦੇਖਭਾਲ ਕਰਨ ਲਈ ਬਹੁਤ ਘੱਟ ਕਰਦਾ ਹੈ। ਬੱਚਿਆਂ ਦੀ ਪ੍ਰਤਿਭਾ ਹੋਣੀ ਚਾਹੀਦੀ ਹੈਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਗਿਆ ਤਾਂ ਜੋ ਉਹ ਵੱਡੇ ਹੋ ਕੇ ਇੱਕ ਸ਼ੌਕ ਪੈਦਾ ਕਰ ਸਕਣ ਜਿਸਦਾ ਉਹ ਆਨੰਦ ਲੈ ਸਕਣ। ਬੱਚੇ, ਜਿਨ੍ਹਾਂ ਦੀ ਪ੍ਰਤਿਭਾ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ, ਵੱਡੇ ਹੋ ਕੇ ਅਸਧਾਰਨ ਅਤੇ ਸਿਹਤਮੰਦ ਜੀਵ ਬਣਦੇ ਹਨ। ਜੇਕਰ ਤੁਸੀਂ ਇੱਕ ਛੋਟੇ ਬੱਚੇ ਦੇ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਹੋ ਜਿਸ ਕੋਲ ਪ੍ਰਤਿਭਾ ਹੈ ਤਾਂ ਤੁਸੀਂ ਇਸਨੂੰ ਕਿਵੇਂ ਪਾਲ ਸਕਦੇ ਹੋ। ਫੋਕਸ ਕਰੋ ਅਤੇ ਦਿਲਚਸਪੀ ਲਓ: ਇੱਕ ਵਾਰ ਜਦੋਂ ਬੱਚਿਆਂ ਨੂੰ ਕੋਈ ਅਜਿਹੀ ਚੀਜ਼ ਮਿਲ ਜਾਂਦੀ ਹੈ ਜਿਸ ਵਿੱਚ ਉਹ ਚੰਗੇ ਹਨ, ਤਾਂ ਉਹ ਉਸ ਵਿੱਚ ਮਹੱਤਵਪੂਰਨ ਸਮਾਂ ਬਿਤਾਉਣਗੇ ਅਤੇ ਹਰ ਕਿਸੇ ਨੂੰ ਦਿਖਾਉਣਾ ਚਾਹੁਣਗੇ ਕਿ ਉਹ ਜੋ ਵੀ ਹੈ ਉਹ ਕੀ ਕਰ ਸਕਦੇ ਹਨ। ਜੇਕਰ, ਤੁਹਾਡਾ ਬੱਚਾ ਤੁਹਾਡੇ ਕੋਲ ਉਦੋਂ ਆਉਂਦਾ ਹੈ ਜਦੋਂ ਤੁਸੀਂ ਬਹੁਤ ਰੁੱਝੇ ਹੁੰਦੇ ਹੋ, ਤਾਂ ਰੌਲਾ ਨਾ ਪਾਓ ਅਤੇ ਇਸ ਗੱਲ 'ਤੇ ਜ਼ੋਰ ਨਾ ਦਿਓ ਕਿ ਬੱਚਾ ਤੁਹਾਡੇ ਜੋ ਵੀ ਕੰਮ ਕਰਦੇ ਹੋ ਉਸ ਵਿੱਚ ਕਿੰਨਾ ਵਿਘਨ ਪਾ ਰਿਹਾ ਹੈ। ਇੱਕ ਵਿਕਲਪ ਦੇ ਤੌਰ 'ਤੇ, ਆਪਣੇ ਬੱਚੇ ਨੂੰ ਬਾਅਦ ਵਿੱਚ ਦੁਬਾਰਾ ਆਉਣ ਲਈ ਕਹੋ ਤਾਂ ਜੋ ਤੁਸੀਂ ਉਸ ਨੂੰ ਬਿਹਤਰ ਤਰੀਕੇ ਨਾਲ ਸੁਣ ਸਕੋ। ਜੇਕਰ ਤੁਸੀਂ ਆਪਣੇ ਬੱਚੇ ਨੂੰ ਪੂਰਾ ਧਿਆਨ ਦੇਣ ਵਿੱਚ ਅਸਮਰੱਥ ਹੋ, ਤਾਂ ਆਪਣੇ ਆਪ ਨੂੰ ਆਪਣੇ ਬੱਚੇ ਨਾਲ ਬੈਠਣ ਲਈ ਮਜਬੂਰ ਨਾ ਕਰੋ ਕਿਉਂਕਿ ਇਹ ਤੁਹਾਡੇ ਬੱਚੇ ਨੂੰ ਮਹਿਸੂਸ ਕਰ ਸਕਦਾ ਹੈ ਜਿਵੇਂ ਉਹ ਤੁਹਾਡੇ ਕੰਮ ਵਿੱਚ ਦਖਲ ਦੇ ਰਿਹਾ ਹੈ ਅਤੇ ਉਹ ਆਪਣੀ ਪ੍ਰਤਿਭਾ ਵਿੱਚ ਸਵੈ-ਵਿਸ਼ਵਾਸ ਗੁਆ ਸਕਦਾ ਹੈ। ਤੁਹਾਡੇ ਬੱਚੇ ਵਿੱਚ ਜੋ ਵੀ ਪ੍ਰਤਿਭਾ ਹੈ, ਹਰ ਹਫ਼ਤੇ ਥੋੜ੍ਹਾ ਸਮਾਂ ਦਿਓ ਅਤੇ ਬੱਚੇ ਨੂੰ ਪੂਰਾ ਧਿਆਨ ਦਿਓ। ਤੁਹਾਡਾ ਧਿਆਨ ਤੁਹਾਡੇ ਬੱਚਿਆਂ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਤੁਸੀਂ ਉਨ੍ਹਾਂ ਦੀ ਪਰਵਾਹ ਕਰਦੇ ਹੋ ਅਤੇ ਉਨ੍ਹਾਂ ਦੇ ਸਫਲ ਹੋਣ ਦੀ ਕਾਮਨਾ ਕਰਦੇ ਹੋ। ਪ੍ਰਤਿਭਾ ਦਾ ਵਿਕਾਸ ਕਰੋ: ਕੁਝ ਸਾਧਨ ਪ੍ਰਾਪਤ ਕਰੋ ਜੋ ਬੱਚੇ ਦੀ ਪ੍ਰਤਿਭਾ ਨੂੰ ਵਿਕਸਤ ਕਰ ਸਕਦੇ ਹਨ। ਉਦਾਹਰਨ ਲਈ, ਇੱਕ ਬੱਚੇ ਲਈ ਜੋ ਇੱਕ ਹੁਸ਼ਿਆਰ ਪੇਂਟਰ ਹੈ, ਕੁਝ ਪੇਂਟ ਸੈੱਟ ਪ੍ਰਾਪਤ ਕਰੋ, ਜੇਕਰ ਉਹ ਬਰਸਾਤੀ ਜੰਗਲਾਂ ਦੇ ਜਾਨਵਰਾਂ ਜਾਂ ਲੋਕੋਮੋਟਿਵਾਂ ਬਾਰੇ ਸਭ ਕੁਝ ਜਾਣਦੀ ਹੈ ਤਾਂ ਉਸਨੂੰ ਇਸ ਵਿਸ਼ੇ 'ਤੇ ਇੱਕ ਵਿਆਪਕ ਕਿਤਾਬ ਪ੍ਰਾਪਤ ਕਰੋ। ਇੱਕ ਹੋਰ ਵਿਕਲਪ ਬੱਚੇ ਨੂੰ ਉਹਨਾਂ ਸਮਾਗਮਾਂ ਵਿੱਚ ਲਿਜਾਣਾ ਹੈ ਜੋ ਬੱਚੇ ਦੀ ਦਿਲਚਸਪੀ ਜਾਂ ਪ੍ਰਤਿਭਾ 'ਤੇ ਧਿਆਨ ਕੇਂਦਰਤ ਕਰਦੇ ਹਨ। ਜੇਕਰ ਉਸ ਨੂੰ ਕਲਾ ਪਸੰਦ ਹੈ ਤਾਂ ਉਸ ਨਾਲ ਕਿਸੇ ਪ੍ਰਦਰਸ਼ਨੀ 'ਤੇ ਜਾਓ। ਜੇ ਉਸਨੂੰ ਥੀਏਟਰ ਪਸੰਦ ਹੈ, ਤਾਂ ਕੁਝ ਪ੍ਰਦਰਸ਼ਨ ਦੇਖਣ ਲਈ ਉਸਦੇ ਨਾਲ ਜਾਓ। ਉਹਨਾਂ ਨੂੰ ਉਹਨਾਂ ਗਤੀਵਿਧੀਆਂ ਵਿੱਚ ਰੁੱਝੇ ਰੱਖੋ ਜਿਸ ਨਾਲ ਪ੍ਰਤਿਭਾ ਦਾ ਵਿਕਾਸ ਹੋਵੇਗਾ। ਪ੍ਰਤਿਭਾ ਨੂੰ ਵਿਕਸਿਤ ਕਰਨ ਲਈ ਬੱਚੇ ਦੀ ਜਾਂਚ ਕਰੋ: ਆਪਣੇ ਬੱਚੇ ਨੂੰ ਉਸਦੀ ਵਿਸ਼ੇਸ਼ ਪ੍ਰਤਿਭਾ ਬਾਰੇ ਸਵਾਲ ਪੁੱਛੋ ਅਤੇ ਨਾਲ ਹੀ ਉਸ ਤੋਂ ਪੁੱਛੋ ਕਿ ਉਹ ਤੁਹਾਨੂੰ ਉਸਦੀ ਪ੍ਰਤਿਭਾ ਲਈ ਹੋਰ ਜਾਣਕਾਰੀ ਦੇਵੇ। ਜੇਕਰ ਤੁਸੀਂ ਸਵਾਲ ਪੁੱਛਦੇ ਹੋ, ਤਾਂ ਬੱਚਾ ਬਿਹਤਰ ਮਹਿਸੂਸ ਕਰੇਗਾ। ਇਹ ਕੁਝ ਬੱਚਿਆਂ ਨੂੰ ਚਿੰਤਤ ਕਰ ਸਕਦਾ ਹੈ ਪਰ ਬਹੁਤ ਸਾਰੇ ਹੋਰ ਧਿਆਨ ਖਿੱਚਣਗੇ। ਇਹ ਉਹਨਾਂ ਨੂੰ ਆਪਣੀ ਪ੍ਰਤਿਭਾ ਪੈਦਾ ਕਰਨ ਬਾਰੇ ਸਕਾਰਾਤਮਕ ਮਹਿਸੂਸ ਕਰਨ ਵਿੱਚ ਮਦਦ ਕਰੇਗਾ ਜਦੋਂ ਉਹ ਦੇਖਦੇ ਹਨ ਕਿ ਕੋਈ ਇਸ ਬਾਰੇ ਹੋਰ ਜਾਣਨਾ ਚਾਹੁੰਦਾ ਹੈ। ਆਪਣੇ ਬੱਚੇ ਨੂੰ ਉਸ ਕਲਾਸ ਵਿੱਚ ਰਜਿਸਟਰ ਕਰੋ ਜੋ ਉਸਦੀ ਪ੍ਰਤਿਭਾ ਬਾਰੇ ਚਿੰਤਾ ਕਰਦਾ ਹੈ। ਜੇਕਰ ਤੁਹਾਡੇ ਬੱਚੇ ਵਿੱਚ ਖਾਣਾ ਬਣਾਉਣ ਦੀ ਵਿਸ਼ੇਸ਼ ਪ੍ਰਤਿਭਾ ਹੈ, ਤਾਂ ਉਸਨੂੰ ਬੱਚੇ ਦੀ ਕੁਕਿੰਗ ਕਲਾਸ ਵਿੱਚ ਦਾਖਲ ਕਰੋ। ਜੇਕਰ ਤੁਹਾਨੂੰ ਇਸ ਬਾਰੇ ਯਕੀਨ ਹੈ ਕਿ ਬੱਚਿਆਂ ਦੀਆਂ ਕਲਾਸਾਂ ਕਿੱਥੇ ਲਾਈਆਂ ਜਾਣੀਆਂ ਹਨ, ਤਾਂ ਕਮਿਊਨਿਟੀ ਸੈਂਟਰਾਂ ਦੀ ਪੜਚੋਲ ਕਰੋ। ਕੁਝ ਕੇਂਦਰਾਂ ਵਿੱਚ ਵਿਭਿੰਨ ਉਮਰ ਦੇ ਬੱਚਿਆਂ ਲਈ ਵਧੀਆ ਕੀਮਤ ਦੇ ਨਾਲ ਪ੍ਰੋਗਰਾਮ ਹਨ। ਤੁਹਾਡਾ ਦੂਜਾ ਵਿਕਲਪ ਤੁਹਾਡੇ ਖੇਤਰ ਵਿੱਚ ਕਲਾਸਾਂ ਪ੍ਰਾਪਤ ਕਰਨ ਲਈ Google 'ਤੇ ਇੱਕ ਬੁਨਿਆਦੀ ਖੋਜ ਕਰਨਾ ਹੈ। ਨਾ ਕਰੋ ਬੱਚੇ ਨੂੰ ਸੀਮਾਵਾਂ ਤੋਂ ਬਾਹਰ (ਬਹੁਤ ਸਖ਼ਤ) ਮਜਬੂਰ ਨਾ ਕਰੋ। ਬਹੁਤ ਸਾਰੇ ਮਾਤਾ-ਪਿਤਾ ਆਪਣੇ ਬੱਚੇ ਦੀ ਪ੍ਰਤਿਭਾ ਕਾਰਨ ਦੱਬੇ-ਕੁਚਲੇ ਮਹਿਸੂਸ ਕਰਦੇ ਹਨ ਅਤੇ ਉਹ ਆਪਣੇ ਬੱਚੇ ਨੂੰ ਬਹੁਤ ਸਖਤ ਮਜਬੂਰ ਕਰਨ ਦੀ ਗਲਤੀ ਕਰਦੇ ਹਨ। ਕੋਈ ਵੀ ਜ਼ਿਆਦਾ ਕੰਮ ਕਰਨ ਵਾਲਾ ਬੱਚਾ ਕੇਵਲ ਇੱਕ ਖੁਸ਼ ਬੱਚਾ ਨਹੀਂ ਹੁੰਦਾ। ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਆਪਣੀ ਪ੍ਰਤਿਭਾ ਦਾ ਆਨੰਦ ਮਾਣੇ ਅਤੇ ਇਸ ਤੋਂ ਡਰੇ ਨਾ। ਆਪਣੇ ਬੱਚੇ ਨੂੰ ਕੰਮ ਕਰਵਾਉਣਾ ਠੀਕ ਹੈ ਪਰ ਆਪਣੇ ਬੱਚੇ ਨੂੰ ਥਕਾ ਦੇਣਾ ਠੀਕ ਨਹੀਂ ਹੈ। ਉਦਾਹਰਨ ਲਈ, ਆਪਣੇ ਬੱਚਿਆਂ ਨੂੰ ਹਫ਼ਤੇ ਵਿੱਚ ਪੰਜ ਕਲਾਸਾਂ ਨਾ ਲਗਾਓ। ਉਨ੍ਹਾਂ ਕੋਲ ਸਕੂਲ ਦੇ ਨਾਲ-ਨਾਲ ਇਸ ਦਾ ਹੋਮਵਰਕ ਵੀ ਹੈ ਅਤੇ ਉਨ੍ਹਾਂ ਦੇ ਸਮਾਜਿਕ ਜੀਵਨ ਲਈ ਵੀ ਸਮਾਂ ਚਾਹੀਦਾ ਹੈ। ਜੇਕਰ ਤੁਸੀਂ ਦੇਖਦੇ ਹੋ ਕਿ ਤੁਹਾਡੇ ਬੱਚਿਆਂ ਦਾ ਸਮਾਂ ਚੰਗਾ ਨਹੀਂ ਚੱਲ ਰਿਹਾ ਹੈ, ਤਾਂ ਉਨ੍ਹਾਂ ਨੂੰ ਪੁੱਛੋ ਕਿ ਉਹ ਕੀ ਕਰਨਾ ਚਾਹੁੰਦੇ ਹਨ। ਜਦੋਂ ਕਿ ਮਾਪੇ ਬਹੁਤ ਸਖਤ ਮਿਹਨਤ ਕਰਦੇ ਹਨ, ਉਹਨਾਂ ਦੇ ਬੱਚਿਆਂ ਕੋਲ ਪ੍ਰਤਿਭਾ ਨਹੀਂ ਹੁੰਦੀ ਪਰ ਉਮੀਦਾਂ ਹੁੰਦੀਆਂ ਹਨ ਜੋ ਉਹਨਾਂ ਨੂੰ ਜੀਣ ਲਈ ਹੁੰਦੀਆਂ ਹਨ ਅਤੇ ਇਹ ਮਜ਼ੇਦਾਰ ਨਹੀਂ ਹੈ. ਰਚਨਾਤਮਕਤਾ ਦਾ ਵਿਕਾਸ ਕਰੋ ਪੰਜ ਜ਼ਰੂਰੀ ਖੇਤਰ ਹਨ ਜਿਨ੍ਹਾਂ ਰਾਹੀਂ ਮਾਪੇ ਬੱਚਿਆਂ ਵਿੱਚ ਰਚਨਾਤਮਕਤਾ ਦਾ ਵਿਕਾਸ ਕਰ ਸਕਦੇ ਹਨ: ਪਰਿਵਾਰ: ਇਹ ਸ਼ਾਇਦ ਸਭ ਤੋਂ ਮਹੱਤਵਪੂਰਨ ਖੇਤਰ ਹੈ ਜਿੱਥੇ ਬੱਚਿਆਂ ਨੂੰ ਉਤਸ਼ਾਹ ਦੀ ਲੋੜ ਹੁੰਦੀ ਹੈ। ਮਾਪੇ ਹੋਣ ਦੇ ਨਾਤੇ, ਸਾਨੂੰ ਚਾਹੀਦਾ ਹੈ। ਬੱਚਿਆਂ ਲਈ ਸਹਾਇਤਾ ਦੀ ਲੋੜ ਨੂੰ ਸਹੀ ਪਰਿਵਾਰ ਦੁਆਰਾ ਸੰਚਾਰ ਕਰੋ ਜਿਸ ਵਿੱਚ ਦਾਦਾ-ਦਾਦੀ, ਚਾਚੇ, ਭੈਣ-ਭਰਾ, ਚਚੇਰੇ ਭਰਾ, ਅਤੇ ਮਾਸੀ ਸ਼ਾਮਲ ਹਨ। ਦੋਸਤ: ਅਜਿਹੇ ਮੌਕੇ ਬਣਾਉਣ ਦੇ ਕੁਝ ਤਰੀਕੇ ਲੱਭੋ ਜਿੱਥੇ ਇੱਕ ਬੱਚਾ ਦੂਜੇ ਬੱਚਿਆਂ ਦੇ ਨਾਲ ਮਿਲ ਕੇ ਕੰਮ ਕਰ ਸਕਦਾ ਹੈ ਜਿਨ੍ਹਾਂ ਦੀ ਇੱਕੋ ਜਿਹੀ ਦਿਲਚਸਪੀ ਹੈ। ਇਹ ਉਹਨਾਂ ਦੀ ਮਦਦ ਲਈ ਉਹਨਾਂ ਦੇ ਵਿਅਕਤੀਗਤ ਭਾਈਚਾਰੇ ਨੂੰ ਬਣਾਉਣ ਵਿੱਚ ਸਹਾਇਤਾ ਕਰੇਗਾ ਕਿਉਂਕਿ ਉਹ ਦੂਜੇ ਬੱਚਿਆਂ ਨੂੰ ਵੀ ਪ੍ਰੇਰਿਤ ਕਰਦੇ ਹਨ, ਵਧਦੇ ਹਨ ਅਤੇ ਉਤਸ਼ਾਹਿਤ ਕਰਦੇ ਹਨ। ਅਧਿਆਪਕ: ਕੁਝ ਸਮਾਂ ਬਿਤਾਉਣ ਦੇ ਨਾਲ-ਨਾਲ ਬੱਚਿਆਂ ਦੇ ਇੰਸਟ ?ਰਕਟਰਾਂ ਨਾਲ ਜੁੜਨ ਦੀ ਕੋਸ਼ਿਸ਼ ਕਰੋ ਤਾਂ ਜੋ ਲੰਬੇ ਸਮੇਂ ਵਿੱਚ ਤੁਹਾਡਾ ਬੱਚਾ ਸਿੱਖੇਗਾ ਅਤੇ ਅਜਿਹਾ ਕਰਨ ਲਈ ਪ੍ਰੇਰਿਤ ਹੋਵੇਗਾ। ਭਾਈਚਾਰਾ: ਵਰਗੀਕਰਨ ਕਰੋ ਅਤੇ ਕਮਿਊਨਿਟੀ ਗਤੀਵਿਧੀਆਂ ਵਿੱਚ ਹਿੱਸਾ ਲਓ ਜਦੋਂ ਕਿ ਬੱਚੇ ਆਪਣੀ ਪ੍ਰਤਿਭਾ ਦਿਖਾ ਸਕਦੇ ਹਨ ਅਤੇ ਨਾਲ ਹੀ ਭਾਈਚਾਰੇ ਦਾ ਸਮਰਥਨ ਕਰ ਸਕਦੇ ਹਨ। ਜਦੋਂ ਕਿ ਭਾਈਚਾਰਾ ਬੱਚਿਆਂ ਨੂੰ ਉਹਨਾਂ ਦੁਆਰਾ ਕੀਤੇ ਗਏ ਯੋਗਦਾਨ ਲਈ ਜਾਣਦਾ ਹੈ, ਇਹ ਸ਼ਾਨਦਾਰ ਮਨੋਬਲ ਬਣਾਉਂਦਾ ਹੈ। ਸਲਾਹਕਾਰ: ਸਲਾਹਕਾਰ ਤੁਹਾਡੇ ਖੇਤਰ ਦਾ ਇੱਕ ਪ੍ਰਤਿਭਾਸ਼ਾਲੀ ਵਿਅਕਤੀ ਹੋ ਸਕਦਾ ਹੈ, ਜਿਸ ਖੇਤਰ ਵਿੱਚ ਤੁਹਾਡੇ ਬੱਚੇ ਦਿਲਚਸਪੀ ਰੱਖਦੇ ਹਨ, ਇੱਕ ਪਰਿਵਾਰਕ ਦੋਸਤ ਜਾਂ ਗੁਆਂਢੀ ਜਿਸਨੂੰ ਤੁਹਾਡੇ ਬੱਚੇ ਲੱਭ ਰਹੇ ਹਨ। ਸਲਾਹਕਾਰਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰੋ ਅਤੇ ਆਪਣੇ ਬੱਚਿਆਂ ਦੀਆਂ ਪ੍ਰਤਿਭਾਵਾਂ ਨੂੰ ਵਿਕਸਤ ਕਰਨ ਵਿੱਚ ਉਹਨਾਂ ਦੀ ਸਹਾਇਤਾ ਲਈ ਪੁੱਛੋ। ਨੌਜਵਾਨ ਪ੍ਰਤਿਭਾਵਾਂ ਨੂੰ ਖੋਜਣ ਲਈ ਸੁਝਾਅ ਉਹਨਾਂ ਨੂੰ ਉਹਨਾਂ ਦੀਆਂ ਰੁਚੀਆਂ ਦੀ ਪਾਲਣਾ ਕਰਨ ਅਤੇ ਉਹਨਾਂ ਦੀਆਂ ਵਿਲੱਖਣ ਯੋਗਤਾਵਾਂ ਦਾ ਪਤਾ ਲਗਾਉਣ ਦੇ ਮੌਕੇ ਦਿਓ। ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ, ਪਾਠ, ਕਲੱਬ, ਯੋਜਨਾਬੱਧ ਯੁਵਾ ਗਤੀਵਿਧੀਆਂ, ਜਾਂ ਖੇਤਰੀ ਯਾਤਰਾਵਾਂ ਅਜਿਹੇ ਮੌਕੇ ਪ੍ਰਦਾਨ ਕਰ ਸਕਦੀਆਂ ਹਨ ਜੋ ਪ੍ਰਤਿਭਾਵਾਂ ਨੂੰ ਜਗਾਉਂਦੇ ਹਨ। ਉਨ੍ਹਾਂ ਦੇ ਯਤਨਾਂ ਲਈ ਉਨ੍ਹਾਂ ਨੂੰ ਪਛਾਣੋ ਅਤੇ ਵਧਾਈ ਦਿਓ। ਜੇਕਰ ਉਹ ਕਿਸੇ ਖਾਸ ਗਤੀਵਿਧੀ ਵਿੱਚ ਹਿੱਸਾ ਲੈਂਦੇ ਹਨ, ਤਾਂ ਉਹਨਾਂ ਦੇ ਯਤਨਾਂ ਲਈ ਉਹਨਾਂ ਨੂੰ ਵਧਾਈ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਕੋਸ਼ਿਸ਼ ਕਰਨ ਲਈ ਹਿੰਮਤ ਦੀ ਲੋੜ ਹੁੰਦੀ ਹੈ। ਤੁਹਾਡੀ ਤੁਲਨਾ ਦੂਜੇ ਲੋਕਾਂ ਨਾਲ ਕਰਨ ਤੋਂ ਪਰਹੇਜ਼ ਕਰੋ ਜਿਨ੍ਹਾਂ ਕੋਲ ਵੱਖੋ ਵੱਖਰੀਆਂ ਪ੍ਰਤਿਭਾਵਾਂ ਹਨ। ਹਰ ਬੱਚੇ ਦੀ ਵਿਸ਼ੇਸ਼ ਪ੍ਰਤਿਭਾ ਦਾ ਆਦਰ ਕਰੋ। ਘੱਟ ਸਪੱਸ਼ਟ ਤੋਹਫ਼ ?ਆਂ ਦੀ ਪਛਾਣ ਕਰੋ ਜਿਵੇਂ ਕਿ ਜਾਨਵਰਾਂ ਨਾਲ ਚੰਗਾ ਹੋਣਾ ਜਾਂ ਦੂਜੇ ਲੋਕਾਂ ਦੀਆਂ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਮਹਿਸੂਸ ਕਰਨਾ। ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨਾਲ ਕੁਝ ਯੋਗਦਾਨ ਪਾਉਣ ਦੇ ਮੌਕੇ ਪ੍ਰਦਾਨ ਕਰੋ। ਸਕਾਰਾਤਮਕ ਅਤੇ ਵਡਮੁੱਲੇ ਯੋਗਦਾਨ ਲਈ ਮਸ਼ਹੂਰ ਹੋਣ ਨਾਲ ਨੌਜਵਾਨਾਂ ਨੂੰ ਉਨ੍ਹਾਂ ਦੀ ਮਹੱਤਤਾ ਮਹਿਸੂਸ ਕਰਨ ਵਿੱਚ ਮਦਦ ਮਿਲਦੀ ਹੈ। ਜੇਕਰ ਨੌਜਵਾਨ ਸਕਾਰਾਤਮਕ ਕੰਮ ਕਰ ਸਕਦੇ ਹਨ, ਤਾਂ ਉਨ੍ਹਾਂ ਦੇ ਨਕਾਰਾਤਮਕ ਕੰਮ ਕਰਨ ਦੀ ਸੰਭਾਵਨਾ ਘੱਟ ਹੋਵੇਗੀ। ਸੁਆਰਥ ਅਤੇ ਸਵੈ-ਮਾਣ ਵਿਚਕਾਰ ਅੰਤਰ ਨੂੰ ਪਛਾਣਨ ਵਿੱਚ ਬੱਚਿਆਂ ਦੀ ਮਦਦ ਕਰੋ। ਆਮ ਤੌਰ 'ਤੇ ਨੌਜਵਾਨ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਕੋਲ ਕੁਝ ਨਵਾਂ ਕਰਨ ਜਾਂ ਉਨ੍ਹਾਂ ਦੇ ਹੁਨਰ ਦੀ ਵਰਤੋਂ ਕਰਨ ਲਈ ਕਾਫ਼ੀ ਸਵੈ-ਮਾਣ ਨਹੀਂ ਹੈ। ਹਰ ਬੱਚਾ ਇੱਕ ਵਿਲੱਖਣ ਵਿਅਕਤੀ ਹੁੰਦਾ ਹੈ। ਹਰ ਬੱਚਾ ਘਰ ਦੇ ਵੱਖ-ਵੱਖ ਮਾਹੌਲ ਵਿੱਚ ਰਹਿੰਦਾ ਹੈ। ਹਰ ਬੱਚੇ ਦੇ ਵੱਖ-ਵੱਖ ਤਜ਼ਰਬਿਆਂ ਵਾਲੇ ਖਾਸ ਜੀਨ ਹੁੰਦੇ ਹਨ। ਮਜ਼ਬੂਤ ਸਕਾਰਾਤਮਕ ਰਵੱਈਆ ਵਿਕਸਿਤ ਕਰਨਾ ਵਿਦਿਆਰਥੀਆਂ ਨੂੰ ਸਵੈ-ਪ੍ਰੇਰਿਤ ਹੋਣ ਵਿੱਚ ਮਦਦ ਕਰਨ ਲਈ ਸ਼ੁਰੂਆਤੀ ਕਦਮ ਹੈ। ਇੱਕ ਪ੍ਰੇਰਿਤ ਵਿਦਿਆਰਥੀ ਇੱਕ ਸਫਲ ਸਿਖਿਆਰਥੀ ਹੋ ਸਕਦਾ ਹੈ। ਇਸਦੇ ਉਲਟ, ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਬਹੁਤ ਕੁਝ ਪ੍ਰਾਪਤ ਕੀਤਾ ਹੈ ਪਰ ਉਹਨਾਂ ਵਿੱਚ ਉੱਚ ਸਵੈ-ਮਾਣ ਨਹੀਂ ਹੈ।

# "ਸਿਹਤ ਤੁਹਾਡੇ ਆਪਣੇ ਹੱਥਾਂ ਵਿੱਚ ਹੈ"

*''ਬਿਮਾਰੀਆਂ ਲਈ ਜਿੰਮੇਵਾਰ ਕੁਦਰਤ ਦੇ ਨਾਲ-ਨਾਲ ਇਨਸਾਨ ਖੁੱਦ ਵੀ ਹੈ। 85% ਅਣ-ਹੈਲਦੀ ਖਾਣਪਾਣ ਦੁਨੀਆ ਨੂੰ ਰੋਗੀ ਬਣਾ ਰਿਹਾ ਹੈ'' - ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਸੋਸ਼ਲ ਐਕਟੀਵਿਸਟ*




ਅਨਿਲ ਧੀਰ
ਕਾਲਮਨਿਸਟ
healthmedia1@hotmail.com

ਵਿਸ਼ਵ ਸਿਹਤ ਦਿਵਸ 7 ਅਪ੍ਰੈਲ 2023, ਦੁਨੀਆ ਭਰ ਵਿੱਚ ਥੀਮ "ਇੱਕ ਨਿਰਪੱਖ, ਸਿਹਤਮੰਦ ਸੰਸਾਰ ਦਾ ਨਿਰਮਾਣ ਹੈ, ਜੋ ਸਿਹਤ ਅਸਮਾਨਤਾਵਾਂ ਨੂੰ ਦੂਰ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ ਕਿ ਹਰ ਕਿਸੇ ਦੀ ਗੁਣਵੱਤਾ ਸਿਹਤ ਸੇਵਾਵਾਂ ਤੱਕ ਪਹੁੰਚ ਹੈ" ਵਿਸ਼ਵ ਸਿਹਤ ਦਿਵਸ 1948 ਵਿੱਚ ਵਿਸ਼ਵ ਸਿਹਤ ਸੰਸਥਾ ਦੀ ਸਥਾਪਨਾ ਦੀ ਵਰੇਗੰਢ ਦੀ ਯਾਦ ਵਿੱਚ ਹਰ ਸਾਲ 7 ਅਪ੍ਰੈਲ ਮਨਾਇਆ ਜਾਂਦਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਨੂੰ ਕੰਟ੍ਰੋਲ ਕਰਨ ਲਈ ਜਨਤਕ ਸਿਹਤ ਲਈ ਹਰ ਸਾਲ ਵਿਸ਼ਵ ਸਿਹਤ ਦਾ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ, ਜਿਸ ਨਾਲ ਕਮਿਉਨੀਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਅਵੇਅਰ ਕੀਤਾ ਜਾਂਦਾ ਹੈ। ਦੁਨੀਆ ਭਰ ਵਿਚ ਮੌਸਮ ਮੁਤਾਬਿਕ ਆਉਟਡੋਰ ਐਕਟੀਵਿਟੀ ਹਾਈਕਿੰਗ, ਸਾਈਕਲਿੰਗ ਅਤੇ ਤੇਜ਼ ਰਨਿੰਗ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ।

ਵਿਸ਼ਵ ਭਰ ਵਿਚ ਮਹਾਂਮਾਰੀ ਕੋਵਿਡ-19, ਸਮੇਤ ਕਈ ਵੇਰੀਐਂਟਸ ਇੱਕ ਚੈਲੇਂਜ਼ ਦੇ ਤੌਰ 'ਤੇ ਸਾਹਮਣੇ ਆਏ ਹਨ। ਕੀ ਅਸੀਂ ਅਜਿਹੀ ਦੁਨੀਆ ਦੀ ਮੁੜ ਕਲਪਨਾ ਕਰ ਸਕਦੇ ਹਾਂ ਜਿੱਥੇ ਸਾਫ ਹਵਾ, ਸਾਫ ਭੋਜਨ ਸਾਰਿਆਂ ਲਈ ਉਪਲਬਧ ਹੋਵੇ? ਸਾਰਿਆਂ ਦੀ ਸਿਹਤ ਮੁਮਕਿਨ ਹੈ ਜੇ ਹਰ ਆਦਮੀ ਨੂੰ ਖਾਣ-ਪੀਣ ਲਈ ਬਿਨਾ ਮਿਲਾਵਟ ਖੂਰਾਕ, ਸਾਫ ਪਾਣੀ ਅਤੇ ਸਾਹ ਲੈਣ ਲਈ ਪ੍ਰਦੂਸ਼ਨ ਰਹਿਤ ਹਵਾ ਮਿਲੇ। ਵਿਸ਼ਵ ਭਰ ਵਿੱਚ ਕਈ ਮਿਲੀਅਨ ਲੋਕ ਜਾਣੇ-ਪਛਾਣੇ ਪਰਹੇਜ਼ਯੋਗ ਵਾਤਾਵਰਣ ਦੇ ਖਤਰੇ ਕਰਕੇ ਅਚਾਨਕ ਮੌਤਾਂ ਦੇ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਅਮਰੀਕਾ ਵਿੱਚ ਵਾਤਾਵਰਣ ਸੁਰੱਖਿਆ, ਆਰਥਿਕ ਵਿਕਾਸ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਹੋਣ ਨਾਲ ਲੋਕਾਂ ਦੀ ਸਿਹਤ ਵਿੱਚ ਸੁਧਾਰ ਹੋਇਆ ਹੈ।

**ਆਪਣਾ ਖਿਆਲ ਰੱਖੋ :**

- ਲੰਬੀ ਜ਼ਿੰਦਗੀ ਜੀਉਣ ਲਈ, ਸਰੀਰਕ-ਮਾਨਸਿਕ ਬਿਮਾਰੀਆਂ ਦੇ ਜੋਖਮ ਨੂੰ ਘਟਾਉਣ ਲਈ ਦੁਨੀਆ ਦੇ ਹਰ ਆਦਮੀ ਨੂੰ ਆਪਣੇ ਲਾਈਫ ਸਟਾਇਲ ਵਿਚ ਤਬਦੀਲ਼ੀ ਕਰਨ ਦੀ ਲੋੜ ਹੈ।
- ਪ੍ਰਦੂਸ਼ਨ ਕਾਰਨ ਮਿੱਟੀ-ਘੱਟੇ ਨਾਲ ਵੱਧ ਰਹੀ ਸਾਹ, ਅੱਖਾਂ,'ਤੇ ਚਮੜੀ ਦੇ ਰੋਗ ਲਗਾਤਾਰ ਵੱਧ ਰਹੇ ਹਨ। ਘਰ ਤੋਂ ਬਾਹਰ ਸਾਹ ਰੋਗ ਤੋਂ ਬਚਣ ਲਈ ਹਮੇਸ਼ਾ ਮਾਸਕ ਵਰਤੋ। ਅੱਖਾਂ ਲਈ ਚੰਗੇ ਸਨ-ਗਲਾਸ ਇਸਤੇਮਾਲ ਕਰੋ।
- ਦੂਸ਼ਿਤ ਪਾਣੀ ਦੇ ਰੋਗਾਂ ਤੋਂ ਬਚਾਅ ਲਈ ਘਰ ਵਿੱਚ ਤਾਜ਼ਾ ਪੁਦੀਨਾ, 1 ਪਤੀਲਾ ਪਾਣੀ ਉਬਾਲੋ, ਅੱਧਾ ਰਹਿ ਜਾਣ 'ਤੇ ਦਿਨ ਭਰ ਪੀਂਦੇ ਰਹੋ। ਡੇਲੀ ਤਾਜ਼ਾ ਪੁਦੀਨਾ-ਪਾਣੀ ਬਣਾਓ।
- 2-4 ਘੰਟੇ ਘਰ ਤੋਂ ਬਾਹਰ ਰਹਿਣ ਵਾਲੇ ਸੌਣ ਤੋਂ ਪਹਿਲਾਂ ਗਰਮ ਪਾਣੀ ਦੁਆਰਾ ਸਟੀਮ ਜਰੂਰ ਲਵੋ। ਇਸ ਨਾਲ ਨਥੁਨੇਂ ਖੁੱਲ ਜਾਣ ਨਾਲ ਚੰਗੀ ਨੀਂਦ ਆਵੇਗੀ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜਾਨਾਂ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ।ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿਨਟ ਜੰਕ ਮੇਲ ਚੈਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।
- ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜਾਨਾਂ 8-10 ਗਿਲਾਸ ਪੀਓ ਅਤੇ ਕੰਮ ਦੌਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ।ਵੱਧ ਕੋਲੈਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈਡ ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੇਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਓਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ ਤੇ ਬੈਡ ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।
- ਆਪਣੇ ਕੰਮ-ਕਾਜ ਦੇ ਰੁਟੀਨ ਮੁਤਾਬਿਕ ਰੋਜ਼ਾਨਾਂ ਵਰਕ-ਆਉਟ, ਤੇਜ਼ ਸੈਰ, ਜਾਗਿੰਗ, ਯੋਗਾ ਅਤੇ ਮੇਡੀਟੇਸ਼ਨ ਕਰਨ ਦੀ ਆਦਤ ਪਾ ਲਵੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।
- ਭੁੱਖ ਲਗਣ ਤੇ ਹੀ ਕੁੱਝ ਖਾਓ, ਸੰਤੁਸ਼ਟੀ ਜੋ ਜਾਣ ਤੇ ਖਾਣਾ-ਪੀਣਾ ਬੰਦ ਕਰ ਦਿਓ। ਜਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ।ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।




# ਕੈਂਸਰ ਤੋਂ ਬਚਣ ਲਈ ਪਰਹੇਜ਼ ਚੰਗਾ ਹੈ

ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਬਚਾਅ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਹੀ ਤਰ੍ਹਾਂ ਦਾ ਭੋਜਨ ਕਰੀਏ ਅਤੇ ਉਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰੀਏ ਜੋ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ। ਬਚਪਨ ਤੋਂ ਹੀ ਤੁਸੀਂ ਦੇਖਿਆ ਹੋਵੇਗਾ ਕਿ ਸਿਆਣੇ ਲੋਕ ਗਾਜਰ ਜ਼ਿਆਦਾ ਖਾਣ ਦੀ ਸਲਾਹ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਗਾਜਰ ਅੱਖਾਂ ਲਈ ਚੰਗੀ ਹੁੰਦੀ ਹੈ। ਇਸ ਬਾਰੇ ਸ਼ਾਇਦ ਤੁਹਾਨੂੰ ਪਤਾ ਨਹੀਂ ਹੋਵੇਗਾ ਕਿ ਗਾਜਰ ਕੈਂਸਰ ਹੋਣ ਦੀ ਸੰਭਾਵਨਾ ਘੱਟ ਕਰਦੀ ਹੈ। ਗਾਜਰ ਵਿਚ ਮੌਜੂਦ ਤੱਤ ਬੀਟਾ ਕੈਰੋਟੀਨ ਗੁਰਦੇ, ਗਲੇ ਤੇ ਪੇਟ ਦੇ ਕੈਂਸਰ ਤੋਂ ਬਚਾਅ ਕਰਦਾ ਹੈ। ਬੀਟਾਕੈਰੋਟੀਨ ਨਾ ਸਿਰਫ਼ ਗਾਜਰ ਵਿਚ ਸਗੋਂ ਹਰੀਆਂ ਪੱਤੇਦਾਰ ਸਬਜ਼ੀਆਂ ਪਾਲਕ, ਧਨੀਏ ਅਤੇ ਫਲਾਂ ਜਿਵੇਂ ਅੰਬ ਤੇ ਪਪੀਤੇ ਵਿਚ ਵੀ ਪਾਇਆ ਜਾਂਦਾ ਹੈ।

ਸਾਨੂੰ 1.5 ਮਿਲੀਗ੍ਰਾਮ ਬੀਟਾਕੈਰੋਟੀਨ ਦੀ ਹਰ ਰੋਜ਼ ਜ਼ਰੂਰਤ ਹੁੰਦੀ ਹੈ। ਇਸ ਦੀ ਪੂਰਤੀ ਇਕ ਵੱਡੀ ਕੌਲੀ ਗਾਜਰ ਜਾਂ ਪਾਲਕ ਕਰ ਦਿੰਦੀ ਹੈ। ਬੀਟਾਕੈਰੋਟੀਨ ਤੋਂ ਇਲਾਵਾ ਆਪਣੇ ਭੋਜਨ ਵਿਚ ਵਿਟਾਮਿਨ 'ਬੀ' ਦੀ ਮਾਤਰਾ ਨੂੰ ਵੀ ਵਧਾਓ। ਵਿਟਾਮਿਨ 'ਬੀ' ਦੀ ਕਮੀ ਨਾਲ ਅਲਸਰ ਹੋ ਸਰਕਦਾ ਹੈ ਜੋ ਬਾਅਦ ਵਿਚ ਕੈਂਸਰ ਦਾ ਰੂਪ ਧਾਰਨ ਕਰ ਲੈਂਦਾ ਹੈ। ਪੇਟ ਦੇ ਕੈਂਸਰ ਤੋਂ ਬਚਾਅ ਲਈ ਵਿਟਾਮਿਨ 'ਸੀ' ਦੀ ਵਰਤੋਂ ਵੀ ਜ਼ਰੂਰੀ ਹੈ। ਵਿਟਾਮਿਨ 'ਸੀ' ਦੇ ਚੰਗੇ ਸਰੋਤ ਹਨ-ਆਂਵਲਾ, ਟਮਾਟਰ, ਸੰਗਤਰਾ, ਨਿੰਬੂ ਆਦਿ। ਨਵੇਂ ਪ੍ਰਯੋਗਾਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਔਰਤਾਂ ਦੇ ਛਾਤੀ ਦੇ ਕੈਂਸਰ ਤੇ ਫੇਫੜਿਆਂ ਦੇ ਕੈਂਸਰ ਤੋਂ ਬਚਾਅ ਲਈ ਵਿਟਾਮਿਨ 'ਈ' ਵੀ ਲਾਭਕਾਰੀ ਸਿੱਧ ਹੋਇਆ ਹੈ। ਵਿਟਾਮਿਨ 'ਈ' ਦੇ ਸੋਮੇ ਹਨ ਤਿਲਾਂ ਦਾ ਤੇਲ, ਸੂਰਜਮੁਖੀ ਦਾ ਤੇਲ, ਬਦਾਮ ਆਦਿ। ਆਪਣੇ ਭੋਜਨ ਵਿਚ ਉਪਰੋਕਤ ਤੱਤਾਂ ਦੀ ਮਾਤਰਾ ਵਧਾਉਣ ਦੇ ਨਾਲ-ਨਾਲ ਕੁਝ ਤੱਤਾਂ ਨੂੰ ਆਪਣੇ ਭੋਜਨ ਵਿਚੋਂ ਕੱਢੋ ਜਾਂ ਇਨ੍ਹਾਂ ਦੀ ਮਾਤਰਾ ਘੱਟ ਕਰੋ। ਨਵੀਆਂ ਖੋਜਾਂ ਦੇ ਸਿੱਟਿਆਂ ਤੋਂ ਇਹ ਸਾਹਮਣੇ ਆਇਆ ਹੈ ਕਿ ਚਰਬੀ ਵਾਲੇ ਭੋਜਨ ਦਾ ਸੰਬੰਧ ਕੁਝ ਖ਼ਾਸ ਤਰ੍ਹਾਂ ਦੇ ਕੈਂਸਰ ਨਾਲ ਹੈ। ਜਿਵੇਂ ਛਾਤੀ ਦਾ ਕੈਂਸਰ। ਇਕ ਤਜਰਬੇ ਤੋਂ ਇਹ ਨਤੀਜਾ ਸਾਹਮਣੇ ਆਇਆ ਹੈ ਕਿ ਚਰਬੀ ਵਾਲਾ ਭੋਜਨ ਕੈਂਸਰ ਹੋਣ ਦੀ ਸੰਭਾਵਨਾ ਨੂੰ ਵਧਾਉਂਦਾ ਹੈ, ਇਸ ਲਈ ਆਪਣੇ ਭੋਜਨ ਵਿਚ ਤੇਲ ਵਾਲੇ ਪਦਾਰਥਾਂ ਦੀ ਕਮੀ ਲਿਆਓ।



ਮਸ਼ੀਨਾਂ ਰਾਹੀਂ ਪ੍ਰੌਸੈਸ ਕੀਤਾ ਗਿਆ ਭੋਜਨ ਘੱਟ ਤੋਂ ਘੱਟ ਖਾਓ। ਇਨ੍ਹਾਂ ਵਿਚ ਕੁਝ ਬਣਾਉਟੀ ਰੰਗ ਅਤੇ ਸੁਗੰਧ ਲਈ ਕੈਮੀਕਲ ਪਾਏ ਜਾਂਦੇ ਹਨ ਜੋ ਜਿਗਰ ਦੇ ਕੈਂਸਰ ਦੀ ਸੰਭਾਵਨਾ ਨੂੰ ਵਧਾਉਂਦੇ ਹਨ। ਨਾਲ ਹੀ ਨਾਲ ਪ੍ਰੌਸੈਸ ਕੀਤਾ ਹੋਇਆ ਭੋਜਨ ਘੱਟ ਰੇਸ਼ੇਦਾਰ ਹੁੰਦਾ ਹੈ। ਨਸ਼ੇ ਵਾਲੇ ਪਦਾਰਥਾਂ ਦੀ ਵਰਤੋਂ ਵੀ ਕੈਂਸਰ ਦੀ ਸੰਭਾਵਨਾ ਨੂੰ ਵਧਾਉਂਦੀ ਹੈ। ਇਸ ਲਈ ਇਸ ਦੀ ਵਰਤੋਂ ਨਾ ਕਰੋ। ਕੈਂਸਰ ਦੀ ਸੰਭਾਵਨਾ ਘੱਟ ਕਰਨ ਲਈ ਸਭ ਤੋਂ ਜ਼ਰੂਰੀ ਹੁੰਦਾ ਹੈ ਮੋਟਾਪੇ 'ਤੇ ਕੰਟਰੋਲ ਕਰਨਾ। ਇਸ ਲਈ ਆਪਣੇ ਵਜ਼ਨ 'ਤੇ ਕੰਟਰੋਲ ਰੱਖੋ। ਭੋਜਨ ਵਿਚ ਚਰਬੀ ਵਾਲੇ ਤੱਤ ਘੱਟ ਕਰਕੇ ਤੁਸੀਂ ਵਜ਼ਨ 'ਤੇ ਕੰਟਰੋਲ ਰੱਖ ਸਕਦੇ ਹੋ। ਮਾਸਾਹਾਰੀ ਭੋਜਨ ਦੀ ਬਜਾਏ ਫਲ, ਸਬਜ਼ੀਆਂ, ਅਨਾਜ ਆਦਿ ਦੀ ਵਰਤੋਂ ਕਰੋ। ਵਾਤਾਵਰਨ ਵਿਚ ਫੈਲੀਆਂ ਦੂਸ਼ਿਤ ਗੈਸਾਂ ਪ੍ਰਦੂਸ਼ਣ ਵਧਾਉਂਦੀਆਂ ਹਨ। ਜਿਵੇਂ ਓਜ਼ੋਨ, ਸਲਫਰ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਨਾਈਟ ?ਰਿਜਨ ਆਕਸਾਈਡ ਆਦਿ, ਇਸ ਲਈ ਜੇਕਰ ਤੁਸੀਂ ਪ੍ਰਦੂਸ਼ਿਤ ਵਾਤਾਵਰਨ ਵਿਚ ਰਹਿ ਰਹੇ ਹੋ ਤਾਂ ਹਰ ਹਫ਼ਤੇ ਦੋ ਤਿੰਨ ਦਿਨ ਖੁੱਲ੍ਹੇ ਵਾਤਾਵਰਨ ਵਿਚ ਜਾਓ ਜਿਥੇ ਤੁਸੀਂ ਸ਼ੁੱਧ ਹਵਾ ਵਿਚ ਸਾਹ ਲੈ ਸਕੋ। ਜੇਕਰ ਤੁਸੀਂ ਕਸਰਤ ਜਾਂ ਸਵੇਰ ਦੀ ਸੈਰ ਕਰਨ ਲਈ ਜਾਂਦੇ ਹੋ ਤਾਂ ਉਨ੍ਹਾਂ ਥਾਵਾਂ 'ਤੇ ਨਾ ਜਾਓ ਜਿਥੇ ਬਹੁਤ ਜ਼ਿਆਦਾ ਆਵਾਜਾਈ ਹੋਵੇ।

ਇਸ ਤੋਂ ਇਲਾਵਾ ਬੇਵਜ੍ਹਾ ਐਕਸਰੇ ਨਾ ਕਰਾਓ। ਇਸ ਦੇ ਰੇਡੀਏਸ਼ਨ ਨਾਲ ਤੁਹਾਨੂੰ ਖ਼ੂਨ ਦਾ ਕੈਂਸਰ ਵੀ ਹੋ ਸਕਦਾ ਹੈ। ਰੇਡੀਏਸ਼ਨ ਦੇ ਹੋਰ ਵੀ ਸੋਮੇ ਹਨ। ਜਿਵੇਂ ਟੀ.ਵੀ., ਵੀਡੀਓ, ਪੇਸਮੇਕਰ ਆਦਿ ਪਰ ਤੁਸੀਂ ਇਨ੍ਹਾਂ ਸਭ ਬਾਰੇ ਜ਼ਿਆਦਾ ਕੁਝ ਨਹੀਂ ਕਰ ਸਕਦੇ। ਇਸ ਲਈ ਮੈਡੀਕਲ ਐਕਸਰੇ ਸੀਮਤ ਕਰਾਓ ਭਾਵ ਜ਼ਰੂਰਤ ਹੋਣ 'ਤੇ ਹੀ ਕਰਾਓ।

**- ਸੋਨੀ ਮਲਹੋਤਰਾ**


# ਪਾਲਤੂ ਜਾਨਵਰ ਘਾਤਕ ਬਿਮਾਰੀਆਂ ਵੀ ਦੇ ਸਕਦੇ ਹਨ

ਅੱਜਕਲ੍ਹ ਕੁੱਤਾ ਪਾਲਣਾ ਜਿਥੇ ਫ਼ੈਸ਼ਨ ਜਿਹਾ ਬਣ ਚੁੱਕਾ ਹੈ, ਉਥੇ ਕੁਝ ਲੋਕ ਆਪਣੇ ਸ਼ੌਕ ਜਾਂ ਘਰ ਦੀ ਦੇਖਭਾਲ ਲਈ ਵੀ ਕੁੱਤਾ ਪਾਲਦੇ ਹਨ ਕਿਉਂਕਿ ਕੁੱਤੇ ਨੂੰ ਸਭ ਤੋਂ ਜ਼ਿਆਦਾ ਵਫ਼ਾਦਾਰ ਰੱਖਿਅਕ ਸਮਝਿਆ ਜਾਂਦਾ ਹੈ।

ਇਸ ਤਰ੍ਹਾਂ ਭਾਵੇਂ ਮਨੁੱਖ ਲਈ ਕੁੱਤੇ ਦੀ ਅਹਿਮੀਅਤ ਵਧ ਗਈ ਹੋਵੇ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕੁੱਤਿਆਂ ਵਲੋਂ ਫੈਲਣ ਵਾਲੀਆਂ ਬਿਮਾਰੀਆਂ ਵਿਚ ਵੀ ਵਾਧਾ ਹੁੰਦਾ ਜਾ ਰਿਹਾ ਹੈ ਕਿਉਂਕਿ ਕੁੱਤਿਆਂ ਜਾਂ ਹੋਰ ਮਾਸਾਹਾਰੀ ਜਾਨਵਰਾਂ ਦੀਆਂ ਅੰਤੜੀਆਂ ਵਿਚ 'ਵਿਅਸਕ ਟੇਪਵਰਮ ਇਕਾਟ ?ਰਥਾਕੋਕਸ' ਪਾਏ ਜਾਂਦੇ ਹਨ। ਇਹ ਵਿਅਸਕ ਟੇਪਵਰਮ ਲਗਭਗ 6 ਮੀਟਰ ਤੱਕ ਲੰਮੇ ਹੁੰਦੇ ਹਨ। ਜਦੋਂ ਕੁੱਤੇ ਮਲ ਤਿਆਗ ਕਰਦੇ ਹਨ ਤਾਂ 'ਵਿਅਸਕ ਟੇਪਵਰਮ' ਦੇ ਅੰਡੇ ਕੀਟਾਣੂ ਬਣ ਕੇ ਬਾਹਰ ਆ ਜਾਂਦੇ ਹਨ ਅਤੇ ਮਿੱਟੀ, ਪਾਣੀ, ਸਬਜ਼ੀ ਜਾਂ ਭੋਜਨ ਰਾਹੀਂ ਮਨੁੱਖ ਦੇ ਸਰੀਰ ਵਿਚ ਦਾਖ਼ਲ ਹੋ ਜਾਂਦੇ ਹਨ।

ਮਨੁੱਖੀ ਸਰੀਰ 'ਤੇ ਕਬਜ਼ਾ ਕਰਦਿਆਂ ਹੀ ਇਹ ਸਭ ਤੋਂ ਪਹਿਲਾਂ ਅੰਤੜੀਆਂ ਵਿਚ ਪਹੁੰਚਦਾ ਹੈ, ਉਸ ਤੋਂ ਬਾਅਦ ਖ਼ੂਨ ਨਾੜੀਆਂ ਦੀ ਸਹਾਇਤਾ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਜਿਗਰ, ਪਲੀਹਾ, ਫੇਫੜਿਆਂ, ਖ਼ੂਨ ਮੱਜਾ ਜਾਂ ਦਿਮਾਗ਼ ਆਦਿ ਵਿਚ ਪਹੁੰਚ ਕੇ 'ਸਿਸਟ' ਬਣਾ ਦਿੰਦੇ ਹਨ। ਇਸ ਸਿਸਟ ਦਾ ਆਕਾਰ ਵਧਦਿਆਂ-ਵਧਦਿਆਂ ਫੁੱਟਬਾਲ ਵਰਗਾ ਹੋ ਜਾਂਦਾ ਹੈ, ਜਿਸ ਕਾਰਨ ਉਲਟੀ ਵਿਚ ਖ਼ੂਨ ਆਉਣ ਵਰਗੀਆਂ ਕਿਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਪ੍ਰਭਾਵਿਤ ਵਿਅਕਤੀ ਕਈ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹੀ ਨਹੀਂ ਬਲਕਿ ਇਸ ਦੇ ਕਾਰਨ ਕਦੀ-ਕਦੀ ਮਨੁੱਖ 'ਕੋਮਾ' ਵਿਚ ਵੀ ਜਾ ਸਕਦਾ ਹੈ ਜਾਂ ਪਾਗਲ ਵੀ ਹੋ ਸਕਦਾ ਹੈ। ਅਖ਼ੀਰ ਕੁੱਤਾ ਪਾਲਣ ਦੇ ਸ਼ੌਕ ਨੂੰ ਹੇਠ ਲਿਖੀਆਂ ਗੱਲਾਂ ਨੂੰ ਸਮਝਣ ਤੇ ਧਿਆਨ ਵਿਚ ਰੱਖਣ ਤੋਂ ਬਾਅਦ ਹੀ ਪੂਰਾ ਕਰਨਾ ਚਾਹੀਦਾ ਹੈ-

ਕੁੱਤਿਆਂ ਦੀ ਸਮੇਂ-ਸਮੇਂ 'ਤੇ ਉਸ ਦੇ ਡਾਕਟਰਾਂ ਤੋਂ ਜਾਂਚ ਜ਼ਰੂਰ ਕਰਾਓ ਅਤੇ ਲਗਾਤਾਰ ਦਵਾਈਆਂ ਦਿੰਦੇ ਰਹੋ।



ਕੁੱਤੇ ਨੂੰ ਗੰਦਗੀ ਤੇ ਸੜੀਆਂ ਹੋਈਆਂ ਚੀਜ਼ਾਂ ਅਤੇ ਕੱਚਾ ਮਾਸ ਨਾ ਖਾਣ ਦਿਓ ਅਤੇ ਉਨ੍ਹਾਂ ਨੂੰ ਹੋਰ ਪਾਲਤੂ ਜਾਨਵਰਾਂ ਦਾ ਸ਼ਿਕਾਰ ਕਰਨ ਤੋਂ ਰੋਕੋ।

ਕੁੱਤਿਆਂ ਨੂੰ ਆਪਣੇ ਬਿਸਤਰ, ਰਸੋਈ ਅਤੇ ਖਾਣੇ ਜਾਂ ਬੈਠਣ ਦੀ ਥਾਂ 'ਤੇ ਨਾ ਜਾਣ ਦਿਓ।

ਉਨ੍ਹਾਂ ਨੂੰ ਲਗਾਤਾਰ ਇਸ਼ਨਾਨ ਕਰਾਉਣ ਤੋਂ ਬਾਅਦ ਆਪਣੇ ਹੱਥਾਂ ਤੇ ਸਰੀਰ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਮਰਨ ਤੋਂ ਬਾਅਦ ਉਸ ਦੇ ਮ੍ਰਿਤ ਸਰੀਰ ਨੂੰ ਜ਼ਮੀਨ ਵਿਚ ਦੱਬ ਦਿਓ।

ਕੁੱਤੇ ਜਿਥੇ ਇਕ ਪਾਸੇ ਚੰਗੇ ਰੱਖਿਅਕ ਤੇ ਜਾਸੂਸ ਸਾਬਤ ਹੁੰਦੇ ਹਨ, ਉਥੇ ਜੇਕਰ ਉਹ ਵੱਢ ਲੈਣ ਤਾਂ ਮਨੁੱਖ ਲਈ ਬਹੁਤ ਘਾਤਕ ਸਿੱਧ ਹੋ ਸਕਦੇ ਹਨ। ਹਾਲ ਹੀ ਵਿਚ ਕੀਤੇ ਗਏ ਇਕ ਸਰਵੇਖਣ ਅਨੁਸਾਰ ਦੇਸ਼ ਵਿਚ ਲਗਭਗ 30 ਲੱਖ ਲੋਕ ਹਰ ਸਾਲ ਕੁੱਤਿਆਂ ਦੇ ਸ਼ਿਕਾਰ ਬਣਦੇ ਹਨ ਅਤੇ 30 ਹਜ਼ਾਰ ਲੋਕ ਆਪਣੀ ਜਾਨ ਤੱਕ ਗਵਾ ਬੈਠਦੇ ਹਨ। ਭਾਵੇਂ ਅੱਜਕਲ੍ਹ ਕੁੱਤਿਆਂ ਦੇ ਵੱਢਣ 'ਤੇ ਅਨੇਕ ਰੋਗਮੁਕਤ ਕਰਨ ਵਾਲੇ ਇੰਜੈਕਸ਼ਨ ਤੇ ਦਵਾਈਆਂ ਬਣ ਚੁੱਕੀਆਂ ਹਨ ਪਰ ਜੇਕਰ ਪਾਗਲ ਕੁੱਤਾ ਵੱਢ ਲਵੇ ਅਤੇ ਸਹੀ ਇਲਾਜ ਕਰਨ ਵਿਚ ਦੇਰ ਹੋ ਜਾਵੇ ਤਾਂ ਬਹੁਤ ਵੱਡੀ ਪ੍ਰੇਸ਼ਾਨੀ ਖੜ੍ਹੀ ਹੋ ਸਕਦੀ ਹੈ।

ਧਿਆਨ ਰਹੇ ਕੁੱਤਾ ਪਾਲਣ ਦਾ ਸ਼ੌਕ ਬੁਰਾ ਨਹੀਂ ਹੈ ਪਰ ਬੇਧਿਆਨੀ ਕਾਰਨ ਇਹੀ ਸ਼ੌਕ ਕਦੀ-ਕਦੀ ਬਹੁਤ ਘਾਤਕ ਵੀ ਸਿੱਧ ਹੋ ਸਕਦਾ ਹੈ।

**- ਮਨੂ ਭਾਰਦਵਾਜ**



# ਔਖਾ ਹੁੰਦਾ ਸੰਸਦ ’ਚ ਪਏ ਅੜਿੱਕੇ ਦਾ ਹੱਲ

## ਕਿਵੇਂ ਨਿਕਲੇ ਸੰਸਦੀ-ਰਾਜਨੀਤਕ ਅੜਿੱਕੇ ਦਾ ਹੱਲ ?

**ਰਾਹੁਲ ਵਰਮਾ**



*ਅਡਾਨੀ ਮਾਮਲੇ ਵਿਚ ਕਿਉਂਕਿ ਸੁਪਰੀਮ ਕੋਰਟ ਨੇ ਇਕ ਮਾਹਿਰ ਕਮੇਟੀ ਗਠਿਤ ਕਰ ਦਿੱਤੀ ਸੀ ਤਾਂ ਜੇਪੀਸੀ ਦੀ ਮੰਗ ਦਾ ਕੋਈ ਖ਼ਾਸ ਮਤਲਬ ਨਹੀਂ ਰਹਿ ਗਿਆ ਸੀ। ਇਸੇ ਤਰ੍ਹਾਂ ਰਾਹੁਲ ਦੇ ਬਿਆਨ ਨੂੰ ਲੈ ਕੇ ਵੀ ਕੋਈ ਵਿਚਾਲੇ ਦਾ ਰਸਤਾ ਕੱਢਿਆ ਜਾ ਸਕਦਾ ਸੀ। ਸੱਤਾ ਵਿਚ ਹੋਣ ਦੇ ਨਾਤੇ ਸੰਸਦ ਨੂੰ ਸੁਚਾਰੂ ਤੌਰ ’ਤੇ ਚਲਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਵੱਧ ਹੈ ਤਾਂ ਉਹ ਵੀ ਆਪਣਾ ਰਵੱਈਆ ਕੁਝ ਨਰਮ ਕਰਦੀ ਤਾਂ ਕੋਈ ਗੱਲ ਬਣ ਸਕਦੀ ਸੀ।*

ਭਾਰਤ ਨੂੰ ਵਿਸ਼ਵ ਦੇ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਪ੍ਰਾਪਤ ਹੈ ਪਰ ਕੁਝ ਹਾਲੀਆ ਘਟਨਾਚੱਕਰ ਇਸ ਲਕਬ ’ਤੇ ਗ੍ਰਹਿਣ ਲਗਾਉਂਦੇ ਦਿਸ ਰਹੇ ਹਨ। ਇਹ ਘਟਨਾ-ਚੱਕਰ ਸੰਸਦੀ ਅੜਿੱਕੇ ਨਾਲ ਜੁੜਿਆ ਹੈ ਜਿਸ ਦੇ ਹਾਲ-ਫ਼ਿਲਹਾਲ ਦੂਰ ਹੋਣ ਦੇ ਕੋਈ ਆਸਾਰ ਨਹੀਂ ਦਿਸਦੇ। ਸੱਤਾ ਧਿਰ ਅਤੇ ਵਿਰੋਧੀ ਧਿਰ ਆਪੋ-ਆਪਣੇ ਰਵੱਈਏ ’ਤੇ ਅੜੀਆਂ ਹੋਈਆਂ ਹਨ ਅਤੇ ਸਮੇਂ ਦੇ ਨਾਲ ਵਧ ਰਹੀ ਰਾਜਨੀਤਕ ਕੁੜੱਤਣ ਇਸ ਸਥਿਤੀ ਨੂੰ ਹੋਰ ਵੀ ਜਟਿਲ ਬਣਾ ਰਹੀ ਹੈ।

ਬਜਟ ਇਜਲਾਸ ਦੀ ਸ਼ੁਰੂਆਤ ਤੋਂ ਹੀ ਜਿੱਥੇ ਕਾਂਗਰਸ ਦੀ ਅਗਵਾਈ ਵਿਚ ਭਾਜਪਾ ਵਿਰੋਧੀ ਪਾਰਟੀਆਂ ਅਡਾਨੀ ਮਾਮਲੇ ਵਿਚ ਸੰਯੁਕਤ ਸੰਸਦੀ ਕਮੇਟੀ ਅਰਥਾਤ ਜੇਪੀਸੀ ਗਠਿਤ ਕਰਨ ਦੀ ਮੰਗ ਨੂੰ ਲੈ ਕੇ ਦਬਾਅ ਪਾਉਣ ਵਿਚ ਲੱਗੀਆਂ ਸਨ, ਓਥੇ ਹੀ ਸੱਤਾ ਧਿਰ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਲੰਡਨ ਵਿਚ ਦਿੱਤੇ ਗਏ ਬਿਆਨ ’ਤੇ ਮਾਫ਼ੀ ਦੀ ਮੰਗ ਕਰ ਰਿਹਾ ਸੀ।

ਅਡਾਨੀ ਮਾਮਲੇ ਵਿਚ ਕਿਉਂਕਿ ਸੁਪਰੀਮ ਕੋਰਟ ਨੇ ਇਕ ਮਾਹਿਰ ਕਮੇਟੀ ਗਠਿਤ ਕਰ ਦਿੱਤੀ ਸੀ ਤਾਂ ਜੇਪੀਸੀ ਦੀ ਮੰਗ ਦਾ ਕੋਈ ਖ਼ਾਸ ਮਤਲਬ ਨਹੀਂ ਰਹਿ ਗਿਆ ਸੀ। ਇਸੇ ਤਰ੍ਹਾਂ ਰਾਹੁਲ ਦੇ ਬਿਆਨ ਨੂੰ ਲੈ ਕੇ ਵੀ ਕੋਈ ਵਿਚਾਲੇ ਦਾ ਰਸਤਾ ਕੱਢਿਆ ਜਾ ਸਕਦਾ ਸੀ। ਸੱਤਾ ਵਿਚ ਹੋਣ ਦੇ ਨਾਤੇ ਸੰਸਦ ਨੂੰ ਸੁਚਾਰੂ ਤੌਰ ’ਤੇ ਚਲਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਵੱਧ ਹੈ ਤਾਂ ਉਹ ਵੀ ਆਪਣਾ ਰਵੱਈਆ ਕੁਝ ਨਰਮ ਕਰਦੀ ਤਾਂ ਕੋਈ ਗੱਲ ਬਣ ਸਕਦੀ ਸੀ। ਇਸ ਦੌਰਾਨ ਮਾਣਹਾਨੀ ਦੇ ਮਾਮਲੇ ਵਿਚ ਰਾਹੁਲ ਗਾਂਧੀ ਦੀ ਸੰਸਦ ਮੈਂਬਰੀ ਸਮਾਪਤ ਹੋਣ ਨਾਲ ਗੱਲ ਬਣਨ ਦੀਆਂ ਸਾਰੀਆਂ ਸੰਭਾਵਨਾਵਾਂ ਹੋਰ ਵਿਗੜ ਗਈਆਂ ਹਨ। ਸੰਸਦੀ ਲੋਕਤੰਤਰ ਦੇ ਸੰਦਰਭ ਵਿਚ ਇਹ ਹਾਲੀਆ ਘਟਨਾ-ਚੱਕਰ ਲੱਛਣ ਮਾਤਰ ਹੈ ਅਤੇ ਇਸ ਬਿਮਾਰੀਆਂ ਦੀਆਂ ਜੜ੍ਹਾਂ ਖ਼ਾਸੀਆਂ ਪੁਰਾਣੀਆਂ ਹਨ। ਬੀਤੇ ਕੁਝ ਸਮੇਂ ਤੋਂ ਸੰਸਦੀ ਅੜਿੱਕੇ ਅੜਿੱਕੇ ਦੀ ਸਮੱਸਿਆ ਬਹੁਤ ਆਮ ਹੋ ਗਈ ਹੈ।

ਸਦਨ ਵਿਚ ਹੰਗਾਮਾ ਬੇਹੱਦ ਆਮ ਹੋ ਗਿਆ ਹੈ। ਸਦਨ ਦੇ ਅੰਦਰ ਹੰਗਾਮੇ ਦੀਆਂ ਤਸਵੀਰਾਂ ਸ਼ਰਮਸਾਰ ਕਰਨ ਵਾਲੀਆਂ ਹੁੰਦੀਆਂ ਹਨ। ਇਹ ਸਿਲਸਿਲਾ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਦੌਰਾਨ ਵਿਰੋਧੀ ਪਾਰਟੀਆਂ ਦੇ ਰਵੱਈਏ ਨਾਲ ਸ਼ੁਰੂ ਹੋਇਆ ਜਿਸ ਨੂੰ ਯੂਪੀਏ ਸਰਕਾਰ ਦੇ ਸਮੇਂ ਵਿਰੋਧੀ ਧਿਰ ਵਿਚ ਰਹੀ ਭਾਜਪਾ ਨੇ ਹੋਰ ਅੱਗੇ ਵਧਾਇਆ, ਜੋ ਵਰਤਮਾਨ ਵਿਚ ਪਾਣੀ ਸਿਰ ਤੋਂ ਉੱਪਰੋਂ ਗੁਜ਼ਰ ਜਾਣ ਵਾਲੀ ਸਥਿਤੀ ਵਿਚ ਪੁੱਜ ਗਿਆ ਹੈ।

ਯੂਪੀਏ ਸਰਕਾਰ ਦੌਰਾਨ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਹੇ ਅਰੁਣ ਜੇਤਲੀ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਸੀ ਕਿ ‘ਸੰਸਦ ਵਿਚ ਅੜਿੱਕਾ ਵੀ ਸੰਸਦੀ ਲੋਕਤੰਤਰ ਦਾ ਇਕ ਹਿੱਸਾ ਹੈ।’ ਸਮੇਂ ਦੇ ਨਾਲ ਇਸ ਅੜਿੱਕੇ ਦਾ ਖੱਪਾ ਹੋਰ ਚੌੜਾ ਹੁੰਦਾ ਗਿਆ ਤਾਂ ਇਸੇ ਕਾਰਨ ਕਿ ਹੁਣ ਕੌਮੀ ਜੀਵਨ ਦੇ ਹਰੇਕ ਪੱਧਰ ’ਤੇ ਧਰੁਵੀਕਰਨ ਵਧ ਗਿਆ ਹੈ। ਧਰੁਵੀਕਰਨ ਕਾਰਨ ਵਧੀ ਤਨਾਤਨੀ ਨਾਲ ਸੰਸਦੀ ਮਰਿਆਦਾ ਵਾਰ-ਵਾਰ ਤਾਰ-ਤਾਰ ਹੋ ਰਹੀ ਹੈ। ਜਦਕਿ ਇਕ ਆਦਰਸ਼ ਲੋਕਤੰਤਰ ਵਿਚ ਇਹੀ ਉਮੀਦ ਕੀਤੀ ਜਾਂਦੀ ਹੈ ਕਿ ਉਸ ਵਿਚ ਸੰਵਾਦ ਦੀ ਗੁੰਜਾਇਸ਼ ਸਦਾ ਮੌਜੂਦ ਰਹੇ ਜੋ ਹੁਣ ਨਿਰੰਤਰ ਸੁੰਗੜਦੀ ਜਾ ਰਹੀ ਹੈ। ਇਸ ਦਾ ਇਕ ਵੱਡਾ ਕਾਰਨ ਤਾਂ ਸੱਤਾ ਧਿਰ ਅਤੇ ਵਿਰੋਧੀ ਧਿਰ, ਦੋਵਾਂ ਖੇਮਿਆਂ ਵਿਚ ਅਜਿਹੇ ਨੇਤਾਵਾਂ ਦੀ ਗ਼ੈਰ-ਮੌਜੂਦਗੀ ਦਿਸਦੀ ਹੈ ਜੋ ਵਿਰੋਧੀ ਖੇਮੇ ਵਿਚ ਵੀ ਸੰਵਾਦ ਦੇ ਮਾਧਿਅਮ ਨਾਲ ਅੜਿੱਕੇ ਦਾ ਹੱਲ ਕੱਢ ਸਕਣ। ਜਿਵੇਂ ਯੂਪੀਏ ਸਰਕਾਰ ਦੌਰਾਨ ਪ੍ਰਣਬ ਮੁਖਰਜੀ ਇਹ ਭੂਮਿਕਾ ਨਿਭਾਉਂਦੇ ਸਨ ਅਤੇ ਮੋਦੀ ਸਰਕਾਰ ਦੇ ਪਹਿਲੇ ਕਾਰਜਕਾਲ ਵਿਚ ਅਰੁਣ ਜੇਤਲੀ। ਹੁਣ ਸੱਤਾ ਧਿਰ-ਵਿਰੋਧੀ ਧਿਰ ਵਿਚ ਪੁਲ ਬਣਨ ਵਾਲੀਆਂ ਅਜਿਹੀਆਂ ਆਵਾਜ਼ਾਂ ਸੁਣਾਈ ਨਹੀਂ ਦਿੰਦੀਆਂ। ਇਸ ਦੀ ਮੁੱਖ ਵਜ ?ਹਾ ਇਹ ਵੀ ਹੈ ਕਿ ਰਾਜਨੀਤਕ ਦਲਾਂ ਵਿਚ ਅੰਦਰੂਨੀ ਲੋਕਤੰਤਰ ਦੀ ਸਥਿਤੀ ਕਮਜ਼ੋਰ ਹੁੰਦੀ ਜਾ ਰਹੀ ਹੈ ਜਿਸ ਵਿਚ ਸਰਵਉੱਚ ਨੇਤਾ ਦੇ ਬਾਅਦ ਕਿਸੇ ਹੋਰ ਦੀ ਗੱਲ ਦਾ ਕੋਈ ਖ਼ਾਸ ਵਜ਼ਨ ਨਹੀਂ ਰਹਿ ਜਾਂਦਾ ਹੈ। ਅਜਿਹਾ ਨਹੀਂ ਹੈ ਕਿ ਸੰਸਦ ਵਿਚ ਤਕਰਾਰ ਦੀ ਸਥਿਤੀ ਪਹਿਲੀ ਵਾਰ ਬਣੀ ਹੈ। ਅਤੀਤ ਵਿਚ ਵੀ ਸੰਸਦੀ ਮੁਹਾਂਦਰੇ ’ਤੇ ਤਣਾਅ ਹਾਵੀ ਹੁੰਦਾ ਸੀ ਅਤੇ ਤਿੱਖੇ ਬਾਣ ਚੱਲਦੇ ਸਨ ਪਰ ਉਸ ਵਿਚ ਦੋ ਅਣ-ਐਲਾਨੀਆਂ ਪਰ ਸਵੀਕਾਰਨਯੋਗ ਰਵਾਇਤਾਂ ਸਨ।

ਇਕ ਤਾਂ ਇਹੀ ਕਿ ਸੰਵਾਦ ਦੇ ਦਰਵਾਜ਼ੇ ਕਦੇ ਪੂਰੀ ਤਰ੍ਹਾਂ ਬੰਦ ਨਹੀਂ ਕੀਤੇ ਜਾਂਦੇ ਸਨ ਅਤੇ ਸਦਨ ਤੋਂ ਬਾਹਰ ਨਿਕਲ ਕੇ ਨੇਤਾਵਾਂ ਵਿਚ ਓਨੀ ਕੁੜੱਤਣ ਨਹੀਂ ਦਿਸਦੀ ਸੀ। ਦੂਜਾ ਇਹੀ ਕਿ ਸਦਨ ਵਿਚ ਨੇਤਾ ਇਕ-ਦੂਜੇ ’ਤੇ ਵਾਰ ਕਰਦੇ ਸਨ ਪਰ ਇਕ ਹੱਦ ਦੇ ਅੰਦਰ। ਹੁਣ ਜੋ ਕੁੜੱਤਣ ਘੁਲੀ ਹੋਈ ਹੈ, ਉਸ ਦੇ ਤਾਰ ਅਤੀਤ ਨਾਲ ਵੀ ਜੁੜੇ ਹੋਏ ਹਨ।


ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕਿਉਂਕਿ ਨਿਸ਼ਾਨਾ ਬਣਾਉਣ ਵਿਚ ਕਾਂਗਰਸ ਨੇ ਕੋਈ ਕਮੀ ਨਹੀਂ ਛੱਡੀ ਤਾਂ ਸੰਭਵ ਹੈ ਕਿ ਮੋਦੀ-ਸ਼ਾਹ ਦੀ ਜੋੜੀ ਵੀ ਵਿਰੋਧੀ ਪਾਰਟੀ ਨੂੰ ਕੋਈ ਰਿਆਇਤ ਨਾ ਦੇਣ। ਰਾਜਨੀਤਕ ਨਿਗਰਾਨ ਭਾਵੇਂ ਇਹ ਇਸ ਨੂੰ ਬਦਲੇ ਵਾਲੀ ਰਾਜਨੀਤੀ ਕਹਿਣ ਪਰ ਇਹ ਰਵਾਇਤ ਤਾਂ ਪਹਿਲਾਂ ਤੋਂ ਚੱਲੀ ਆ ਰਹੀ ਹੈ ਕਿ ਜਿਸ ਦੇ ਹੱਥ ਵਿਚ ਸੱਤਾ ਦੇ ਸੂਤਰ ਹੁੰਦੇ ਹਨ, ਉਹ ਆਪਣੇ ਅਨੁਕੂਲ ਸਮੀਕਰਨ ਤਿਆਰ ਕਰਨ ਵਿਚ ਕੋਈ ਕੋਰ-ਕਸਰ ਨਹੀਂ ਛੱਡਦੇ। ਸੰਸਦੀ-ਰਾਜਨੀਤਕ ਮੁਹਾਜ਼ ’ਤੇ ਇਸ ਸਮੇਂ ਜੋ ਹੋ ਰਿਹਾ ਹੈ, ਉਸ ਦੇ ਹਾਂ-ਪੱਖੀ ਅਤੇ ਨਾਂਹ-ਪੱਖੀ ਦੋਵੇਂ ਸਵਾਰਥ ਦਿਸ ਰਹੇ ਹਨ। ਜਿੱਥੇ ਰਾਹੁਲ ਗਾਂਧੀ ਦੀ ਸੰਸਦ ਮੈਂਬਰੀ ਰੱਦ ਹੋਣ ਨਾਲ ਸ਼ਾਇਦ ਇਹ ਸੰਦੇਸ਼ ਜਾਵੇ ਕਿ ਨੇਤਾ ਹੁਣ ਸੰਭਲ ਕੇ ਆਪਣੀ ਗੱਲ ਰੱਖਣਗੇ।

ਓਥੇ ਹੀ ਕੇਂਦਰੀ ਏਜੰਸੀਆਂ ਦੀ ਕਾਰਵਾਈ ਨੂੰ ਵੀ ਭ੍ਰਿਸ਼ਟਾਚਾਰ ਵਿਰੁੱਧ ਸਰਕਾਰ ਦੀ ਫ਼ੈਸਲਾਕੁਨ ਜੰਗ ਦੇ ਤੌਰ ’ਤੇ ਦੇਖਿਆ ਜਾ ਸਕਦਾ ਹੈ। ਫਿਰ ਵੀ, ਸੰਸਦੀ ਅੜਿੱਕੇ ਦੇ ਨਾਂਹ-ਪੱਖੀ ਸਿੱਟੇ ਜ਼ਿਆਦਾ ਹਨ। ਇਸ ਨਾਲ ਪਾਰਟੀਆਂ ਵਿਚ ਤਕਰਾਰ ਹੋਰ ਵਧੇਗੀ। ਸੰਸਦੀ ਕਾਰਵਾਈ ਦੇ ਨਾ ਸਿਰਫ਼ ਪ੍ਰਭਾਵਿਤ ਹੋਣ ਬਲਕਿ ਬਹਿਸ ਦੀ ਗੁਣਵੱਤਾ ਵਿਚ ਗਿਰਾਵਟ ਆਉਣ ਦਾ ਖ਼ਦਸ਼ਾ ਹੈ।

ਜਿਸ ਸੰਸਦ ਵਿਚ ਦੇਸ਼ ਦੀ ਦਸ਼ਾ-ਦਿਸ਼ਾ ਤੈਅ ਕਰਨ ਲਈ ਉੱਚ ਪੱਧਰੀ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਸੀ, ਉਹ ਰਾਜਨੀਤਕ ਕਾਰਨਾਂ ਕਰਕੇ ਹੰਗਾਮੇ ਦਾ ਅਖਾੜਾ ਬਣ ਕੇ ਰਹਿ ਗਈ ਹੈ। ਇਸ ਨਾਲ ਸੰਸਦੀ ਲੋਕਤੰਤਰ ਦੀ ਅਹਿਮੀਅਤ ਘਟਦੀ ਜਾ ਰਹੀ ਹੈ। ਜਦਕਿ ਸੰਸਦ ਵਿਚ ਇਕ ਸਮੇਂ ਉਹ ਵੀ ਸੀ ਜਦ ਬੰਗਲਾਦੇਸ਼ ਦੇ ਨਿਰਮਾਣ ਸਮੇਂ ਅਟਲ ਬਿਹਾਰੀ ਵਾਜਪਾਈ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਲਕੀ-ਫੁਲਕੀ ਪ੍ਰਸ਼ੰਸਾ ਕੀਤੀ ਸੀ ਤਾਂ ਵਾਜਪਾਈ ਦੇ ਪ੍ਰਧਾਨ ਮੰਤਰੀ ਰਹਿੰਦੇ ਹੋਏ ਪਰਮਾਣੂ ਪ੍ਰੀਖਣਾਂ ਅਤੇ ਉਸ ਕਾਰਨ ਲੱਗੀਆਂ ਕੌਮਾਂਤਰੀ ਪਾਬੰਦੀਆਂ ਦੀ ਸਥਿਤੀ ਵਿਚ ਵਿਰੋਧੀ ਧਿਰ ਸਰਕਾਰ ਨਾਲ ਇਕਜੁੱਟ ਸੀ। ਹੁਣ ਸਥਿਤੀ ਇਹ ਹੈ ਕਿ ਪਾਕਿਸਤਾਨ ’ਤੇ ਸਰਜੀਕਲ ਅਤੇ ਏਅਰ ਸਟ ?ਰਾਈਕ ਵਰਗੇ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਮੁੱਦੇ ’ਤੇ ਵੀ ਵਿਰੋਧੀ ਧਿਰ ਦੁਆਰਾ ਸਬੂਤ ਮੰਗੇ ਜਾਂਦੇ ਹਨ। ਨੀਤੀਗਤ ਮੁੱਦਿਆਂ ’ਤੇ ਬਣੀ ਅਜਿਹੀ ਸਥਿਤੀ ਲਈ ਸਿਰਫ਼ ਮੌਜੂਦਾ ਵਿਰੋਧੀ ਧਿਰ ਨੂੰ ਹੀ ਦੋਸ਼ ਨਹੀਂ ਦਿੱਤਾ ਜਾ ਸਕਦਾ।

ਜਦ ਭਾਜਪਾ ਵਿਰੋਧੀ ਧਿਰ ਵਿਚ ਸੀ ਤਾਂ ਉਸ ਨੇ ਵੀ ਪਰਮਾਣੂ ਕਰਾਰ ਅਤੇ ਜੀਐੱਸਟੀ ਤੋਂ ਲੈ ਕੇ ਆਧਾਰ ਤਕ ਦਾ ਵਿਰੋਧ ਕੀਤਾ ਸੀ ਪਰ ਸੱਤਾ ਵਿਚ ਆਉਣ ਤੋਂ ਬਾਅਦ ਉਸ ਦੇ ਸੁਰ ਬਦਲ ਗਏ। ਅਜਿਹੇ ਰੁਝਾਨ ਕਾਰਨ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ’ਤੇ ਜਨਤਾ ਦਾ ਭਰੋਸਾ ਹੋਰ ਡਗਮਗਾ ਜਾਂਦਾ ਹੈ ਜੋ ਲੋਕਤੰਤਰ ਲਈ ਮਾਰੂ ਸਿੱਧ ਹੁੰਦਾ। ਜਦ ਤਕ ਸਿਆਸਤਦਾਨ ਕਹਿਣੀ ਤੇ ਕਰਨੀ ਦੇ ਪੱਕੇ ਨਹੀਂ ਹੋਣਗੇ, ਜਨਤਾ ’ਚ ਉਨ੍ਹਾਂ ਨੂੰ ਉਹ ਸਤਿਕਾਰ ਨਹੀਂ ਮਿਲ ਸਕਦਾ ਜੋ ਪੁਰਾਣੇ ਜ਼ਮਾਨੇ ਦੇ ਨੇਤਾਵਾਂ ਨੂੰ ਮਿਲਦਾ ਸੀ। ਹੁਣ ਸੋਚਣ ਦੀ ਗੱਲ ਇਹ ਹੈ ਕਿ ਆਖ਼ਰ ਇਸ ਤਰ੍ਹਾਂ ਦੇ ਸੰਸਦੀ-ਰਾਜਨੀਤਕ ਅੜਿੱਕੇ ਦਾ ਹੱਲ ਕਿਵੇਂ ਨਿਕਲੇ?

ਕੀ ਇਸ ਦੇ ਹੱਲ ਲਈ ਰਾਜਨੀਤਕ ਬਰਾਦਰੀ ਨੂੰ ਹੀ ਪਹਿਲ ਕਰਨੀ ਹੋਵੇਗੀ? ਜਾਂ ਫਿਰ ਜਨਤਾ ਹੀ ਇਸ ਦਾ ਫ਼ੈਸਲਾ ਕਰੇਗੀ। ਨਾਲ ਹੀ, ਇਸ ਵਿਚ ਲੋਕਾਂ ਦੇ ਦਬਾਅ ਸਮੂਹਾਂ ਦੀ ਭੂਮਿਕਾ ਵੀ ਮਹੱਤਵਪੂਰਨ ਹੋਵੇਗੀ। ਕੁੱਲ ਮਿਲਾ ਕੇ, ਆਜ਼ਾਦੀ ਦੇ ਅੰਮ੍ਰਿਤਕਾਲ ਵਿਚ ਨੇਤਾਵਾਂ ਦਾ ਅਜਿਹਾ ਆਚਰਣ ਮਿਸਾਲਯੋਗ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਨੂੰ ਤਾਂ ਇਸ ਸਮੇਂ ਭਾਰਤ ਨੂੰ ਆਪਣੀ ਸਾਂਝੀ ਸਮਝ ਅਤੇ ਵਿਜ਼ਨ ਨੂੰ ਅੱਗੇ ਰੱਖਣਾ ਚਾਹੀਦਾ ਹੈ ਪਰ ਉਹ ਆਪਸ ਵਿਚ ਹੀ ਉਲਝੇ ਹੋਏ ਹਨ। ਹੁਣ ਜਦੋਂ ਹੰਗਾਮੇ ਕਾਰਨ ਸੰਸਦ ਦੀ ਕਾਰਵਾਈ ਲਗਾਤਾਰ ਪ੍ਰਭਾਵਿਤ ਹੋ ਰਹੀ ਹੈ, ਅਜਿਹੇ ਵਿਚ ਸਿਰਫ਼ ਸੰਸਦੀ ਕਾਰਵਾਈ ਦਾ ਹੀ ਨੁਕਸਾਨ ਨਹੀਂ ਹੋ ਰਿਹਾ ਸਗੋਂ ਆਮ ਜਨਤਾ ਦੇ ਟੈਕਸ ਦੇ ਪੈਸਿਆਂ ਦਾ ਵੀ ਹਰਜਾ ਹੋ ਰਿਹਾ ਹੈ। ਜ਼ਿੰਮੇਵਾਰ ਕਾਨੂੰਨ-ਘਾੜਿਆਂ ਨੂੰ ਪਹਿਲ ਦੇ ਆਧਾਰ ’ਤੇ ਇਨ੍ਹਾਂ ਅਹਿਮ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।








ਗੌਰਵ ਧੀਮਾਨ
ਚੰਡੀਗੜ੍ਹ ਜੀਰਕਪੁਰ
7626818016

# ਧੀ ਬਾਪੂ ਦੀ ਚਮਕ



ਹਰ ਸਾਲ ਪੰਜਾਬ ਮੁੜ ਸਾਨੂੰ ਮਿਲਣ ਲਈ ਬਾਪੂ ਜੀ ਆ ਜਾਇਆ ਕਰਦੇ ਸੀ। ਮੈ ਉਸ ਵਕਤ ਪੰਦਰਾਂ ਸਾਲਾਂ ਦੀ ਸੀ। ਮੇਰੀ ਛੋਟੀ ਭੈਣ ਰਾਵੀ ਮੈਤੋਂ ਇੱਕ ਸਾਲ ਹੀ ਛੋਟੀ ਸੀ। ਅਸੀ ਦੋਵੇਂ ਇੱਕਠੇ ਹੀ ਰਹਿੰਦੀਆਂ ਸੀ। ਦੋਵਾਂ ਨੇ ਇੱਕੋ ਰੰਗ ਦੇ ਸੂੱਟ ਪਾਉਣੇ ਤੇ ਇੱਕੋ ਤਰ੍ਹਾਂ ਦੀ ਗੁੱਤ ਕਰਨੀ। ਪਿੰਡ ਦੇ ਲੋਕ ਵੇਖ ਮੱਚ ਉੱਠਦੇ ਸੀ। ਮੈ ਤੇ ਰਾਵੀ ਦੋਵੇਂ ਗੁਰਦੁਆਰਾ ਜਾਇਆ ਕਰਦੀ ਸੀ। ਮੇਰੇ ਬਾਪੂ ਜੀ ਦੀ ਪਿੰਡ ਵਿੱਚ ਬਹੁਤ ਇੱਜਤ ਸੀ। ਉਹ ਘੱਟ ਉਮਰ ਵਿੱਚ ਹੀ ਬਾਹਰ ਇਟਲੀ ਚਲੇ ਗਏ ਸੀ। ਹੌਲੀ ਹੌਲੀ ਵਕਤ ਬਦਲਿਆ ਤੇ ਉਹਨਾਂ ਨੇ ਸਬ ਖੁਸ਼ੀਆਂ ਦਿੱਤੀਆ ਜੋ ਸਾਨੂੰ ਸ਼ੁਰੂ ਤੋਂ ਹੀ ਮਿਲਦੀਆਂ ਆ ਰਹੀਆਂ ਸੀ। ਮੈ ਨਹੀ ਜਾਣਦੀ ਬਾਹਰ ਦੀ ਦੁਨੀਆ ਬਾਰੇ ਤੇ ਨਾ ਮੈ ਜਾਣਨਾ ਚਾਉਂਦੀ ਹਾਂ। ਮੈ ਰੱਬ ਤੇ ਮਾਂ ਬਾਪ ਦੇ ਨਾਮ ਤੋਂ ਸਿਵਾ ਕਿਸੇ ਨੂੰ ਨਹੀਂ ਚੁਣਿਆ। ਬਾਪੂ ਜੀ ਅੱਜ ਵੀ ਉਵੇਂ ਹੀ ਪਿਆਰ ਕਰਦੇ ਹਨ ਜਿਵੇਂ ਬਚਪਨ ਵਿੱਚ ਕਰਦੇ ਹੁੰਦੇ ਸੀ।

ਮੈਂ ਇੱਕ ਇਨਸਾਨ ਨੂੰ ਸਹੀ ਸਮਝਦੀ ਹਾਂ ਉਹ ਮੇਰੇ ਬਾਪੂ ਜੀ ਹਨ। ਉਹਨਾਂ ਨੇ ਮੈਨੂੰ ਸਿਖਾਇਆ ਜਿੰਦਗੀ ਦਾ ਇੱਕ ਫ਼ੈਸਲਾ ਤੁਹਾਡੀ ਕਿਸਮਤ ਬਦਲ ਸਕਦਾ ਹੈ ਤੇ ਮੈ ਇੱਕ ਫ਼ੈਸਲੇ ਨੂੰ ਵਾਰ ਵਾਰ ਬਦਲਿਆ। ਜਦੋਂ ਮੇਰਾ ਰਿਸ਼ਤਾ ਬਾਹਰੋਂ ਆਉਣਾ ਮੈ ਨਾ ਪਸੰਦ ਕਰ ਮੋੜ ਦੇਣਾ। ਮੈਂ ਬਹੁਤ ਸਾਰੇ ਰਿਸ਼ਤੇ ਨਾ ਪਸੰਦ ਕੀਤੇ। ਮੇਰੇ ਬਾਪੂ ਜੀ ਵੀ ਮੇਰਾ ਪੂਰਾ ਸਾਥ ਦਿੰਦੇ ਸੀ। ਇੱਕ ਵਾਰੀ ਮੇਰੀ ਛੋਟੀ ਭੈਣ ਰਾਵੀ ਬੀਮਾਰ ਹੋ ਗਈ। ਉਸਦੀ ਹਾਲਤ ਬਹੁਤ ਜਿਆਦਾ ਖਰਾਬ ਹੋ ਗਈ ਤੇ ਉਸਨੂੰ ਹਸਪਤਾਲ ਵੀ ਲਿਜਾਇਆ ਗਿਆ। ਉਹ ਇੱਕਦਮ ਬੀਮਾਰ ਹੋ ਗਈ ਸੀ।

ਰਾਵੀ ਦੀ ਉਮਰ ਉਸ ਵਕਤ ਅਠਾਰਾਂ ਦੇ ਕਰੀਬ ਸੀ। ਮੈ ਉਸ ਵਕਤ ਬਹੁਤ ਪਰੇਸ਼ਾਨ ਸੀ। ਮੇਰੇ ਬਾਪੂ ਜੀ ਨੇ ਪੂਰੀ ਤਰ੍ਹਾਂ ਕੋਸ਼ਿਸ਼ ਕੀਤੀ ਤੇ ਹਰ ਥਾਂ ਦੇ ਡਾਕਟਰ ਤੋਂ ਇਲਾਜ ਵੀ ਕਰਵਾਇਆ ਪਰ ਕਿਸੇ ਪਾਸੋਂ ਕੋਈ ਜਵਾਬ ਨਾ ਮਿਲਿਆ। ਉਸਨੂੰ ਅਸੀ ਘਰ ਲੈ ਆਏ। ਮੈ ਉਸਦੀ ਜਿੰਦਗੀ ਨੂੰ ਮਹਿਸੂਸ ਕਰ ਸਕਦੀ ਸੀ। ਮੈ ਉਸਦਾ ਰੋਜ਼ ਖਿਆਲ ਰੱਖਣਾ ਤੇ ਇੱਕ ਮਿੰਟ ਵੀ ਇੱਧਰ ਉਧਰ ਨਾ ਹੋਣਾ। ਮੈ ਕਈ ਰਾਤਾਂ ਜਾਗ ਕੱਟੀਆਂ ਪਰ ਮੇਰੀ ਰੱਬ ਨੇ ਕਿੱਥੇ ਸੁਣੀ। ਰੱਬ ਜੀ ਤੋਂ ਸਿਰਫ਼ ਇੱਕ ਚੀਜ਼ ਮੰਗੀ ਸੀ ਉਹ ਮੇਰੀ ਭੈਣ ਦੀ ਜਾਨ ਜੋ ਰੱਬ ਜੀ ਜਲਦੀ ਲੈ ਗਏ। ਮੈ ਉਸ ਵਕਤ ਭੱਜੀ ਭੱਜੀ ਚਾਚਾ ਜੀ ਕੋਲ ਗਈ ਤੇ ਡਾਕਟਰ ਨੂੰ ਬਲਾਉਣ ਲਈ ਕਿਹਾ। ਚਾਚਾ ਜੀ ਜਾਣ ਚੁੱਕੇ ਸੀ ਤੇ ਮੈਨੂੰ ਆਖਿਆ ਤੂੰ ਪੁੱਤ ਘਰ ਪਹੁੰਚ ਮੈ ਡਾਕਟਰ ਲੈ ਕੇ ਆਉਣਾ।

ਜਦੋਂ ਮੈਂ ਘਰ ਪਹੁੰਚੀ ਤਾਂ ਮੇਰੀ ਭੈਣ ਮੈਤੋਂ ਦੂਰੀ ਬਣਾ ਚੁੱਕੀ ਸੀ। ਮੇਰੀ ਰੂਹ ਕੰਬ ਉੱਠੀ ਸੀ ਤੇ ਮੈ ਕੁਝ ਦੇਰ ਇੱਕ ਥਾਈਂ ਖੜ੍ਹੀ ਰਹੀ। ਜਦੋਂ ਰਾਵੀ ਨੇੜ੍ਹੇ ਸਬ ਇੱਕਠੇ ਹੋਏ ਤਾਂ ਮੈ ਉਸ ਕੋਲ ਗਈ। ਮੈ ਉਸਦੇ ਕੋਲ ਫੁੱਟ ਫੁੱਟ ਰੋਈ। ਮੈਂ ਰੱਬ ਜੀ ਨੂੰ ਆਖਿਆ ਮੇਰੀ ਜ਼ਿੰਦਗੀ ਰਾਵੀ ਨੂੰ ਦਿੰਦਾ ਤੇ ਮੈਨੂੰ ਲੈ ਜਾਂਦਾ। ਮੈਂ ਰੋਈ ਜਾਂਦੀ ਸੀ ਤੇ ਮੈਨੂੰ ਚੁੱਪ ਕਰਾਉਣ ਵਾਲੇ ਵੀ ਰੋਈ ਜਾਂਦੇ ਸੀ। ਅੱਜ ਤੱਕ ਮੇਰੀ ਭੈਣ ਨੇ ਮੇਰੇ ਅੱਖਾਂ ਵਿੱਚੋਂ ਹੰਝੂ ਨਹੀਂ ਦੇਖੇ ਸੀ। ਉਹ ਦਿਨ ਮੈਨੂੰ ਚੰਗੀ ਤਰ੍ਹਾਂ ਯਾਦ ਜਿਸ ਦਿਨ ਮੇਰੀ ਰੂਹ ਦੀ ਇੱਕ ਤਾਰ ਟੁੱਟ ਗਈ ਸੀ। ਮੈ ਉਸ ਵਕਤ ਬਹੁਤ ਇਕੱਲੀ ਹੋ ਗਈ ਸੀ।

ਵਕਤ ਨੇ ਰੰਗ ਪਾਉਣਾ ਸ਼ੁਰੂ ਕਰ ਦਿੱਤਾ। ਮੇਰੀ ਜਿੰਦਗੀ ਨੂੰ ਹੋਰ ਵਧੇਰੇ ਦੁੱਖ ਦਿੱਤਾ। ਮੇਰੇ ਬਾਪੂ ਜੀ ਕੁਝ ਚਿਰ ਹੀ ਘਰ ਰਹੇ ਫਿਰ ਉਹ ਵਾਪਿਸ ਇਟਲੀ ਚਲੇ ਗਏ। ਉਹਨਾਂ ਨੇ ਇਹ ਨਹੀਂ ਸੋਚਿਆ ਮੇਰੀ ਧੀ ਜਵਾਨ ਹੈ ਤੇ ਉਹ ਕੱਲੀ ਘਰ ਕੀ ਕਰੇਗੀ। ਮੇਰੇ ਬਾਪੂ ਜੀ ਨੇ ਫ਼ੈਸਲਾ ਕਰ ਲਿਆ ਸੀ ਤੇ ਉਹ ਮੈਨੂੰ ਛੱਡ ਕੇ ਜਾਣਾ ਸਹੀ ਨਹੀਂ ਸਮਝਦੇ ਸੀ ਪਰ ਉੱਥੇ ਉਹ ਕੰਮ ਛੱਡ ਕੇ ਆਏ ਸੀ। ਉਹਨਾਂ ਨੂੰ ਜਲਦੀ ਸੀ ਜਿਸ ਕਰਕੇ ਉਹ ਮੇਰੇ ਕੋਲ ਨਾ ਰੁੱਕੇ। ਮੈ ਆਪਣੀ ਮਾਂ ਨਾਲ ਇਕੱਲੀ ਹੋ ਗਈ।

ਮੇਰੇ ਮਾਤਾ ਜੀ ਮੈਨੂੰ ਬਹੁਤ ਪਿਆਰ ਕਰਦੇ ਹਨ। ਰੱਬ ਜਾਣਦਾ ਹੈ ਮੇਰੇ ਤੇ ਮਾਂ ਦਾ ਰਿਸ਼ਤਾ ਕੀ ਹੈ। ਇੱਕ ਮਾਂ ਹੀ ਹੈ ਜੋ ਆਪਣੇ ਪੁੱਤ ਨੂੰ ਪਾਲਦੀ ਹੈ। ਮੈ ਹਮੇਸ਼ਾ ਮਾਂ ਨੂੰ ਪਿਆਰ ਕੀਤਾ ਤੇ ਉਹਨਾਂ ਹੀ ਬਾਪੂ ਜੀ ਨੂੰ..ਮੇਰੇ ਕਰਕੇ ਉਹਨਾਂ ਦੀ ਇੱਜਤ ਨਾ ਖਰਾਬ ਹੋ ਤਾਂ ਕਰਕੇ ਮੈ ਪੜ੍ਹਾਈ ਵੀ ਅਧੂਰੀ ਹੀ ਕੀਤੀ। ਮੈਂ ਬਾਰਾਂ ਪੜ੍ਹੀ ਹਾਂ ਤੇ ਉਹ ਜਿਹੜੀ ਥਾਂ ਸੀ ਉਹ ਕੁੜੀਆ ਵਾਲੀ ਸੀ ਜਿੱਥੇ ਮੇਰਾ ਕਿਸੇ ਮੁੰਡੇ ਨਾਲ ਮੇਲ ਨਹੀਂ ਸੀ। ਮੈ ਖੁਸ਼ ਸੀ ਉਸ ਵਕਤ ਜਦੋਂ ਪੜ੍ਹਦੀ ਹੁੰਦੀ ਸੀ। ਮੈਨੂੰ ਚਿੱਤਰਕਾਰੀ ਤੇ ਲਿਖਣ ਦਾ ਵੀ ਬਹੁਤ ਸ਼ੌਕ ਸੀ। ਮੈ ਆਪਣੇ ਆਪ ਵਿੱਚ ਮਗਨ ਰਹਿੰਦੀ ਸੀ। ਮੇਰਾ ਰੱਬ ਜਦੋਂ ਮੇਰੇ ਨਾਲ ਹੁੰਦਾ ਉਸ ਵਕਤ ਮੈਂ ਖੂਬ ਖਿੱਲ ਉੱਠਦੀ ਸੀ। ਮੈਂ ਆਪਣੇ ਵਕਤ ਨੂੰ ਸਮਝਦੀ ਸੀ।

ਹੌਲੀ ਹੌਲੀ ਦਿਨ ਬੀਤਦੇ ਗਏ ਤੇ ਮੈ ਦਿਨਾਂ ਨੂੰ ਬਦਲ ਕੇ ਰੱਬ ਨਾਲ ਹੋਰ ਗੂੜ੍ਹੀ ਜੁੜਦੀ ਗਈ। ਮੈ ਹਰ ਐਤਵਾਰ ਰੱਬ ਘਰ ਜਾਂਦੀ ਸੀ। ਜੋ ਬਾਕੀ ਦਿਨ ਹੁੰਦੇ ਸੀ ਉਹ ਦਿਨ ਮੈ ਘਰ ਰਹਿ ਕੇ ਪਾਠ ਕਰਦੀ ਸੀ। ਮੇਰਾ ਮਨ ਬਿਲਕੁੱਲ ਸ਼ਾਂਤ ਰਹਿੰਦਾ ਸੀ। ਮੈ ਆਪਣੇ ਬਾਪੂ ਦੀ ਪੱਗ ਕਦੇ ਨਾ ਰੋਲਣੀ ਚਾਹੀ। ਮੈ ਭਾਵੇਂ ਉਹਨਾਂ ਨਜਰਾਂ ਤੋਂ ਦੂਰ ਹਾਂ ਪਰ ਹਾਂ ਉਹਨਾਂ ਦੀ ਅੱਖ ਦਾ ਤਾਰਾ। ਉਹ ਮੈਨੂੰ ਬਹੁਤ ਪਿਆਰ ਕਰਦੇ ਹਨ ਤੇ ਮੇਰੀ ਖੁਸ਼ੀ ਨੂੰ ਵਧੇਰੇ ਸਮਝਦੇ ਹਨ। ਅੱਜ ਵੀ ਮੈਨੂੰ ਉਹ ਰਿਸ਼ਤੇ ਆਉਂਦੇ ਹਨ ਜੋ ਮੈਨੂੰ ਘੱਟ ਉਮਰੇ ਵੀ ਆਉਂਦੇ ਰਹੇ। ਮੇਰਾ ਜਵਾਬ ਅੱਜ ਵੀ ਨਾ ਵਿੱਚ ਹੀ ਹੈ। ਮੇਰਾ ਮਨ ਬਿਲਕੁੱਲ ਨਹੀਂ ਹੈ ਕਿ ਮੈ ਕਿਸੇ ਸੰਗ ਲੱਗ ਕੇ ਜਿੰਦਗੀ ਪੂਰੀ ਕਰਾਂ। ਮੇਰੀ ਮਾਂ ਮੇਰਾ ਰੱਬ ਮੇਰੇ ਬਾਪੂ ਜੀ ਮੇਰਾ ਸਬ ਨੇ ਤੇ ਮੈ ਉਹਨਾਂ ਨੂੰ ਛੱਡਣਾ ਨਹੀਂ ਚਾਉਂਦੀ।

# ਜ਼ਿੰਦਗੀ ਦੀ ਰਵਾਨੀ



ਕਈ ਵਾਰ ਸਾਡੇ ਨਾਲ ਕੋਈ ਮਾੜਾ ਵਿਹਾਰ ਕਰਦਾ ਹੈ ਜਾਂ ਸਾਡਾ ਹੱਕ ਖੋਂਹਦਾ ਹੈ, ਤਾਂ ਮਨ ਬੜਾ ਦੁੱਖੀ ਹੁੰਦਾ ਹੈ। ਕਈ-ਕਈ ਦਿਨ ਕੋਈ ਗੱਲ ? ਮਨ ਵਿੱਚੋਂ ਨਿਕਲਦੀ ਹੀ ਨਹੀਂ, ਪਰ ਫਿਰ ਵੀ ਹੌਂਸਲਾ ਕਰਕੇ ਸਭ ਦੇ ਸਾਹਮਣੇ ਆਪਣੇ ਆਪ ਨੂੰ ਚੰਗਾ ਮਹਿਸੂਸ ਕਰਵਾਉਣਾ ਪੈਂਦਾ ਹੈ। ਸਾਨੂੰ ਪਤਾ ਵੀ ਹੁੰਦਾ ਹੈ ਕਿ ਸਾਹਮਣੇ ਵਾਲੇ ਨੇ ਸਾਡੇ ਨਾਲ ਇਹ ਬੇਈਮਾਨੀ ਕੀਤੀ ਹੈ। ਸਾਡਾ ਹੱਕ ਹੜੱਪਿਆ ਹੈ, ਪਰ ਖੁਸ਼ ਹੋ ਕੇ ਮਿਲਣਾ ਹੀ ਪੈਂਦਾ ਹੈ। ਤੁਹਾਡੀ ਖੁਸ਼ੀ ਹੀ ਤੁਹਾਡੀ ਤਾਕਤ ਬਣਦੀ ਹੈ। ਤੁਹਾਡੀ ਨੇਕ ਨੀਅਤ ਨੂੰ ਭਾਗ ਜ਼ਰੂਰ ਲੱਗਦੇ ਹਨ।

ਮਨ ਦੀਆਂ ਵੱਖ-ਵੱਖ ਅਵਸਥਾਵਾਂ ਨੂੰ ਸਹਿਣਾ ਅਤੇ ਸਮਝਣਾ ਪੈਂਦਾ ਹੈ। ਇਹਨਾਂ ਭਾਵਨਾਵਾਂ ਨੂੰ ਸਮਝਣ ਲਈ ਸਹਿਜ ਅਤੇ ਹਿੰਮਤ ਦੀ ਬਹੁਤ ਜ਼ਰੂਰਤ ਹੁੰਦੀ ਹੈ। ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ "ਜੋਂ ਜਰ ਗਿਆ, ਸੋ ਤਰ ਗਿਆ।" ਹਲਾਤਾਂ ਨਾਲ ਸਮਝੌਤਾ ਕਰਨਾ ਹੀ ਪੈਂਦਾ ਹੈ। ਪੈਰ-ਪੈਰ 'ਤੇ ਹਿੰਮਤ ਕੋਲੋਂ ਕੰਮ ਲੈਣਾ ਪੈਂਦਾ ਹੈ। ਜ਼ਿੰਦਗੀ ਨੂੰ ਅੱਗੇ ਵਧਾਉਣਾ ਪੈਂਦਾ ਹੈ। ਵਕਤ ਤੋਂ ਵੱਡਾ ਕੋਈ ਨਹੀਂ ਹੈ। ਜੇਕਰ ਇਹ ਸੋਚਾਂਗੇ ਕਿ ਅੱਜ ਵਕਤ ਮੇਰਾ ਨਹੀਂ ਸੀ, ਤਾਂ ਆਪਣੇ-ਆਪ ਨੂੰ ਸੌਖਿਆ ਅਸੀਂ ਆਪ ਹੀ ਕਰ ਸਕਾਂਗੇ। ਆਪਣੇ ਆਪ ਦਾ ਵੀ ਖਿਆਲ ਜ਼ਰੂਰ ਰੱਖੋ ਅਤੇ ਇਹ ਤੁਹਾਡਾ ਸਰੀਰ ਅਤੇ ਤੁਹਾਡੀ ਜ਼ਿੰਦਗੀ ਹੈ। ਇਸ ਨੂੰ ਖੂਬਸੂਰਤ ਅਤੇ ਵਧੀਆ ਬਣਾਉਣ ਲਈ ਹਿੰਮਤ ਅਤੇ ਮਿਹਨਤ ਆਪ ਹੀ ਕਰਨੀ ਪੈਂਦੀ ਹੈ।

ਕਲ੍ਹ ਨੂੰ ਇਹੀ ਵਕਤ ਸਾਡਾ ਵੀ ਹੋ ਸਕਦਾ ਹੈ। ਸਮੇਂ ਦਾ ਚੱਕਰਵਿਊ ਚੱਲਦਾ ਹੀ ਰਹਿੰਦਾ ਹੈ। ਇਸ ਨੂੰ ਨਾ ਤਾਂ ਅਸੀਂ ਰੋਕ ਸਕਦੇ ਹਾਂ ਅਤੇ ਨਾ ਹੀ ਆਪਣੀ ਮਰਜ਼ੀ ਅਨੁਸਾਰ ਬਦਲ ਸਕਦੇ ਹਾਂ। ਸਿਰਫ਼ ਸਬਰ ਅਤੇ ਮਿਹਨਤ ਹੀ ਕਰ ਸਕਦੇ ਹਾਂ, ਇਹਨਾਂ ਦੋ ਗੱਲਾਂ ਸਦਕਾ ਹੀ ਆਪਣੀ ਕਿਸਮਤ ਬਦਲ ਸਕਦੇ ਹਾਂ। ਕਾਮਯਾਬੀ ਦੀ



ਪਰਵੀਨ ਕੌਰ ਸਿੱਧੂ
8146536200

ਪਰਿਭਾਸ਼ਾ ਸਭ ਲਈ ਵੱਖਰੀ ਵੱਖਰੀ ਹੁੰਦੀ ਹੈ। ਜ਼ਿੰਦਗੀ ਵਿੱਚ ਸੰਘਰਸ਼ ਸਭ ਨੂੰ ਹੀ ਕਰਨਾ ਪੈਂਦਾ ਹੈ। ਹਰੇਕ ਦਾ ਸੰਘਰਸ਼ ਉਸਦੇ ਹਲਾਤਾਂ ਅਤੇ ਕੋਲ ? ਰਹਿੰਦੇ ਲੋਕਾਂ ਦੀ ਸੋਚ ਅਤੇ ਸਮਝ ਮੁਤਾਬਕ ਵੀ ਹੋ ਸਕਦਾ ਹੈ। ਆਪਣੇ ਆਪ ਦੇ ਆਪੇ ਹੀ ਦੋਸਤ ਬਣ ਕੇ ਖ਼ੁਦ ਨੂੰ ਆਪ ਸਾਂਭਣਾ ਪੈਂਦਾ ਹੈ।

ਤਬਾਹੀ ਦਾ ਕੀ ਹੈ ? ਇਹ ਤਾਂ ਕਦੀ ਵੀ, ਕਿਤੇ ਵੀ ਹੋ ਸਕਦੀ ਹੈ। ਮਾੜਾ ਵਿਹਾਰ ਕਰਨ ਵਾਲੇ ਕਈ ਕੁਝ ਸਿਖਾ ਦਿੰਦੇ ਹਨ ਅਤੇ ਚੰਗਾ ਵਿਹਾਰ ਕਰਨ ਵਾਲੇ ਸਮਝਾ ਜਾਂਦੇ ਹਨ। ਜ਼ਿੰਦਗੀ ਵਿਚ ਗੱਲ ਸਿਰਫ ਸਮਝਣ ਦੀ ਹੀ ਹੈ। ਜਿਸ ਨੇ ਮਨ ਨੂੰ ਸਮਝਾ ਲਿਆ, ਸਮਝੋ ਕਿ ਉਹੀ ਆਪਣੇ ਮੁਕੱਦਰ ਦਾ ਬਾਦਸ਼ਾਹ ਬਣ ਗਏ। ਇਨਸਾਨ ਦਾ ਵਿਹਾਰ ਕਈ ਪੜਾਵਾਂ ਨੂੰ ਪਾਰ ਕਰਦਿਆਂ ਬਣਦਾ ਹੈ। ਉਸ ਦੇ ਵਿਹਾਰ ਤੋਂ ਹੀ ਲੱਗਭਗ ਉਸ ਦੇ ਜੀਵਨ ਦਾ ਸਾਰ ਕੱਢਿਆ ਜਾ ਸਕਦਾ ਹੈ।

ਮਾੜਿਆਂ ਨਾਲ ਮਾੜਾ ਨਹੀਂ ਬਣਿਆ ਜਾ ਸਕਦਾ। ਮਨ ਸੋਚਦਾ ਹੈ ਕਿ ਜੇਕਰ ਮੈਂ ਵੀ ਉਸ ਨਾਲ ਮਾੜਾ ਵਿਹਾਰ ਹੀ ਕੀਤਾ, ਤਾਂ ਫਿਰ ਉਸ ਵਿੱਚ ਅਤੇ ਮੇਰੇ ਵਿਚ ਕੀ ਫ਼ਰਕ ਹੋਇਆ। ਦੁਨੀਆਦਾਰੀ ਵਿੱਚ ਰਹਿੰਦਿਆਂ ਬੜਾ ਕੁਝ ਅੱਖੋਂ ਪਰੋਖੇ ਕਰਨਾ ਹੀ ਪੈਂਦਾ ਹੈ। ਉਂਝ ਤਾਂ ਘੜੀ ਪਲ ? ਲੰਘਾਉਣਾ ਵੀ ਮੁਸ਼ਕਲ ਹੋ ਜਾਂਦਾ ਹੈ। ਸੋ ਆਪਣੀ ਚੰਗੀ ਸੋਚ ਅਤੇ ਸਮਝ ਨਾਲ ਚਲਦੇ ਰਹਿਣਾ ਹੀ ਜ਼ਿੰਦਗੀ ਦੀ ਰਵਾਨੀ ਹੈ। ਰੁਕੇ ਪਾਣੀਆਂ ਨੂੰ ਯੋਜਨਾਬੱਧ ਤਰੀਕੇ ਨਾਲ ਨਾ ਵਰਤਿਆ ਜਾਵੇ ਤਾਂ ਉਸ ਦੀ ਅਹਿਮੀਅਤ ਵੀ ਖ਼ਤਮ ਹੋ ਜਾਂਦੀ ਹੈ। ਇਸੇ ਪਾਣੀ 'ਤੇ ਬੰਨ੍ਹ ਲਾ ਕੇ ? ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਜਿਸ ਨਾਲ ਰੌਸ਼ਨੀ ਵੀ ਪਸਰਦੀ ਹੈ ਅਤੇ ਵਿਕਾਸ ਵੀ ਚਲਦਾ ਹੈ। ਇਸ ਕਰਕੇ ਜ਼ਿੰਦਗੀ ਨੂੰ ਰੁਕਣ ਨਹੀਂ ਦੇਣਾ ਚਾਹੀਦਾ। ਸਦਾ ਚਲਦੇ ਰਹਿਣਾ ਚਾਹੀਦਾ ਹੈ।

ਰੁਕਿਆ ਪਾਣੀ ਬਦਬੂ ਮਾਰਨ ਲੱਗ ਜਾਂਦਾ ਹੈ। ਇਵੇਂ ਹੀ ਜਦੋਂ ਨਵਾਂ ਤੇ ਵੱਖਰਾ ਸੋਚਣਾ ਬੰਦ ਕਰ ਦੇਵਾਗੇ ਤਾਂ ਜ਼ਿੰਦਗੀ ਦੀ ਸੋਚ ਰੁਕ ਜਾਵੇਗੀ। ਇਸ ਸੌੜੀ ਸੋਚ ਕਰਕੇ ਮਨ ਤਣਾਅ ਵਿੱਚ ਰਹਿਦਾ ਹੈ। ਮਨੁੱਖ ਮਾਨਸਿਕ ਪ੍ਰੇਸ਼ਾਨੀਆਂ ਵਿਚ ਘਿਰ ਕੇ ? ਬਿਮਾਰ ਵੀ ਪੈ ? ਸਕਦਾ ਹੈ। ਸੋ ਜ਼ਿੰਦਗੀ ਦੀ ਵੀ ਇਹੀ ਪਰਿਭਾਸ਼ਾ ਹੈ ਕਿ ਰਵਾਨੀ ਬਹੁਤ ਜ਼ਰੂਰੀ ਹੈ ਫਿਰ ਚਾਹੇ ਉਹ ਵਿਚਾਰਾਂ ਵਿਚ ਹੋਵੇ ਜਾਂ ਜ਼ਿੰਦਗੀ ਜੀਣ ਵਿਚ ਹੋਵੇ। ਸਦਾ ਨਵਾਂ ਸਿੱਖਣ ਦੇ ਚਾਹਵਾਨ ਰਹੋ ਦੋਸਤੋ ! ਹੱਸਦੇ ਵੱਸਦੇ ਚਲਦੇ ਰਹੋ ਪਿਆਰਿਓ !!!

# ਜਾਗਰੂਕਤਾ ਰੈਲੀ

ਸਰਕਾਰੀ ਸਕੂਲਾਂ 'ਚ ਘਟ ਰਹੀ ਵਿਦਿਆਰਥੀਆਂ ਦੀ ਗਿਣਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਵਲੋਂ ਸਕੂਲੀ ਅਧਿਆਪਕਾਂ ਨੂੰ ਦਾਖਲੇ ਵਧਾਉਣ ਸੰਬੰਧੀ ਸਖ਼ਤ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਸਰਕਾਰੀ ਹੁਕਮਾਂ ਨੂੰ ਮੰਨਦਿਆਂ ਅਧਿਆਪਕਾਂ ਵਲੋਂ ਦਾਖਲੇ ਵਧਾਉਣ ਸੰਬੰਧੀ ਜਾਗਰੂਕਤਾ ਰੈਲੀ ਕੱਢੀ ਜਾ ਰਹੀ ਸੀ। ਇਲਾਕੇ ਦੇ ਕਈ ਸਰਕਾਰੀ ਸਕੂਲਾਂ ਦੇ ਅਧਿਆਪਕ ਹਿੱਸਾ ਲੈ ਰਹੇ ਸਨ। ਬਾਕਾਇਦਾ ਬੱਚਿਆਂ ਦੇ ਹੱਥ 'ਦਾਖਲੇ' ਸੰਬੰਧੀ ਜਾਗਰੂਕ ਕਰਦੇ ਮਾਟੋ ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਇਲਾਕੇ ਦੇ ਵੱਖ-ਵੱਖ ਪਿੰਡਾਂ 'ਚੋਂ ਦੀ ਹੁੰਦੀ ਹੋਈ ਰੈਲੀ ਆਖਰੀ ਪੜਾਅ 'ਤੇ ਪੁੱਜੀ। ਸਟੇਜ 'ਤੇ ਵੱਖ-ਵੱਖ ਅਧਿਆਪਕਾਂ ਨੇ ਵਾਰੋ-ਵਾਰੀ ਦਾਖਲੇ ਸੰਬੰਧੀ ਆਪਣੇ ਵਿਚਾਰ ਰੱਖਦਿਆਂ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਵਜ਼ੀਫਿਆਂ ਆਦਿ 'ਤੇ ਚਾਨਣਾ ਪਾਇਆ। ਅੰਤ ਪਿੰਡ ਦੇ ਮੌਜੂਦਾ ਸਰਪੰਚ ਨੇ ਸਰਕਾਰ ਅਤੇ ਅਧਿਆਪਕਾਂ ਦੇ ਇਸ 'ਉੱਦਮੀ ਉਪਰਾਲੇ' ਦੀ ਸ਼ਲਾਘਾ ਅਤੇ ਧੰਨਵਾਦ



ਕਰਦਿਆਂ ਕਿਹਾ, 'ਭੈਣੋਂ ਅਤੇ ਭਰਾਓ, ਸਾਨੂੰ ਇਸ ਜਾਗਰੂਕਤਾ ਰੈਲੀ 'ਤੇ ਅਮਲ ਕਰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਹੀ ਪੜ੍ਹਾਉਣੇ ਚਾਹੀਦੇ ਨੇ ਕਿਉਂਕਿ ਜਿੰਨੇ ਵੀ ਇਸ ਰੈਲੀ ਵਿਚ ਅਧਿਆਪਕ ਭਾਗ ਲੈ ਪ੍ਰੇਰਨਾ ਦੇ ਰਹੇ ਨੇ, ਸਭ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਹੀ ਪੜ੍ਹਦੇ ਨੇ ? ਸਰਪੰਚ ਅਧਿਆਪਕਾਂ ਨੂੰ ਮੁਖਾਤਿਬ ਹੋਇਆ, ਅਧਿਆਪਕਾਂ ਵਿਚ ਹੁਣ ਘੁਸਰ-ਮੁਸਰ ਹੋ ਚੁੱਕੀ ਸੀ।

-ਜਸਬੀਰ ਦੱਧਾਹੂਰ



## ਸੁਪਨਿਆ ਦੀ ਉਡਾਣ

ਮੈਨੂੰ ਯਾਦ ਹੈ, ਜਦ ਬਾਲੜੀ ਉਮਰੇ ਲਿਖਣਾ ਸ਼ੁਰੂ ਕੀਤਾ ਸੀ।
ਇਸ਼ਕ ਵਿਸ਼ਕ ਤਾਂ ਨਹੀਂ ਕਹਿ ਸਕਦੇ,
ਕੁਝ ਕੁ ਕਿਤਾਬਾਂ ਚੋ ਪੜ, ਕੁਝ ਚਾਚੇ ਦੇ ਫੋਨ ਸੁਨੇਹੇਇਆ 'ਚ ਇਕੱਠਾ ਕੀਤਾ ਸੀ।
ਮੈਂ ਓਹ ਫਟੀ ਹੋਈ ਕਾਪੀ, ਯਾਦ ਆਹ ਮੇਨੂ ਅੱਜ ਵੀ ਜੋ
ਭਰੀਆ ਕਾਪੀਆ ਦੇ ਬਚੇ ਸਫ਼ਿਆਂ ਤੋਂ ਬਣਾਈ ਸੀ।
ਲਾਲ ਲੀਰ ਨਾਲ ਜੋੜ ਮੈਂ, ਆਵਦੀ ਪਹਿਲੀ ਕਲਮ ਓਹਦੇ ਤੇ ਚਲਾਈ ਸੀ।
ਅਕਸਰ ਦਿਲ ਨੂੰ ਜਚਦੇ ਸ਼ੇਅਰ ਮੈਂ ਉਸ ਤੇ ਜਚਾਉਂਦੀ ਹੁੰਦੀ ਸੀ।
ਡੈਡੀ ਨੂੰ ਨਾਂ ਪਤਾ ਲੱਗ ਜੇ,
ਮੈਂ ਉਹ ਕਾਪੀ ਬੀਬੀ ਦੇ ਕਮਰੇ ਚ ਲੱਕੜ ਦੇ ਟਰੰਕ ਚ ਲਕੋਉਂਦੀ ਹੁੰਦੀ ਸੀ।
ਹੋਲੀ ਹੋਲੀ ਮੋਹ ਇਨ੍ਹਾਂ ਰਾਹਾਂ ਨਾਲ ਪੈ ਗਿਆ।
ਸਕੂਲ ਚ ਕਵਿਤਾਵਾਂ ਬੋਲ ਝਾਕਾ ਡੈਡੀ ਅੱਗੋਂ ਵੀ ਲਹਿ ਗਿਆ।
ਡਰਦੀ ਡਰਦੀ ਨੇ ਜਦ ਪਹਿਲੀ ਵਾਰ ਹਿੱਸਾ ਕਾਲਜ ਸਮੇ ਟੈਲੇਂਟ ਹੰਟ ਚ ਲੀਤਾ ਸੀ।
ਓਹ ਦਿਨ ਅੱਜ ਵੀ ਨਹੀਂ ਭੁਲਦਾ, ਜਦੋ ਮੈਡਲ ਲਿਆ, ਮੈਂ ਬਾਪੂ ਹੱਥ ਦਿਤਾ ਸੀ।
ਬਾਪੂ ਨੇ ਵੀ ਬੇਖੌਫ ਹੋ ਲਿਖਣ ਦੀ ਖੁੱਲ ਦੇ ਦਿੱਤੀ ਸੀ।
ਮੇਰੀ ਕਲਮ ਨੇ ਵੀ ਚੁੱਪ ਤੋੜੀ, ਜੋ ਸ਼ੁਰੂ ਸ਼ੁਰੂ ਚ ਜ਼ੁਬਾਨ ਉਹਦੀ ਮੈਂ ਹੀ ਸੀਤੀ ਸੀ।
ਅੱਜ ਹਰ ਰੰਗ ਨੂੰ ਮੈਂ ਆਵਦੇ ਢੰਗ ਨਾਲ ਮਾਣਦੀ ਹਾਂ।
ਸਮਾਜ, ਧਰਮ, ਇਸ਼ਕ ਚ ਆਵਦੀ ਕਲਮ ਨੂੰ ਨਿਹਾਰਦੀ ਹਾਂ।
ਅਜਾਦ ਜੰਮਪਲ, ਅਜਾਦ ਸੋਚ ਵਾਲੀ ਹੋ ਗਈ ਆ।
ਛੋਟੀ ਜਿਹੀ ਜ਼ਿੰਦਗੀ ਚ ਸਫਰ ਸੋਹਣਾ ਛੋ ਗਈ ਹਾਂ।



ਸਿਮਰਜੀਤ ਕੌਰ
9781491600

## ਫ਼ਸਲ ਤੇ ਮਾਰ ਪੈ ਜਾਂਦੀ

ਦਿਲ ਦੀ ਗੱਲ ਜੱਟਾਂ ਦੀ ਦਿਲ ਵਿੱਚ ਰਹਿ ਜਾਂਦੀ
ਮਾਰ ਕਸੂਤੀ ਗੜਿਆਂ ਦੀ ਜਦ ਫਸਲ ਤੇ ਪੈਂ ਜਾਂਦੀ
ਦਿਲ ਦੀ ਗੱਲ ਦਿਲ ਵਿੱਚ ਰਹਿ ਜਾਂਦੀ ਮਾਰ ਕਸੂਤੀ ਪੈ ਜਾਂਦੀ

ਪੁੱਤਾਂ ਵਾਂਗੂ ਪਾਲੀਆਂ ਫਸਲਾਂ ਜੋਬਨ ਤੇ ਆਈਆਂ
ਫਿਰ ਗਿਆ ਪਾਣੀ ਸਭਨਾਂ ਤੇ ਆਸਾਂ ਜੋ ਲਾਈਆਂ
ਧੀ ਲਈ ਦਾਜ ਲਿਆਉਣਾ ਸੀ ਫਿਰ ਢੇਰੀ ਢਹਿ ਜਾਂਦੀ
ਦਿਲ ਦੀ ਗੱਲ ਦਿਲ ਵਿਚ ਰਹਿ ਜਾਂਦੀ ...

ਕੀੜੇ ਮਾਰ ਦਵਾਈਆਂ ਬੀਜ ਖਾਦਾਂ ਜੋ ਪਾਈਆਂ
ਬੈਂਕ ਆੜਤੀਆ ਕੋਲ ਜ਼ਮੀਨਾਂ ਗਹਿਣੇ ਨੇ ਪਾਈਆਂ
ਖੁਦਕੁਸ਼ੀਆਂ ਦਾ ਕਾਰਨ ਜੱਟ ਨੂੰ ਪੁੱਠੀ ਪੈ ਜਾਂਦੀ
ਦਿਲ ਦੀ ਗੱਲ ਦਿਲ ਵਿੱਚ ਰਹਿ ਜਾਂਦੀ....

ਮੌਕੇ ਦੀਆਂ ਸਰਕਾਰਾਂ ਵੀ ਤਾਂ ਡੰਗ ਟਪਾਉਂਦੀਆਂ ਨੇ
ਉਂਝ ਖਰਾਬਾ ਦੇਣਾ ਪੱਲੇ ਕੱਖ ਨਾ ਪਾਉਂਦੀਆਂ ਨੇ
ਉੱਤੋਂ ਸਾਡੇ ਆੜਤੀਏ ਦੀ ਬੇੜੀ ਬਹਿ ਜਾਂਦੀ
ਦਿਲ ਦੀ ਗੱਲ ਦਿਲ ਵਿੱਚ ਰਹਿ ਜਾਂਦੀ ...


ਦਲਬੀਰ ਅੱਜ-ਕੱਲ੍ਹ ਜੱਟ ਜ਼ਮੀਨਾਂ ਦੇ ਤੋਤੇ ਉੱਡ ਗਏ ਨੇ
ਅੰਨਦਾਤੇ ਦੇ ਦੁਸ਼ਮਣ ਦੇ ਦਿਨ ਹੁਣ ਪੁੱਗ ਗਏ ਨੇ
ਪ੍ਰਧਾਨ ਮੰਤਰੀ ਦੀ ਕੁਰਸੀ ਹੁਣ ਜੱਟਾਂ ਨਾਲ ਖਹਿ ਜਾਂਦੀ
ਦਿਲ ਦੀ ਗੱਲ ਦਿਲ ਵਿੱਚ ਰਹਿ ਜਾਂਦੀ ਮਾਰ ਕਸੂਤੀ ਪੈ ਜਾਂਦੀ ...



ਦਲਬੀਰ ਸਿੰਘ ਕਲੇਰ
84277 13819

## ਬੋਤਲ ਅਤੇ ਬੰਦਾ

ਸ਼ਾਮ ਦੇ ਸੱਤ ਵਜੇ
ਅਹਾਤੇ 'ਚ ਬੈਠਾ ਬੰਦਾ
ਬੋਤਲ ਨਾਲ ਖਹਿਬੜ ਪਿਆ!
ਕਹਿੰਦਾ ਅੱਜ ਮੈਂ ਤੈਨੂੰ ਸਾਰੀ ਨੂੰ
ਇੱਕੋ ਡੀਕ 'ਚ ਪੀ ਜੂੰ!
ਬੋਤਲ ਬੋਲੀ ਦੇਖਦੇ ਹਾਂ
ਕੌਣ ਕੀਹਨੂੰ ਪੀਂਦਾ!
ਬੰਦੇ ਨੇ ਚੱਕੀ ਬੋਤਲ
ਇਕੋ ਡੀਕ 'ਚ ਸਾਰੀ ਪੀ ਗਿਆ
ਤੇ ਮੁੱਛਾਂ 'ਤੇ ਤਾਅ ਦੇ ਕੇ ਕਹਿੰਦਾ
ਹੁਣ ਦੱਸ!
ਖ਼ਾਲੀ ਹੋਈ ਬੋਤਲ ਨੇ ਪੁੱਛਿਆ
ਕੀ ਕੁਝ ਪੀ ਗਿਆ?
ਬੰਦਾ ਕਹਿੰਦਾ ਤੈਨੂੰ ਸਾਰੀ ਨੂੰ ਪੀ ਗਿਆ
ਸਾਰੇ ਦਿਨ ਦੀ ਥਕਾਵਟ ਪੀ ਗਿਆ
ਸਾਰੇ ਦਰਦ ਪੀ ਗਿਆ
ਤੇ ਸਾਰੀਆਂ ਹੁਸਨ ਪਰੀਆਂ ਦਾ
ਹੁਸਨ ਵੀ ਪੀ ਗਿਆ
ਤੇ ਕਹਿੰਦਾ
ਹੁਣ ਤੇਰੀ ਵਾਰੀ!
ਬੋਤਲ ਹੱਸੀ
ਉੱਚੀ ਉੱਚੀ ਹੱਸੀ
ਤੇ ਬੋਲੀ ਸੁਣ ਫੇਰ
ਤੇਰੇ ਬੱਚਿਆਂ ਦੀ ਤੋਤਲੀ ਬੋਲੀ
ਤੇਰੀ ਮਹਾਰਾਣੀ ਦਾ ਹੁਸਨ ਰੀਝਾਂ ਤੇ ਸੱਧਰਾਂ
ਤੇਰੀ ਸਾਰੀ ਜਵਾਨੀ
ਤੇਰੇ ਬੁੱਢੇ ਮਾਂ ਬਾਪ ਦਾ ਬੁਢਾਪਾ
ਤੇਰੇ ਆਂਢ ਗੁਆਂਢ ਦਾ ਸੁੱਖ-ਚੈਨ, ਨੀਂਦ
ਤੇ ਤੇਰਾ ਸਾਰਾ ਪੰਜਾਬ ਪੀ ਗਈ!
ਤੇ ਜਿਹੜੇ ਚਾਰ ਕਿੱਲਿਆਂ ਕਰਕੇ
ਤੇਰੀ ਧੌਣ 'ਚ ਕਿੱਲਾ
ਉਹ ਵੀ ਮੇਰੇ ਹੀ ਢੱਕਣ ਹੇਠਾਂ!
ਚੱਲ ਉੱਠ ਮੇਰਾ ਪੁੱਤ
ਹਨੇਰਾ ਬਹੁਤ ਹੋ ਗਿਆ
ਹੁਣ ਘਰ ਨੂੰ ਜਾ!



ਵਿਰਕ ਪੁਸ਼ਪਿੰਦਰ

## ਕਿਸਾਨ ਦੀ ਅਰਜ਼

ਅੱਸੂ,ਕੱਤੇ ਨੂੰ ਵਾਹ ਕੇ ਪੈਲੀ,
ਪੱਧਰੀ ਕਰ ਫਿਰ ਰੌਣੀ ਕੀਤੀ।
ਮਿੱਟੀ ਨਾਲ ਮਿੱਟੀ ਹੋ ਕੇ ਮੈਂ,
ਬਹੁਤ ਸ਼ਿੰਗਾਰੀ, ਉੱਜਵਲ ਕੀਤੀ।

ਹੱਥਾਂ ਨਾਲ ਮੈਂ ਕੇਰਾ ਕੀਤਾ,
ਉਂਗਰੇ ਬੀਜਾਂ ਨੂੰ ਮੈਂ,
ਪੋਹ ਦੀਆਂ ਠੰਢੀਆਂ ਰਾਤਾਂ ਨੂੰ,
ਨੱਕੇ ਮੋੜ ਮੈਂ ਸਿੰਜਦਾ ਕੀਤਾ।

ਸਮੇਂ ਸਮੇਂ ਮੈਂ ਬੰਨੇਂ ਬੰਨੇਂ ਜਾਕੇ
ਪੁਚਕਾਰ ਮੈਂ ਬੱਚਿਆਂ ਵਾਂਗੂੰ ਕੀਤਾ।
ਲਹਿਲਹਾਉਂਦੀਆਂ ਫਸਲਾਂ ਨੂੰ ਵੇਖ ਕੇ,
ਸੁਪਨਿਆਂ ਨੂੰ ਸੱਚ ਕਰਾਉਣ ਦਾ ਹੀਆ ਕੀਤਾ।

ਬੱਚਿਆਂ ਨੂੰ ਸੋਹਣੇ ਕੱਪੜੇ ਲੈ ਦੇਣੇ,
ਨਾਲ ਸਕੂਟਰ ਲੈ ਕੇ ਵਧੀਆ,
ਛੱਡਣ ਰੋਜ਼ ਸਕੂਲੇ ਜਾਣਾ।
ਪਰ ਇਹ ਛੱਡ ਹੁਣ ਵਰਤਿਆ ਭਾਣਾਂ ,
ਤੇਜ਼ ਹਵਾਵਾਂ, ਨਾਲ ਬੇਮੌਸਮੀ ਵਰਖਾ,
ਗੜਿਆਂ ਨੇ ਸਭ ਕੁੱਝ ਫ਼ਨਾਹ ਕਰਤਾ।
ਸੁਪਨੇ ਚੂਰੋ ਚੂਰ ਹੋ ਗਏ,
ਸੱਥਰਾਂ ਦੇ ਸੱਥਰ ਜ਼ਮੀਂ ਤੇ ਵਿਛ ਗਏ।

ਰੋਵਾਂ ਹੁਣ ਬੰਨੇਂ ਬੰਨੇਂ ਜਾਕੇ,
ਰੋਟੀ ਨਾ ਹੁਣ ਸੰਘ ਚੋਂ ਉਤਰੇ।
ਨਾ ਕੋਈ ਦਰਦੀ ਸੁਣਦਾ ਦੁੱਖੜੇ।
ਦੱਸੋ ਹੁਣ ਮੈਂ ਕਿਧਰੇ ਨੂੰ ਜਾਵਾਂ।
ਕਰਜ਼ੇ ਦੀ ਪੰਡ ਹੁਣ ਕਿੱਦਾਂ ਲਾਵਾਂ।



ਸਰਿਤਾ ਦੇਵੀ
(ਪੰਜਾਬੀ ਮਿਸਟ੍ਰੈਸ)

## ਧਰਮ

ਧਰਮ ਦਿਖਾਵੇ ਦਾ ਨਹੀਂ ਹੋਣਾ ਚਾਹੀਦਾ,
ਬੰਦਾ ਹੋਣਾ ਚਾਹੀਦਾ ਸੱਚਾ-ਸੁੱਚਾ ਧਰਮੀ।
ਅੰਮ੍ਰਿਤਾ ਪ੍ਰੀਤਮ ਲਿਖਦੀ ਹੈ ਧਰਮ ਬੰਦੇ ਦੇ ਅੰਦਰ ਹੀ ਰਹਿਣਾ ਚਾਹੀਦਾ,
ਬਾਹਰ ਨਿਕਲਿਆ ਤਾਂ ਪਟਾਰੀ ਵਾਲੇ ਨਾਗ ਵਾਂਗ ਦਿਖਾਵੇ ਗਰਮੀ।

ਸਾਰੇ ਜੀਵ-ਜੰਤ ਜਾਨ-ਬੇਜਾਨ ਰੱਬ ਦੇ ਬਣਾਏ ਹੋਏ,
ਬਾਕੀ ਤਾਂ ਬਣਾਏ ਬੰਦੇ ਨੇ ਸਭ ਅਡੰਬਰ।
ਮਰਦ ਔਰਤ ਦੀ ਜੋੜੀ ਬਣਾਈ, ਖੁਸ਼ੀ ਜੀਵਨ ਜਿਉਣ ਲਈ,
ਲਾਲਚਵਸ ਜੋੜਕੇ ਆਪਣੇ ਮਹਿਲ ਭਰਦਾ,
ਚਾਹੁੰਦਾ ਬਣ ਜਾਵਾਂ ਸਿਕੰਦਰ।

ਸੱਚਾ ਧਰਮੀ ਬੰਦਾ ਰੱਬੀ ਹੁਕਮ 'ਨੁਸਾਰ ਚਲਦਾ,
ਨੇਕ ਕਮਾਈ ਦਾ ਦਸਵੰਧ ਸਮਾਜ ਭਲਾਈ ਤੇ ਲਾਉਂਦਾ।
ਰੱਬ ਦੀ ਖੋਜ ਪਹਿਲਾਂ ਸੀ ਹੋ ਗਈ, ਪਾਖੰਡੀ ਲੋਕਾਂ ਵਹਿਮਾਂ 'ਚ ਪਾਈ ਰੱਖਿਆ,
ਮਾੜੀ ਸੋਚ, ਸਮਾਜ ਕੁਰਾਹੇ ਪਾ ਕੇ, ਆਪ ਵੀ ਰਿਹਾ ਦੁੱਖ ਪਾਉਂਦਾ।

ਖਿੜੇ ਮੱਥੇ ਮਿਲੋ ਸਭ ਨੂੰ ਇਹੀ ਹੈ ਸਭ ਤੋਂ ਵੱਡਾ ਧਰਮ,
ਕਿਸੇ ਪੱਖੋਂ ਨੂੰ ਕਰੋ ਵਿਤਕਰਾ, ਪਰਿਵਾਰ ਦੀ ਵੀ ਕਰੋ ਸੰਭਾਲ।
ਅਰਬਾਂ ਖਰਬਾਂ 'ਚ ਵੀ ਨਾ ਮਿਲ ਸਕਣ, ਰੱਬ ਨੇ ਮੁਫ਼ਤ 'ਚ ਲਾਏ ਭੰਡਾਰ,
ਖੋਜਾਂ ਬਹੁਤ ਸਿਰੇ ਦੀਆਂ ਹੋਗੀਆਂ, ਦਾਤੇ ਦਾ ਥਹੁ ਨ੍ਹੀਂ ਮਿਲਿਆ, ਇਹੀ ਹੈ ਕਮਾਲ।

ਅਮਰਜੀਤ ਸਿੰਘ ਤੂਰ
9878469639



## ਕਵਿਤਾ

ਤੈਨੂੰ ਮਿਲਣ ਲਈ ਅਸਾਂ ਨਾ ਰੱਖੀ ਕੋਈ,ਮੰਗ ਸੀ
ਹੁਣ ਤਾਂ ਜਿੰਦਗੀ ਨੂੰ ਵੀ ਲੱਗ ਗਿਆ, ਜੰਗ ਸੀ।

ਵਗਦੀ ਹਵਾ ਦੇ ਕੋਲੋਂ, ਮੈਂ ਪੁੱਛਿਆ ਹਾਲ ਸੀ ਤੇਰਾ
ਪਤਾ ਲੱਗਾ, ਉਹ ਤਾਂ ਬਾਹਰੋਂ ਹੀ ਗਿਆ ਲੰਘ ਸੀ।

ਸੰਧੂਰੀ ਸ਼ਾਮਾਂ ਆਣ ਜਦੋਂ, ਬੂਹੇ ਨੂੰ ਖੜਕਾਇਆ ਸੀ
ਥੈਲਾ ਤਾਂ ਯਾਦਾਂ ਦਾ, ਬਾਹਰ ਗਿਆ ਓਹ ਟੰਗ ਸੀ।

ਚੜ੍ਹਦੀ ਜਵਾਨੀ ਦੇ ਜੋਸ਼ ਵਿੱਚ, ਹੋਸ਼ ਗੁੰਮ ਹੋਏ ਤੇਰੇ
ਚੜ੍ਹਨਾ ਕਿੱਦਾਂ ਇਸ਼ਕੇ ਦਾ, ਤੈਨੂੰ ਕੋਈ, ਰੰਗ ਸੀ।

ਸਾਗਰ ਨਾਲੋਂ ਨਦੀ ਸੀ ਟੁੱਟੀ, ਨਾਲੇ ਟੁੱਟੇ ਪਰਬਤ
ਔਖੇ ਪੈਂਡਿਆਂ ਵਿੱਚ ਕੋਈ ਨਾ ਚੱਲਿਆ, ਸੰਗ ਸੀ।

ਆਪਣੇ ਆਪ ਤੋਂ ਟੁੱਟੀ ਮੈਂ, ਜਰਦੀ ਰਹੀ ਪਲ ਪਲ
ਉਹ ਵਰਤਦਾ ਰਿਹਾ, ਹਰ ਵਾਰ ਨਵੇਂ ਹੀ ਢੰਗ ਸੀ।

ਕਿਤੇ ਰੋਜ਼ਗਾਰ ਦੀ ਚਿੰਤਾ, ਜਾਂ ਰੋਟੀ ਦੀ ਭੁੱਖ ਸਤਾਵੇ
ਬਿਨ ਬੋਲਿਆਂ ਹੀ, ਬੋਲਚਾਲ ਕੀਤੀ ਉਸ, ਬੰਦ ਸੀ।

ਲੈਂਦੀ ਗੁਜ਼ਾਰ ਜੀਵਨ ਸਾਰਾ ਫੁੱਲਾਂ ਜਿਹੇ ਸੱਜਣਾਂ ਸੰਗ
ਸੋਚਾਂ ਦਾ ਦਾਇਰਾ ਜੇਕਰ ਹੋਇਆ ਨਾ ਹੁੰਦਾ ਤੰਗ ਸੀ।



ਕੁਲਜੀਤ ਕੌਰ ਪਟਿਆਲਾ

## ਦਮਦਮਾ ਸਾਹਿਬ ਦੀ ਵਿਸਾਖੀ

ਆਈ ਵਿਸਾਖੀ ਖੁਸ਼ੀਆਂ ਵਾਲ਼ੀ, ਦਮਦਮਾ ਸਾਹਿਬ ਨੂੰ ਚੱਲੀਏ।
ਤਖ਼ਤ ਸਾਹਿਬ ਚੱਲ ਟੇਕੀਏ ਮੱਥਾ, ਨਾਲ ਸੰਗਤ ਦੇ ਰਲ਼ੀਏ।

ਆਏ ਏਥੇ ਸਨ ਦਸਮ ਪਾਤਸ਼ਾਹ, ਚੱਲ ਕੇ ਢਾਬ ਖਿਦਰਾਣਾ।
ਨੌਂ ਮਹੀਨੇ ਨੌਂ ਦਿਨ ਸਤਿਗੁਰ, ਕੀਤਾ ਇੱਥੇ ਟਿਕਾਣਾ।

ਲੰਮੇ ਸਮੇਂ ਦੇ ਯੁੱਧਾਂ ਪਿੱਛੋਂ, ਕੀਤਾ ਗੁਰ ਬਿਸਰਾਮ।
ਏਸ ਜਗ੍ਹਾ ਨੂੰ ਸਤਿਗੁਰ ਦਿੱਤਾ, ਤਖ਼ਤ ਚੌਥੇ ਦਾ ਨਾਮ।

ਭਾਈ ਡੱਲੇ ਨੂੰ ਦਾਤੇ ਨੇ, ਦਿੱਤੀ ਸੀ ਵਡਿਆਈ।
ਸਿੰਘ ਸਜਾ ਕੇ ਗਲ਼ ਨਾਲ ਲਾਇਆ, ਉਸਦੀ ਪੈਜ ਰਖਾਈ।

ਮੌਜ 'ਚ ਆ ਕੇ ਦਸਮ ਗੁਰੂ ਨੇ, ਕਈ ਕੌਤਕ ਸਨ ਕੀਤੇ।
ਸੰਗਤ ਨੇ ਵੀ ਦਾਤੇ ਕੋਲ਼ੋਂ, ਘੁੱਟ ਅੰਮ੍ਰਿਤ ਦੇ ਪੀਤੇ।

'ਗੁਰੂ ਕਾਸ਼ੀ' ਅਖਵਾਏ ਧਰਤੀ, ਖੁੱਲ੍ਹੇ ਕਈ ਵਿਦਿਆਲੇ।
ਗੁਰ-ਦਾਤੇ ਦੀ ਅਜ਼ਮਤ ਤੋਂ, ਸਭ ਹੁੰਦੇ ਜਾਣ ਨਿਹਾਲੇ।

ਮੇਲੇ ਵਾਲ਼ੇ ਦਿਨਾਂ ਨੂੰ ਏਥੇ, ਲੱਗਣ ਅਜਬ ਬਹਾਰਾਂ।
ਗੁਰ-ਦਰਬਾਰ 'ਚ ਮੱਥਾ ਟੇਕਣ, ਬੰਨ੍ਹਣੀਆਂ ਪੈਣ ਕਤਾਰਾਂ।

ਚੋਜੀ ਪ੍ਰੀਤਮ ਕੋਲੋਂ ਓਹੀ, ਮਨਇੱਛਿਤ ਫ਼ਲ ਪਾਵੇ।
ਸ਼ਰਧਾ ਨਾਲ਼-ਨਾਲ ਕਰੇ, ਤੇ ਸੱਚੇ ਦਿਲੋਂ ਧਿਆਵੇ।

ਸਰਕਸ, ਝੂਲੇ, ਖਾਣ-ਪੀਣ ਦੀਆਂ, ਸਜੀਆਂ ਬਹੁਤ ਦੁਕਾਨਾਂ।
ਲੋਕਾਂ ਦੇ ਇਸ ਅਜਬ ਜਲੌਅ ਨੂੰ, ਖੜ੍ਹ ਕੇ ਵੇਖ ਜਵਾਨਾ।

ਕਿਧਰੇ ਕਵੀ, ਕਵੀਸ਼ਰ ਕਿਧਰੇ, ਢਾਡੀ ਵਾਰਾਂ ਗਾਉਂਦੇ।
ਮੱਲ ਖਾੜੇ ਵਿੱਚ ਦੂਰ ਪਰ੍ਹੇ, ਇੱਕ-ਦੂਜੇ ਨੂੰ ਪਏ ਢਾਹੁੰਦੇ।

ਦਸਮ ਪਿਤਾ ਦੇ ਦਰ ਤੇ ਸਾਰੇ, ਆਓ ਸੀਸ ਝੁਕਾਈਏ!
ਧੰਨ ਗੁਰੂ, ਧੰਨ ਅੰਮ੍ਰਿਤ-ਦਾਤਾ, ਨਾਲ਼ ਰੂਹੀ ਦੇ ਗਾਈਏ।



ਪ੍ਰੋ. ਨਵ ਸੰਗੀਤ ਸਿੰਘ
9417692015

## ਮੱਥੇ ਫੁੱਲੀ

ਮੱਥੇ ਫੁੱਲੀ ਮਾਰੇ ਲਿਸ਼ਕਾਰੇ, ਰੱਬ ਦੀਆਂ ਰੱਖਾਂ ਹੋ ਜਾਂਦੀਆਂ,
ਮੌਸਮ ਲੱਗਦੇ ਨੇ ਪਿਆਰੇ, ਅਸਮਾਨੀ ਗਲਾਂ ਹੋ ਜਾਂਦੀਆਂ,

ਹੋ ਜਾਂਦੇ ਵਾਰੇ ਨਿਆਰੇ ਰੱਬ ਦੀਆਂ ਨਿਆਮਤਾਂ ਹੋ ਜਾਂਦੀਆਂ,
ਬਣ ਜਾਂਦੇ ਨੇ ਮਹਿਲ ਮੁਨਾਰੇ, ਫਿਰ ਸੱਤੇ ਖੈਰਾਂ ਹੋ ਜਾਂਦੀਆਂ,

ਅੱਡੀ ਭੌਂਇ ਨਾ ਫਿਰ ਲਗਦੀ, ਮਸਤ ਬਹਾਰਾਂ ਆ ਜਾਂਦੀਆਂ,
ਖੁਸ਼ੀਆਂ ਦੇ ਹੋ ਜਾਂਦੇ ਨਜਾਰੇ, ਪੌਹ ਬਾਰਾਂ ਫਿਰ ਹੋ ਜਾਂਦੀਆਂ,

ਗੈਰ ਲਾਡ ਲਡਾ ਜਾਂਦੇ, ਸੁੱਖ ਦੀਆਂ ਘੜੀਆਂ ਹੋ ਜਾਂਦੀਆਂ,
ਅੰਨ ਦੇ ਭਰ ਜਾਂਦੇ ਨੇ ਭੰਡਾਰੇ, ਸੱਧਰਾਂ ਪੂਰੀਆਂ ਹੋ ਜਾਂਦੀਆਂ,

ਗੁਜਰੇ ਵੇਲੇ ਭੁੱਲ ਜਾਂਦੇ, ਚਾਵਾਂ ਦੀਆਂ ਪੀਂਘਾ ਪੈ ਜਾਂਦੀਆਂ,
ਮੁੱਠੀ ਚ ਹੋ ਜਾਂਦੇ ਚੰਨ ਸਿਤਾਰੇ, ਮਗਰੂਰੀਆਂ ਹੋ ਜਾਂਦੀਆਂ,

ਬੂਹੇ ਫੁੰਮਣ ਬੰਨ ਹੋ ਜਾਂਦੇ, ਫੁੱਲਾਂ ਦੀਆਂ ਸੇਜਾਂ ਹੋ ਜਾਂਦੀਆਂ,
ਸੈਣੀ ਸਭ ਰੰਗ ਨੇ ਕਰਤਾਰੇ, ਜੱਗ ਤੇ ਸਲਾਮਾਂ ਹੋ ਜਾਂਦੀਆ।

ਸੁਰਿੰਦਰ ਕੌਰ ਸੈਣੀ

## ਕਵਿਤਾ

ਤੂੰ ਦੱਸ ਯਾਰ ਥੁੱਕ ਕੇ ਚੱਟਣ ਚ ਕਾਹਦੀ ਬੱਲੇ-ਬੱਲੇ,
ਜਦ ਖੋਤੀ ਆਉਣੀ ਆ ਮੁੱੜ-ਘਿੜ ਬੋਹੜ ਦੇ ਥੱਲੇ,

ਮੁੱਲ ਤਾਂ ਚੋਖਾ ਮਿਲ ਜਾਂਦਾ ਗੁੱਛੇ ਵਿੱਚ ਅਗੂੰਰਾ ਦਾ
ਪਰ ਕੌਡੀ ਭਾਅ ਨਈ ਪੈਂਦਾ ਜਦ ਹੋਵਣ ਕੱਲੇ-ਕੱਲੇ,

ਬਾਹਲਾ ਨੇੜੇ ਹੁੰਦਾ ਕਹਿੰਦੇ 'ਅੱਤ ਦਾ ਅੰਤ' ਲੋਕੋ
ਵਾਂਗ ਰੇਤ ਦੇ ਕਿਰ ਜਾਂਦਾ ਤੇ ਕੱਖ ਨਾ ਰਹਿੰਦਾ ਪੱਲੇ,

'ਤਲਵਾਰ ਦੇ ਡੂੰਘੇ ਫੱਟ' ਹੋਣ ਤਾਂ ਕਹਿੰਦੇ ਭਰ ਜਾਂਦੇ
ਪਰ ਗੁੱਝੇ ਫੱਟ ਜੁਬਾਨ ਦੇ ਰਹਿਣ ਅੱਲੇ ਦੇ ਅੱਲੇ।

'ਡੁੱਲੇ ਬੇਰਾਂ ਦਾ 'ਹੋਸ਼ੀ' ਅਜੇ ਕੁੱਝ ਨਈ ਵਿਗੜਿਆ'
ਇੱਕ ਦਰ ਹੋ ਜਾਏ ਬੰਦ ਕਾਤਿਬ, ਤਾਂ ਸੋ ਦਰ ਖੁੱਲੇ,



ਪਵਨ 'ਹੋਸ਼ੀ'

## ਗ਼ਜ਼ਲ

ਬੜਾ ਚਲਾਕ ਹੈ ਮਹਿਰਮ ਵਫ਼ਾ ਕਰੇ ਨਾ ਕਰੇ।
ਮਿਲਨ ਦਾ ਆਖ ਰਿਹਾ ਉਹ ਮਗਰ ਮਿਲੇ ਨਾ ਮਿਲੇ।

ਉਹ ਭਾਂਤ - ਭਾਂਤ ਦੀ ਚੂਰੀ ਤੇ ਗਿੱਝ ਗਿਆ ਹੈ ਜਦੋਂ,
ਉਹ ਕੈਦ ਮਾਣ ਰਿਹੈ ਹੁਣ ਉੜੇ,ਉੜੇ ਨਾ ਉੜੇ।

ਇਧਰ ਤਾਂ ਰੋਟੀ ਲਈ ਵੀ ਨੇ ਕਤਲ ਹੁੰਦੇ, ਇਹ ਗੱਲ,
ਵਤਨ ਦਾ ਹਾਲ ਕਹੇ, ਹੁਣ ਵਤਨ ਕਹੇ ਨਾ ਕਹੇ।

ਸਮੇਂ ਦੀ ਮੰਗ ਹੈ ਉਸ ਨੂੰ ਵੀ ਅਪਣੇ ਨਾਲ ਕਰੋ,
ਤੁਸੀਂ ਅਵਾਜ਼ ਲਗਾਵੋ, ਉਹ ਫਿਰ ਰਲੇ ਨਾ ਰਲੇ।

ਮੈਂ ਉਸ ਦੇ ਨੈਣ ਪੜ੍ਹੇ ਨੇ ਤੇ ਸਮਝਿਆ ਹੈ ਇਹੋ,
ਉਹ ਮੈਨੂੰ ਪਿਆਰ ਤਾਂ ਕਰਦੈ, ਚਲੋ ਕਹੇ ਨਾ ਕਹੇ।

ਜੋ ਮਾਪਿਆਂ ਦੇ ਅਖ਼ੀਰੀ ਸਮੇਂ ਵੀ ਆਇਆ ਨਹੀਂ,
ਪਰਾਏ ਦੇਸ਼ ਦਾ ਹੋਇਆ, ਉਹ ਘਰ ਮੁੜੇ ਨਾ ਮੁੜੇ।

ਪਹਾੜ ਕਟ ਕੇ ਉਹ ਰਸਤਾ ਬਣਾ ਰਿਹੈ,ਐ ਖ਼ੁਦਾ,
ਤੇਰੇ ਜਹਾਨ ਦੇ ਲੋਕੀਂ ਤਾਂ ਨੇ ਪਰੇ ਤੋਂ ਪਰੇ।

ਮੈਂ ਇਸ ਨੂੰ ਵਰਜ਼ ਰਿਹਾ ਹਾਂ ਮੈਂ ਇਸ ਨੂੰ ਟੋਕ ਰਿਹਾਂ,
ਯਕੀਨ ਓਸ ਤੇ ਕਰਨੋਂ ਇਹ ਹੁਣ ਹਟੇ ਨਾ ਹਟੇ।

ਉਹ ਹੁਣ ਤਾਂ ਆਖ ਰਿਹੈ ਅੰਤ ਤੀਕ ਨਾਲ ਰਹੂ,
ਬੁਰੇ ਸਮੇਂ 'ਚ ਐ ਰਾਣੇ, ਉਹ ਸੰਗ ਰਹੇ ਨਾ ਰਹੇ।



ਜਗਦੀਸ਼ ਰਾਣਾ

## ਮੁਬਾਇਲ

ਇੰਟਰਨੈੱਟ ਦਾ ਵੇਖੋ ਕਮਾਲ,
ਬੰਦਾ ਹੋ ਗਿਆ ਹਾਲ ਤੋਂ ਬੇਹਾਲ।
ਜਵਾਨੀ ਵੇਲੇ ਉਹ ਬੁੱਢਾ ਹੋਈ ਜਾਵੇ,
ਵਾਟਸਐਪ ਉਸਦਾ ਦਿਮਾਗ਼ ਚਲਾਵੇ।
ਮੁਬਾਇਲ ਉਸਨੂੰ ਕੁੱਬਾ ਕਰੀ ਜਾਵੇ,
ਫੇਸਬੁੱਕ ਦੀ ਲਾਠੀ ਬਿਨਾਂ ਉਸ ਤੋਂ ਚੱਲਿਆ ਨਾ ਜਾਵੇ।
ਪੂਰਾ ਪਰਿਵਾਰ ਬੈਠਾ ਅਪਣਾ ਅਪਣਾ ਮੁਬਾਇਲ ਚਲਾਵੇ,
ਘਰ ਜਾਪੇ ਸੁੰਨਾ, ਕਿਸੇ ਦੀ ਕੋਈ ਆਵਾਜ਼ ਨਾ ਆਵੇ।
ਤੜਕੇ ਉਠਕੇ ਗਰੁੱਪ ਵਿਚ ਗੁਡਮਾਰਨਿੰਗ ਦਾ ਮੈਸੇਜ ਪਾਵੇ,
ਫੇਰ ਵਾਟਸਐਪ ਤੇ ਫੇਸਬੁੱਕ ਤੇ ਪੋਸਟਾਂ ਪਾਵੇ,
ਸਾਰਾ ਸਾਰਾ ਦਿਨ ਲਾਇਕ ਕੁਮੈਂਟ ਕਿੰਨੇ ਆਏ ਬਸ ਇਹੋ ਵੇਖੀ ਜਾਵੇ।
ਸੌਣ ਤੋਂ ਪਹਿਲਾਂ ਵਾਟਸਐਪ ਤੇ ਫੇਸਬੁੱਕ ਤੇ ਇਕ ਪੰਛੀ ਨਜ਼ਰ ਘੁਮਾਵੇ,
ਫੇਰ ਗੁੱਡਨਾਈਟ ਦਾ ਮੈਸੇਜ ਪਾਕੇ ਬੰਦਾ ਸੌਣ ਨੂੰ ਜਾਵੇ।

ਸੂਰੀਆ ਕਾਂਤ ਵਰਮਾ

## ਕਵਿਤਾ

ਜੇ ਕੋਈ ਦਵੇ ਸਲਾਹ, ਆਖੀਏ ਸਤਿ ਬਚਨ
ਤੁਰੀਏ ਆਪਣੇ ਰਾਹ, ਆਖੀਏ ਸਤਿ ਬਚਨ

ਜਿੰਨੇ ਮੂੰਹ ਨੇ ਯਾਰੋ ਓਨੀਆਂ ਗੱਲਾਂ ਨੇ
ਕਰੀਏ ਨਾ ਪਰਵਾਹ, ਆਖੀਏ ਸਤਿ ਬਚਨ

ਬਣਦੇ ਢਹਿੰਦੇ ਰਹਿੰਦੇ ਪਹਾੜ ਰਾਈ ਦੇ
ਫ਼ੈਲੇ ਜੇ ਅਫ਼ਵਾਹ, ਆਖੀਏ ਸਤਿ ਬਚਨ

ਦਰਸੀਸਾਂ ਤੋਂ ਡਰੀਏ, ਹੋਈਏ ਗੁਨਹੇਗਾਰ
ਜੇਕਰ ਬੇ-ਗੁਨਾਹ, ਆਖੀਏ ਸਤਿ ਬਚਨ

ਜੇ ਮੁਹੱਬਤ ਕਰੀਏ, ਕਰੀਏ ਇਸ ਕਦਰ
ਯਾਰ ਜੇ ਮੰਗੇ ਸਾਹ, ਆਖੀਏ ਸਤਿ ਬਚਨ

ਖ਼ੁਦਾ ਖ਼ੁਦੀ ਮੇਂ ਕਹੀ ਸੁਣੀ 'ਤੇ ਜਾਈਏ ਨਾ
ਬਣੀਏ ਖ਼ੁਦ ਗਵਾਹ, ਆਖੀਏ ਸਤਿ ਬਚਨ

ਕਰੇ ਵਿਚਾਰ ਜੇ ਕੋਈ 'ਜਿੰਮੀ' ਗੱਲ ਕਰੀਏ
ਜੇ ਕੋਈ ਕਰੇ ਕੜਾਹ, ਆਖੀਏ ਸਤਿ ਬਚਨ

**ਜਿੰਮੀ ਅਹਿਮਦਗੜ੍ਹ**
8195907681

## ਕਵਿਤਾ

ਚੱਲੋ ਦੋਸਤੋ! ਰਲ ਸਕੂਲੇ ਜਾਈਏ
ਹੱਸੀਏ ਖੇਡੀਏ ਪੜੀਏ ਗਾਈਏ

ਵਿਛੜੇ ਦੋਸਤਾਂ ਨੂੰ ਜਦ ਮਿਲਾਂਗੇ
ਵਾਂਗਰ ਫ਼ੁੱਲਾਂ ਫਿਰ ਖਿੜਾਂਗੇ

ਵੱਡਿਆਂ ਦਾ ਸਤਿਕਾਰ ਕਰਾਂਗੇ
ਨਾਲ ਛੋਟਿਆਂ ਪਿਆਰ ਕਰਾਂਗੇ

ਸਦਾ ਅਨੁਸ਼ਾਸਨ ਨੂੰ ਅਪਣਾਵਾਂਗੇ
ਬੀਬੇ ਬੱਚੇ ਫਿਰ ਕਹਾਵਾਂਗੇ

ਵਿੱਚ ਅੱਧੀ ਛੁੱਟੀ ਨਾਲ ਦੋਸਤਾਂ
ਇਕ ਦੂਜੇ ਦੀ ਰੋਟੀ ਖਾਵਾਂਗੇ

ਲਾਇਬ੍ਰੇਰੀ ਦੇ ਵਿੱਚ ਬਹਿ ਸਾਰੇ
ਚੰਗੀਆਂ ਸੋਹਣੀਆਂ ਕਿਤਾਬਾਂ ਪੜਾਂਗੇ

ਖੇਡਾਂ ਦੇ ਪੀਰਿਅਡ ਵੇਲੇ
ਖੇਡ ਸਾਰੀ ਸੁਸਤੀ ਭਜਾਵਾਂਗੇ

ਖ਼ੂਬ ਸਾਰਾ ਪੜ ਲਿਖ ਕੇ
ਮੰਮੀ ਪਾਪਾ ਦਾ ਨਾਂ ਚਮਕਾਵਾਂਗੇ!



**ਡਾ. ਰਜਿੰਦਰ ਰੇਨੂੰ**

## ਕਵਿਤਾ

ਚੇਤਿਆਂ ਦੀ ਕੈਨਵਸ ਤੇ ਫੁੱਲ ਵਾਹਿਆ
ਤੇਰੇ ਹੱਥੀਂ ਕੱਢੀ ਫੁਲਕਾਰੀ ਦਾ
ਸ਼ੋਖ ਜਿਹਾ ਰੰਗ ਭਰਿਆ ਗਿਆ
ਤੇਰੇ ਦਿੱਤੇ ਸੂਟ ਨਸਵਾਰੀ ਦਾ
ਝਾਉਲਾ ਜਿਹਾ ਨਿੱਤ ਪੈਂਦਾ ਹੈ
ਤੇਰੀ ਨਿੱਘੀ ਸੂਰਤ ਪਿਆਰੀ ਦਾ

ਗਲ਼ੀ ਚ ਡੁਗਡੁਗੀ ਵੱਜਦੀ ਸੀ
ਮੈਨੂੰ ਰੋਕਣ ਲਈ ਤੂੰ ਗੱਜਦੀ ਸੀ
ਛੱਡ ਕਿਤਾਬਾਂ ਮੈਂ ਭੱਜਦੀ ਸੀ
ਦੇਖਣ ਲਈ ਖੇਲ ਮਦਾਰੀ ਦਾ
ਝਾਉਲਾ ਜਿਹਾ ਨਿੱਤ ਪੈਂਦਾ ਹੈ
ਤੇਰੀ ਨਿੱਘੀ ਸੂਰਤ ਪਿਆਰੀ ਦਾ

ਜਦ ਤੇਰੀਆਂ ਅੱਖਾਂ ਵੱਲ ਤੱਕਦੀ ਸੀ
ਤੂੰ ਚਾਦਰ ਕੱਢ ਦੀ ਨਾ ਥੱਕਦੀ ਸੀ
ਤੈਨੂੰ ਝੋਰਾ ਖਾਂਦਾ ਰਹਿੰਦਾ ਸੀ
ਮੇਰੇ ਵਿਆਹ ਦੇ ਦਾਜ ਦੀ ਤਿਆਰੀ ਦਾ
ਝਾਉਲਾ ਜਿਹਾ ਨਿੱਤ ਪੈਂਦਾ ਹੈ
ਤੇਰੀ ਨਿੱਘੀ ਸੂਰਤ ਪਿਆਰੀ ਦਾ

ਕੈਨਵਸ ਵੱਲ ਜਦ ਮੈਂ ਦੇਖਦੀਆਂ
ਅੱਸੂ ਦੀ ਧੁੱਪ ਦੇ ਨਿੱਘ ਵਾਂਗੂ
ਤੇਰੀ ਬੁੱਕਲ ਦੇ ਨਿੱਘ ਨੂੰ ਸੇਕਦੀਆਂ
ਅਹਿਸਾਸ ਕਰਾਉਂਦੇ ਬੋਲ ਤੇਰੇ
ਦਰੀਆਂ ਬੁਣਦੀ ਕਲਾਕਾਰੀ ਦਾ
ਝਾਉਲਾ ਜਿਹਾ ਨਿੱਤ ਪੈਂਦਾ ਹੈ
ਤੇਰੀ ਨਿੱਘੀ ਸੂਰਤ ਪਿਆਰੀ ਦਾ



**- ਨਿਰਲੇਪ ਕੌਰ ਸੇਖੋਂ**

## ਬਜ਼ਾਰ-ਏ-ਅਟਕਲ਼ਪੱਚੂ

ਵਿੱਚ ਸੱਥਾਂ ਦੇ ਗੱਲਾਂ ਇਹ ਚੱਲ ਰਹੀਆਂ
ਰਿਹਾ ਵਰਤ 'ਵਰਤਾਰਾ' ਮੱਕਾਰ ਦਾ ਜੀ।
'ਪੱਕੀ ਗੱਲ' ਕਹਿ ਕੋਈ 'ਨਿਬੇੜ' ਦੇਵੇ
ਜਿਹਦੇ ਤਾਂਈਂ ਯਕੀਨ 'ਗ੍ਰਿਫਤਾਰ' ਦਾ ਜੀ।
ਬਹੁਤੇ ਦੁਬਿਧਾ ਦੇ ਵਿੱਚ ਨੇ ਫਸੇ ਹੋਏ
ਸੱਚ ਮੰਨ ਲਿਆ ਕਿਸੇ 'ਫਰਾਰ' ਦਾ ਜੀ।
ਕੋਈ ਆਖਦਾ 'ਉੱਪਰੋਂ' ਹੁਕਮ ਆਇਆ
ਪਤਾ 'ਇੱਧਰਲੇ' ਮੈਨੂੰ ਇਨਕਾਰ ਦਾ ਜੀ।
ਫੇਸ-ਬੁੱਕ ਤਾਂ ਅਟਕਲ਼ਾਂ ਨਾਲ਼ ਭਰਦੀ
ਪੂਰ ਜੋਰ ਹੈ ਕੁਫਰ-ਪ੍ਰਚਾਰ ਦਾ ਜੀ।
ਗੇਲੂ ਪੁੱਛਦਾ ਸੁਣੀ ਬਖਤੌਰਿਆ ਉਏ
'ਸਿੱਕਾ' ਚੱਲਦਾ ਕਿਹੜੀ ਸਰਕਾਰ ਦਾ ਜੀ?



**ਤਰਲੋਚਨ ਸਿੰਘ 'ਦੁਪਾਲ ਪੁਰ'**
78146-92724

## ਕਵਿਤਾ

ਸਿੱਖਿਆ ਮੇਰੀ ਬੰਨ੍ਹ ਲੈ ਪੱਲੇ।
ਤੁਰਨਾ ਹੈ ਜਦ ਕਦ ਵੀ ਕੱਲੇ।
ਸੋਚ ਸਮਝਕੇ ਕਦਮ ਵਧਾਉਣੇ,
ਜੀਵਨ, ਮੁੰਦਰੀ ਨਗ ਹੁੰਦੀ ਏ।
ਧੀਏ ਨੀ ਇਹ ਯਾਦ ਤੂੰ ਰੱਖੀਂ,
ਧੀ ਬਾਬਲ ਦੀ ਪੱਗ ਹੁੰਦੀ ਏ।

ਕਾਬੂ ਰੱਖ ਲਈਂ ਵਲਵਲੇ ਮਨ ਦੇ
ਦੇਰ ਨਹੀਂ ਲੱਗਦੀ ਭਾਂਬੜ ਬਣਦੇ
ਉਸ ਥਾਂ ਜਾਣਾ ਭੁੱਲਕੇ ਵੀ ਨਾ
ਜਿਸ ਥਾਂ ਮੱਚਦੀ ਅੱਗ ਹੁੰਦੀ ਏ
ਧੀਏ ਨੀ ਇਹ ਯਾਦ ਤੂੰ ਰੱਖੀਂ
ਧੀ ਬਾਬਲ ਦੀ ਪੱਗ ਹੁੰਦੀ ਏ

ਚੜ੍ਹਦੀ ਉਮਰ ਅਣਭੋਲ ਹੈ ਹੋਵੇ
ਹੋਏ ਜਜ਼ਬਾਤੀ ਨਬਜ਼ ਨਾ ਟੋਹਵੇ
ਗੱਲੀਂ ਗੱਲੀਂ ਠੱਗ ਲੈਂਦੀ ਐ
ਦੁਨੀਆਂ ਚੰਦਰੀ ਠੱਗ ਹੁੰਦੀ ਏ
ਧੀਏ ਨੀ ਇਹ ਯਾਦ ਤੂੰ ਰੱਖੀਂ
ਧੀ ਬਾਬਲ ਦੀ ਪੱਗ ਹੁੰਦੀ ਏ

ਇਹ ਨਾ ਸੋਚੀਂ ਬੰਨ੍ਹਣ ਲਾਉਨਾਂ
ਮੈਂ ਤੇ ਤੇਰਾ ਭਲਾ ਹਾਂ ਚਾਹੁੰਨਾ
ਸੋਲਾਂ ਤੋਂ ਲੈ ਬਾਈ ਤਕ ਦੀ
ਉਮਰ ਬੜੀ ਲਾਈ ਲੱਗ ਹੁੰਦੀ ਏ
ਧੀਏ ਨੀ ਇਹ ਯਾਦ ਤੂੰ ਰੱਖੀਂ
ਧੀ ਬਾਬਲ ਦੀ ਪੱਗ ਹੁੰਦੀ ਏ

'ਬੋਪਾਰਾਏ' ਸੱਥ ਵਿੱਚ ਬਹਿਕੇ
ਮਾਣ ਕਰੇ ਤੇਰਾ ਨਾਂਅ ਲੈਕੇ
ਬਣਦੀ ਮਾਣ ਹੈ ਓਹ ਮਾਪਿਆਂ ਦਾ
ਧੀ ਜੋ ਸੁੱਘੜ ਸਲੱਗ ਹੁੰਦੀ ਏ
ਧੀਏ ਨੀ ਇਹ ਯਾਦ ਤੂੰ ਰੱਖੀਂ
ਧੀ ਬਾਬਲ ਦੀ ਪੱਗ ਹੁੰਦੀ ਏ



**ਭੁਪਿੰਦਰ ਸਿੰਘ ਬੋਪਾਰਾਏ**
97797-91442

## ਨਜ਼ਮ

ਰੂਹਾਂ ਤਾਂ ਬੇ-ਲਗਾਮ
ਹੁੰਦੀਆਂ ਨੇ ਆਪ-ਮੁਹਾਰੇ
ਹੱਦਾਂ-ਸਰਹੱਦਾਂ ਇਸ ਦੀਆਂ ਦੇਹਾਂ
ਦੇਹਾਂ ਦੀਆਂ ਗੁਲਾਮ ਰੂਹਾਂ !

ਰੂਹਾਂ, ਰੂਹਾਂ ਨੂੰ ਇਸ਼ਕ ਕਦੋਂ ਕਰਦੀਆਂ?
ਇਹ ਤਾਂ ਹੁਸਨ ਤੇ ਜੋਬਨ ਦੀਆਂ ਨੇ ਆਸ਼ਿਕ
ਇਹ ਬੁਢਾਪੇ ਤੇ ਕਰੂਪ ਤੇ ਕਦ ਮਰਦੀਆਂ?

ਕਾਮ ਦਾ ਵੇਗ, ਅਦਾ ਦਾ ਹੇਜ
'ਵਾ-ਵਰੋਲੇ ਦੀ ਤਰ੍ਹਾਂ ਗੁਜ਼ਰਦੇ ਜਦ
ਦਫ਼ਨ ਹੋ ਜਾਂਦੀਆਂ ਰੂਹਾਂ
ਅਨੰਤ ਅਨੰਦ ਦੀ ਚਰਮ ਸੀਮਾ ਛੂਹਣ ਲਈ !!
ਮੌਤ ਲਈ ਤੜਫਦੀਆਂ ਸਹਿਕਦੀਆਂ ਰੂਹਾਂ!!
ਕਬਰ ਨਾ ਚਿਖ਼ਾ!
ਸੰਭੋਗ ਤੋਂ ਸਮਾਧੀ!!
ਸਮਾਧੀ ਤੋਂ ਖ਼ਾਕ ਦਰ ਖ਼ਾਕ ਬਸ!!

ਕਰ ਰੂਹ ਦੀ ਮਹੁੱਬਤ
ਰੋਕਦਾ ਕੌਣ ਹੈ ਤੈਨੂੰ?
ਰੂਹਾਂ ਚਰਿੱਤਰਹੀਣ ਤਾਂ ਨਹੀਂ ਹੁੰਦੀਆਂ
ਰੂਹਾਂ ਤਰਕਹੀਣ ਵੀ ਨਹੀਂ ਹੁੰਦੀਆਂ
ਰੂਹਾਂ ਦੇ ਬਲਾਤਕਾਰ ਵੀ ਤਾਂ ਨਹੀਂ ਹੁੰਦੇ
ਰੂਹਾਂ ਦੇ ਗਰਭ ਵਿੱਚ ਨਹੀਂ ਪਲਦੇ
ਬੇ-ਹਯਾਈ ਦੇ ਸੰਤਾਪ 'ਬਾਲੀ'!
ਬੇ-ਵਫ਼ਾਈ ਦੇ ਪਾਪ ਖਿਆਲੀਂ!
ਰੂਹ ਦੇ ਅਰਥ ਵਰਤ ਕੇ
ਰੂਹ 'ਰੇਤਗੜ੍ਹ' ਨਾ-ਪਾਕਿ ਨਾ ਕਰ।



**ਬਾਲੀ ਰੇਤਗੜ੍ਹ**
+919465129168

## ਕੈਲੰਡਰ ਵਰਗੇ

ਚਿਰ ਤੋਂ ਲਟਕੇ ਓਸ ਕੈਲੰਡਰ ਵਰਗੇ ਹਾਂ
ਧੁੰਦਲੇ ਹੋ ਗਏ ਦਿਨ, ਮਹੀਨੇ, ਸਾਲ ਜ ?ਹੀਦੇ।

ਕਦੇ ਨਾਂ ਪਲਟੇ ਪੰਨੇਂ ਉਹ ਬੇਪ੍ਰਵਾਹਾਂ ਨੇ
ਸਾਥੀ ਬਣਗੇ ਅੱਜ ਮੱਕੜੀ ਦੇ ਜਾਲ ਜਹੀਦੇ।

ਕਦੇ ਨਾਂ ਪੂੰਝੇ ਗਰਦੇ ਓਹਨਾਂ ਤਰੀਕਾਂ ਤੋਂ
ਦੀਪ ਸੈਂਪਲਿਆ ਵਧਦੀਆਂ ਸੀ ਨਾਲ ਜਹੀਦੇ।

ਓਹਨੂੰ ਖ਼ਬਰ ਨੀ ਲੰਘ ਗਈ ਕੈਦੀ ਹੋਈਆਂ ਦੀ
ਹਾਲੇ ਵੀ ਨਾਂ ਰਹਾ ਨੀ ਕਰਦੇ ਕਾਲੇ ਵਾਲ ਜਹੀਦੇ।

ਕਦੇ ਓਹਨੇ ਕਰੇ ਸੀ ਜਵਾਬ ਵੀ ਦੇਣੇ ਓਸੇ ਨੂੰ
ਅੱਖ ਦੇ ਵਿਚ ਰੜਕਣ ਅੱਜ ਵੀ ਸਵਾਲ ਜਹੀਦੇ।

ਓਹਦੇ ਬੋਲ ਸੁਣੇ ਬਿਨ ਮੌਤ ਵੀ ਆਉਣੀ ਨਈਂ
ਬੁੱਲਾਂ ਨੂੰ ਅੱਜ ਲੱਗਿਆ ਪਿਆ ਜੰਗਾਲ ਜਹੀਦੇ।

ਓਹ ਨੀ ਗਾਉਂਦੀ ਗੀਤ ਅਸਾਂ ਦੇ ਪਿਆਰਾਂ ਦੇ
ਹੋਰਾਂ ਦੇ ਨਾਲ ਮਿਲ ਗਏ ਸੁਰ ਤੇ ਤਾਲ ਜਹੀਦੇ।

ਜੋ ਮਿਲੇ ਬਿਨ ਹੋ ਖਾਮੋਸ਼ ਜਹੀ ਲੰਘ ਜਾਂਦੀ
ਬੁੱਲਾਂ ਤੇ ਰਹਿੰਦੀ ਸੀ ਮੋਹ ਭਿੱਜੀ ਗਾਲ ਜਹੀਦੇ।

ਓਹਨੂੰ ਸਾਡਾ ਦੁੱਖ ਦਰਦ ਕਦੇ ਪੁੱਛਿਆ ਨਾਂ
ਸੱਚੀਂ ਲੋਕੀ ਪੁੱਛਦੇ ਰਹਿੰਦੇ ਸਾਨੂੰ ਹਾਲ ਜਹੀਦੇ।

**ਗੀਤਕਾਰ ਦੀਪ ਸੈਂਪਲਾਂ**
6283087924

## ਨਸ਼ਿਆਂ ਨੇ

ਕਿਸੇ ਥਾਂ, ਜੋਗਾ ਨਾ ਛੱਡਿਆ,
ਛੱਡਿਆ ਨਸ਼ਿਆਂ ਨੇ।
ਕਰਿਆ ਤਬਾਹ ਬੜਾ,
ਨਸ਼ਿਆਂ ਦਿਆਂ ਅੱਡਿਆਂ ਨੇ।

ਪੱਤ ਆਪਣੇ ਮਾਪਿਆਂ ਦੀ,
ਕਈ ਰੋਲੀ ਜਾਂਦੇ ਨੇ।
ਨਸ਼ੇ ਕਰਨ ਖ਼ਾਤਰ ਕਈ,
ਕਈ ਬਣਾ ਟੋਲੀ ਜਾਂਦੇ ਨੇ।

ਖਾਧੇ ਪੀਤੇ ਵਿਚ ਹੋਸ਼ ਨਹੀਂ ਰਹਿੰਦਾ,
ਕੀ ਕੁੱਝ ਬੋਲੀ ਜਾਂਦੇ ਨੇ।
ਕਰ ਨਸ਼ੇ ਕਈ, ਕਈ ਕਿਸਮਾਂ ਦੇ,
ਜ਼ਹਿਰ ਜ਼ਿੰਦਗੀ ਵਿਚ ਆਪਣੀ,
ਨਿੱਤ ਘੋਲੀ ਜਾਂਦੇ ਨੇ।

ਆਸਾਂ, ਉਮੀਦਾਂ ਉੱਤੇ,
ਕਈ ਪਾਣੀ ਫੇਰ ਦਿੰਦੇ।
ਘਰੋਂ ਚੁਰਾ ਕੇ ਕਈ ਕੁਝ,
ਲੱਗਾ ਕਰਿੰਦਿਆਂ ਕੋਲ ਢੇਰ ਦਿੰਦੇ।

ਨਸ਼ਿਆਂ ਖ਼ਾਤਰ ਕਈ,
ਨਿੱਤ ਹੀ ਲੁੱਟਾਂ ਖੋਹਾਂ ਕਰਦੇ ਨੇ।
ਲੁੱਟ ਖੋਹ ਕਰਕੇ ਇਹ,
ਮਾਰਨੋਂ ਵੀ ਨਾ ਡਰਦੇ ਨੇ।

ਹਰ ਵੇਲੇ ਕਿਸੇ ਨਾ ਕਿਸੇ ਦਾ,
ਕਰਦੇ ਨਿੱਤ ਨੁਕਸਾਨ ਰਹਿੰਦੇ।
ਇਨ੍ਹਾਂ ਦੇ ਕਾਰਿਆਂ ਤੋਂ,
ਕਈ ਹੈਰਾਨ, ਪ੍ਰੇਸ਼ਾਨ ਰਹਿੰਦੇ।



**ਸਰਬਜੀਤ ਸੰਗਰੂਰਵੀ**
9463162463

## ਕਵਿਤਾ

ਆਓ ਸਿੱਖੀਏ ਕਿਤਾਬਾਂ 'ਚੋਂ
ਦੁਨੀਆਂ ਦੇ ਵਿਚ ਆਓ ਦੋਸਤੋ
ਆਪਾਂ ਮਹਿਕਾਂ ਖਿਲਾਰੀਏ।
ਪਿਆਰ ਦੀ ਭੱਠੀ ਦੇ ਵਿੱਚ,
ਆਓ ਆਪਾਂ ਨਫ਼ਰਤ ਜਲਾਈਏ।
ਸਹਿਮੀ ਸਹਿਮੀ ਹਵਾ ਵਗੇ ਪਈ,
ਆਪਣੇ ਆਪਣੇ ਖ਼ਾਬਾਂ ਵਿਚੋਂ,
ਅਪਣੱਤ, ਮੁਹੱਬਤ, ਪਿਆਰ ਦੀ ਗੱਲ,
ਆਓ ਸਿੱਖੀਏ ਕਿਤਾਬਾਂ 'ਚੋਂ।
ਜ਼ਿੰਦਗੀ ਕਿਸ ਤਰ੍ਹਾਂ ਜਿਉਣੀ,
ਆਓ ਆਪਾਂ ਸਿੱਖੀਏ ਦੁਨੀਆਂ 'ਚੋਂ।
ਮਾੜੇ ਵਿਚਾਰ ਤੇ ਈਰਖਾ ਨੂੰ ਵੀ,
ਆਓ ਆਪਾਂ ਕੱਢੀਏ ਦੁਨੀਆਂ 'ਚੋਂ।
ਜਿਹੜਾ ਦੋਸਤੋ ਦੂਜਿਆਂ ਨਾਲ
ਈਰਖਾ ਹੈ ਕਰਦਾ ਰਹਿੰਦਾ,
ਜ਼ਿੰਦਗੀ ਵਿੱਚ ਖ਼ੁਸ਼ ਕਦੇ ਵੀ
ਨਾ ਉਹ ਰਹਿੰਦਾ।



**ਰਾਜਿੰਦਰ ਰਾਣੀ**

## ਅਰਦਾਸ...

ਰੱਬਾ ਰੱਬਾ ਰਹਿਮਤਾਂ ਦਾ ਮੀਂਹ ਵਰਸਾ,
ਡੁੱਬ ਚਲੇ ਅਸੀਂ ਹੱਥ ਦੇ ਤੂੰ ਬਚਾ।
ਗਲਤੀਆਂ ਗੁਨਾਹਾਂ ਨਾਲ ਭਰੇ ਹੋਏ ਹਾਂ,
ਸਾਡੀਆਂ ਭੁੱਲਾਂ ਨੂੰ ਆਪੇ ਤੂੰ ਬਖਸ਼ਾ।
ਰੱਬਾ ਰੱਬਾ.....
ਚੰਗੇ ਕੋਈ ਕੰਮ ਅਸੀਂ ਕੀਤੇ ਨਹੀਂ ਏ,
ਜੱਗ ਜਿੱਤੇ ਮਨ ਅਸੀਂ ਜਿੱਤੇ ਨਹੀਂ ਏ।
ਮੇਰਾ ਮੇਰਾ ਕਹਿ ਕੇ ਸੱਭ 'ਕੱਠਾ ਕਰਿਆ,
ਤੇਰਾ ਤੇਰਾ ਕਹਿਣਾ ਹਜੇ ਸਿੱਖੇ ਨਹੀਂ ਏ।
ਹੱਥ ਜੋੜ ਤੇਰੇ ਅੱਗੇ ਅਰਜ਼ ਗੁਜ਼ਾਰਾ,
ਕਰਮਾਂ ਦਾ ਦੰਡ ਹੁਣ ਬੜਾ ਲਿਆ ਪਾ।
ਰੱਬਾ ਰੱਬਾ......
ਕਹਿੰਦੇ ਨੇ ਕਬੂਲ ਸੱਚੀ ਦੁਆ ਹੁੰਦੀ ਹੈ,
ਸਬਰਾਂ ਦੇ ਭਾਂਡੇ ਖੈਰ ਪੁਆ ਹੁੰਦੀ ਹੈ।
ਮਿਲ ਜਾਵੇ ਇਹੋ ਜਿਹੀ ਦੌਲਤ ਅਮੁੱਲੀ,
ਫੇਰ ਕਾਹਨੂੰ ਸੱਜਣਾਂ ਗੁਆ ਹੁੰਦੀ ਹੈ।
ਨਿਮਾਣਿਆਂ ਦਾ ਮਾਣ ਤੇ ਨਿਤਾਣਿਆਂ ਦਾ ਤਾਣ ਤੂੰ,
ਭੁੱਲੇ ਭਟਕਿਆਂ ਨੂੰ ਸਹੀ ਰਾਹ ਤੂੰ ਦਿਖਾ।
ਰੱਬਾ ਰੱਬਾ......
ਕਰਨ ਲਈ ਤਰੱਕੀ ਅਸੀਂ ਹੱਦਾਂ ਟੱਪ ਗਏ,
ਆਪੋ ਆਪਣਾ ਹੀ ਏਥੇ ਝੰਡਾ ਗੱਡ ਗਏ।
ਆਏ ਨੇ ਕੁਦਰਤੀ ਕਹਿਰ ਜਦੋਂ ਵੀ,
ਹੰਕਾਰ ਵਾਲਾ ਸਾਡਾ ਉਹ ਕੰਡਾ ਕੱਢ ਗਏ।
ਵਿਛੜੇ ਹੋਇਆਂ ਨੂੰ ਹੁਣ ਸੱਚੇ ਪਾਤਸ਼ਾਹ,
ਆਪਣਿਆਂ ਚਰਨਾਂ ਦੇ ਨਾਲ ਤੂੰ ਲਗਾ।
ਰੱਬਾ ਰੱਬਾ ਰਹਿਮਤਾਂ ਦਾ ਮੀਂਹ ਵਰਸਾ,
ਡੁੱਬ ਚਲੇ ਅਸੀਂ ਹੱਥ ਦੇ ਤੂੰ ਬਚਾ।



**ਮਨਜੀਤ ਕੌਰ ਧੀਮਾਨ**
9464633059

## ਗ਼ਜ਼ਲ

ਜੋ ਘਰ ਦੇ ਵਿੱਚ ਸਮਝੇ ਨਾ ਤੀਵੀਂ ਦੀ ਲੋੜ,
ਉਹ ਆਪਣੇ ਘਰ ਨੂੰ ਆਪੇ ਲੈਂਦਾ ਆ ਤੋੜ।
ਉਸ ਤੀਵੀਂ ਦਾ ਸਾਰੇ ਕਰਦੇ ਨੇ ਸਤਿਕਾਰ,
ਜੋ ਆਪਣੇ ਘਰ ਨੂੰ ਰੱਖੇ ਹਰ ਹੀਲੇ ਜੋੜ।
ਉਸ ਧੀ ਦਾ ਪਿੱਛਾ ਕਰਦਾ ਏ ਯਾਰੋ ਕੌਣ,
ਜੋ ਘਰ ਛੱਡ ਭੱਜ ਜਾਵੇ ਮਾਂ-ਪਿਉ ਦਾ ਦਿਲ ਤੋੜ।
ਵੱਢ ਕੇ ਉਨ੍ਹਾਂ ਨੂੰ ਐਵੇਂ ਖ਼ੁਸ਼ ਨਾ ਹੋਈ ਜਾਉ,
ਰੁੱਖਾਂ ਦੀ ਪੈਂਦੀ ਹੈ ਸਦਾ ਬੰਦੇ ਨੂੰ ਲੋੜ।
ਜਿਉਂਦੇ ਮਾਂ-ਪਿਉ ਦੀ ਕਰ ਲਉ ਰੱਜ ਕੇ ਤੁਸੀਂ ਸੇਵਾ,
ਮਰਿਆਂ ਨੂੰ ਫਿਰ ਕੋਈ ਲਿਆ ਨ੍ਹੀ ਸਕਦਾ ਮੋੜ।
ਉੱਨੇ ਜ਼ਿਆਦਾ ਪੱਕੇ ਹੋ ਜਾਂਦੇ ਨੇ ਪੈਰ,
ਰਾਹ ਦੇ ਵਿੱਚ ਜਿੰਨੇ ਜ਼ਿਆਦਾ ਹੁੰਦੇ ਨੇ ਰੋੜ।
ਇੱਕ ਦਿਨ ਉਹਨਾਂ ਨੇ ਤੇਰਾ ਕਰਨਾ ਬੁਰਾ ਹਾਲ,
ਐਵੇਂ ਖ਼ੁਸ਼ ਨਾ ਹੋ ਘਰ ਮਜ਼ਦੂਰਾਂ ਦੇ ਤੋੜ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਚੈਨਲਾਂ ਵਾਲੀ ਕੋਠੀ**
**ਨਵਾਂ ਸ਼ਹਿਰ-9915803554**



## ਇਹ ਕੈਸਾ ਮੰਜ਼ਰ

ਆਪਣੇ ਹਿੱਸੇ ਦੀ ਦੁਨੀਆਂ ਦਾ,
ਮੈਂ ਸਿਕੰਦਰ ਹਾਂ,
ਆਪਣੇ ਹਿੱਸੇ ਦੀ ਦੁਨੀਆਂ ਦਾ,
ਤੂੰ ਸਿਕੰਦਰ ਹੈ,
ਫੇਰ ਪ੍ਰਿੰਸ ਨਿਮਾਣਿਆ ਕਿਉਂ ਫਸਦਾਂ,
ਵਿੱਚ ਤੇਰੀ ਮੇਰੀ ਦੇ,
ਨਾ ਤੇਰੀ ਧਰਤੀ ਹੈ,
ਨਾ ਮੇਰਾ ਅੰਬਰ ਹੈ,

ਕੋਈ ਖ਼ਾਕ ਏ ਸਪੁਰਦ ਇੱਥੇ,
ਕੋਈ ਅਗਨਿ ਦੇ ਅੰਦਰ ਹੈ,
ਸੱਚ ਦੇ ਲਈ ਸੂਲ ?ੀ ਹੈ,
ਇੱਥੇ ਝੂਠ ਕਲੰਦਰ ਏ,
ਨਫ਼ਰਤ ਹੈ ਪਿਆਰਾਂ ਵਿੱਚ,
ਇਹ ਕੈਸਾ ਮੰਜ਼ਰ ਹੈ,
ਨਾ ਤੇਰੀ ਧਰਤੀ ਹੈ,
ਨਾ ਮੇਰਾ ਅੰਬਰ ਹੈ,



**ਰਣਬੀਰ ਸਿੰਘ 'ਪ੍ਰਿੰਸ'**
9872299613

## ਗੱਲਾਂ

ਸੱਜਣ ਤੇਰੀਆਂ ਸਾਰੀਆਂ ਗੱਲਾਂ
ਲੱਗਣ ਬਹੁਤ ਪਿਆਰੀਆਂ ਗੱਲਾਂ
ਕੁਝ ਫੁੱਲਾਂ ਤੋਂ ਹੌਲ਼ੀਆਂ ਜਾਪਣ
ਕੁਝ ਪਰਬਤ ਤੋਂ ਭਾਰੀਆਂ ਗੱਲਾਂ
ਤੂੰ ਜੋ ਨੈਣਾਂ ਦੇ ਨਾਲ ਕਹੀਆਂ
ਸਾਨੂੰ ਮਾਖਿਓ ਮਿਠੀਆਂ ਲੱਗਣ
ਦੁਨੀਆਂ ਲਈ ਜੋ ਖਾਰੀਆਂ ਗੱਲਾਂ
ਮੈਲ਼ੀ ਅੱਖ ਨਾਲ ਤੱਕੀ ਨਾ ਵੇ
ਹਾਲੇ ਕੱਚ ਕੁਆਰੀਆਂ ਗੱਲਾਂ
ਵਿਚ ਘਰਾਂ ਦੇ ਪਾਉਣ ਖਿਲਾਰੇ
ਘਰ ਤੋਂ ਬਾਹਰ ਖਿਲਾਰੀਆਂ ਗੱਲਾਂ
ਬੰਦਿਆਂ ਤਾਂਈਂ ਭੇਡ ਬਨਾਵਣ
ਲੀਡਰਾਂ ਵਲੋਂ ਚਾਰੀਆਂ ਗੱਲਾਂ
ਨਿੱਕੇ ਹੁੰਦੇ ਮਾਂ ਨੇ ਕਹੀਆਂ
ਜਾਣ ਨਾ ਮਨੋਂ ਵਿਸਾਰੀਆਂ ਗੱਲਾਂ
ਉਸ ਦੇ ਦਰ ਦਾ ਭੇਦ ਨਾ ਜਾਨਣ
ਹਉਮੈ ਨਾਲ ਸ਼ਿੰਗਾਰੀਆਂ ਗੱਲਾਂ



**ਸੋਨੂੰ ਮੰਗਲ਼ੀ**
8194958011

## ਸਾਡਾ ਸਕੂਲ

ਮੰਮੀ ਮੰਮੀ ਜੀ ਸਾਡੇ ਸਕੂਲੇ,
ਸੋਹਣੇ ਸੋਹਣੇ ਲਾਏ ਝੂਲੇ।
ਛੁੱਟੀ ਹੋਈ ਤੋਂ ਬੱਚੇ ਸਾਰੇ,
ਖੇਡ ਖੇਡ ਕੇ ਲੈਣ ਨਜ਼ਾਰੇ।
ਸੋਹਣਾ ਹੈ ਸਕੂਲ ਸਜਾਇਆ,
ਕਿਸੇ ਦਾਨੀ ਨੇ ਹਿੱਸਾ ਪਾਇਆ।
ਨਾਲੇ ਵਧੀਆ ਹੋਵੇ ਪੜ੍ਹਾਈ,
ਕੰਧਾਂ ਉੱਤੇ ਕਰੀ ਲਿਖਾਈ।
ਇੱਕ ਕਾਰਟੂਨ ਬਣਾਇਆ,
ਮੋਢੇ ਉਸ ਦੇ ਬਸਤਾ ਪਾਇਆ।
ਸਭ ਨੂੰ ਉਹ ਸਮਝਾਈ ਜਾਵੇ,
ਸਕੂਲ ਦੀ ਵਰਦੀ ਪਾਈ ਜਾਵੇ।
ਵਿੱਦਿਆ ਸਭ ਤੋਂ ਉੱਤਮ ਦਾਨ,
ਬੱਚਿਓ ਪੜ੍ਹਕੇ ਬਣੋ ਮਹਾਨ।
ਟੀਚਰ ਸਾਨੂੰ ਪਿਆਰ ਨੇ ਕਰਦੇ,
ਸਾਰੇ ਬੱਚੇ ਵਧੀਆ ਪੜ੍ਹਦੇ।
ਇੱਕ ਪਾਸੇ ਪਾਰਕ ਬਣਾਇਆ,
ਮਾਲੀ ਉਸ ਨੂੰ ਬਹੁਤ ਸਜਾਇਆ।
ਕੀ ਕੀ ਮੰਮੀ ਹੋਰ ਮੈਂ ਦੱਸਾਂ,
ਪੀਲੇ ਰੰਗ ਦੀਆਂ ਨੇ ਬੱਸਾਂ।
ਸਭ ਤੋਂ ਸੋਹਣਾ ਮੇਰਾ ਸਕੂਲ,
ਪੱਤੋ, ਜਿੱਥੋਂ ਸਿੱਖੇ ਅਸੂਲ।

**ਹਰਪ੍ਰੀਤ ਪੱਤੋ**
94658-21417

## ਕਵਿਤਾ

ਅੱਜ ਫੇਰ ਤੇਰੀ ਕੋਈ ਕਰਾਮਾਤ ਹੋਈ ਏ,
ਅੱਜ ਫੇਰ ਬਿਨਾ ਦੱਸੇ ਬਰਸਾਤ ਹੋਈ ਏ।

ਤਪੇ ਹੋਏ ਹਾਲਾਤ ਫੇਰ ਠੰਢੇ ਕਰ ਦਿੱਤੇ,
ਫੁੱਲ ਕਮਲ ਦੇ ਸੀ ਪਰ ਕੰਡੇ ਕਰ ਦਿੱਤੇ।

ਸ਼ਕਲਾਂ ਦੇ ਉੱਪਰ ਦਾ ਰੰਗ ਉੱਤਰ ਗਿਐ,
ਕਈ ਗੱਲਾਂ ਨੂੰ ਲੱਗਿਆ ਜੰਗ ਉਤਰ ਗਿਐ।

ਹਵਾਵਾਂ ਨੇ ਸਮੇਟ ਲਈਆਂ ਸਭ ਗਲਤੀਆਂ,
ਕਿਨੀਆਂ ਠਾਰ ਦਿੱਤੀਆਂ ਜਲਦੀਆਂ ਬਸਤੀਆਂ।

ਅੰਗਾਰਿਆਂ ਦੀ ਝੜੀ ਵਿੱਚ ਨੱਚਦਾ ਮੋਰ ਹੈ,
ਗੁਲਾਬਾਂ ਦੀਆਂ ਪੱਤੀਆਂ ਦਾ ਕੋਈ ਨਵਾਂ ਚੋਰ ਹੈ।

ਬੱਦਲਾਂ ਨੂੰ ਨਾ ਸੁਨੇਹਾ ਲਾਇਆ ਦੌੜੇ ਆਏ ਨੇ,
ਪਤਾਸੇ ਮੰਗੇ ਸੀ ਮਿੱਠੇ ਪਰ ਪੱਲੇ ਕੌੜੇ ਆਏ ਨੇ।

ਤਾਰਿਆਂ ਦੀ ਲੁਕਣ-ਮੀਟੀ ਹੁਣ ਦਿਲ ਜ਼ਰਦਾ ਨਹੀ,
ਯੁੱਗ ਨੂੰ ਪਲਟਣ ਵਾਲਾ ਬੁਖਾਰ ਨਾਲ ਮਰਦਾ ਨਹੀਂ।

ਢੋਲ ਦੀ ਥਾਪ ਸੁਣਾ ਤਾਂ ਮੈਂ ਨੱਚਣ ਲੱਗ ਜਾਵਾਂ,
ਜੇ ਸੱਜਣ ਦਿਖ ਜਾਵੇ ਤਾਂ ਮੱਚਣ ਲੱਗ ਜਾਵਾਂ।

ਸ਼ੋਰ ਅਸਮਾਨੀ ਬਿਜਲੀ ਕੜਕਦੀ ਦਾ ਅਵੱਲਾ ਏ,
ਹਿੰਮਤ ਇਕੱਠੀ ਕਰ ਕੇ ਕਰਨਾ ਖੁਦ ਤੇ ਹੱਲਾ ਏ।

ਨੂਰਕਮਲ ਓਏ ਲਿਖਦੇ ਦੀ ਤੁੱਕ ਗਵਾਚ ਗਈ,
ਸ਼ਾਇਦ ਮੇਰੀ ਤਾਂ ਬਹਾਰਾਂ ਵਾਲੀ ਰੁੱਤ ਗਵਾਚ ਗਈ।

**ਨੂਰਕਮਲ**

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD